
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 24
September 21, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਪਹਿਲਾਂ ਵੀ ਕਾਨੂੰਨ ਤੋੜ ਚੁੱਕਾ ਸੀ ਨਿਊਯਾਰਕ ਧਮਾਕੇ ਦਾ ਦੋਸ਼ੀ

**ਨਿਊਯਾਰਕ (ਬਿਊਰੋ)–** ਨਿਊਯਾਰਕ ਅਤੇ ਨਿਊਜਰਸੀ ਵਿਚ ਬੀਤੇ ਹਫਤੇ ਹੋਏ ਬੰਬ ਧਮਾਕਿਆਂ ਦੇ ਸਿਲਸਿਲੇ ਵਿਚ ਪੁਲਿਸ ਨੇ ਅਫਗਾਨ ਮੂਲ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਵਿਅਕੀ ਦੀ ਪਛਾਣ 28 ਸਾਲ ਦੇ ਅਹਿਮਦ ਖਾਨ ਰਾਹਾਮੀ ਵਜੋਂ ਹੋਈ ਹੈ। ਹਿਰਾਸਤ ਵਿਚ ਲਏ ਜਾਣ ਤੋਂ ਪਹਿਲਾਂ ਪੁਲਿਸ ਅਤੇ ਇਸ ਵਿਅਕਤੀ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿਚ ਪੁਲਿਸ ਅਧਿਕਾਰੀ ਸਮੇਤ ਦੋਸ਼ੀ ਵੀ ਜ਼ਖਮੀ ਹੋ ਗਿਆ ਸੀ। ਰਾਹਾਮੀ ਹਾਲੇ ਹਸਪਤਾਲ ਵਿਚ ਹੈ। ਉਸ 'ਤੇ ਬੰਬ ਧਮਾਕਿਆਂ ਦੇ ਸਬੰਧ ਵਿਚ ਹੋਰ ਵੀ ਦੋਸ਼ ਲਗਾਏ ਜਾ ਸਕਦੇ ਹਨ। ਰਹਾਮੀ ਇਕ ਅਮਰੀਕੀ ਨਾਗਰਿਕ ਹੈ। ਉਹ ਪੰਜ ਫੁੱਟ ਛੇ ਇੰਚ ਲੰਮਾ ਅਤੇ ਉਸਦਾ ਵਜਨ 90 ਕਿਲੋ ਹੈ। ਰਹਾਮੀ ਨਿਊਜਰਸੀ ਦੇ ਫ੍ਰਾਈਡ ਚਿਕਨ ਰੈਸਟੋਰੈਂਟ ਵਿਚ ਆਪਣੇ ਪਰਿਵਾਰ ਵਾਲਿਆਂ ਨਾਲ ਕੰਮ ਕਰਦਾ ਸੀ।

ਉਹ ਆਪਣੇ ਪਰਿਵਾਰ ਨਾਲ ਨੇਵਾਰਕ ਦੇ ਅੰਤਰ ਰਾਸ਼ਟਰੀ ਹਵਾਈ ਅੱਡੇ ਤੋਂ ਕੁਝ ਕਿਲੋਮੀਟਰ ਦੂਰੀ ਤੇ ਰਹਿੰਦਾ ਸੀ। ਰਹਾਮੀ ਦੇ ਕੋਲ ਆਉਣ ਵਾਲੇ ਇਕ ਗਾਹਕ ਨੇ ਦੱਸਿਆ ਕਿ ਉਹ ਦੋਸਤਾਨਾ ਰਵੱਈਆ ਰੱਖਣ ਵਾਲਾ ਲੜਕੀ ਸੀ ਪਰ ਉਸਨੂੰ ਨਹੀਂ ਪਤਾ ਸੀ ਕਿ ਉਹ ਅਜਿਹੇ ਕੰਮ ਵੀ ਕਰਦਾ ਹੈ।

ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ ਸਾਲ 2014 ਵਿਚ ਇਕ ਘਰੇਲੂ ਝਗੜੇ ਵਿਚ ਇਕ ਆਦਮੀ ਦੇ ਪੈਰ 'ਤੇ ਵਾਰ ਕਰਨ ਦੇ ਮਾਮਲੇ ਵਿਚ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ।

## ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਵਧਿਆ ਅੰਮ੍ਰਿਤਸਰ-ਨਨਕਾਣਾ ਸਾਹਿਬ ਬੱਸ ਬੰਦ

**ਵਾਹਗਾ ਬਾਰਡਰ (ਬਿਊਰੋ)–** ਪਾਕਿਸਤਾਨ ਵਿਖੇ ਸਥਿਤ ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਲਈ ਪਿਛਲੇ ਸਮੇਂ ਤੋਂ ਚਲਾਈ ਜਾ ਰਹੀ ਅੰਮ੍ਰਿਤਸਰ-ਸ੍ਰੀ ਨਨਕਾਣਾ ਸਾਹਿਬ ਬੱਸ ਸੇਵਾ ਭਾਰਤ ਤੋਂ ਪਾਕਿਸਤਾਨ ਨਹੀਂ ਗਈ। ਸਰਕਾਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਮ ਦਿਨਾਂ ਵਾਂਗ ਹਫ਼ਤੇ 'ਚ ਦੋ ਵਾਰੀ ਅੰਮ੍ਰਿਤਸਰ ਤੋਂ ਬੱਸ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਲਈ ਰਵਾਨਾ ਹੋਣੀ ਸੀ ਪ੍ਰੰਤੂ ਭਾਰਤ ਸਥਿਤ ਪਾਕਿਸਤਾਨ ਦੂਤਘਰ ਵੱਲੋਂ ਭਾਰਤ-ਪਾਕਿਸਤਾਨ ਦੇਸ਼ਾਂ ਦਰਮਿਆਨ ਵਧੇ ਤਣਾਅ ਨੂੰ ਮੁੱਖ ਰਖਦਿਆਂ ਭਾਰਤੀ ਡਰਾਈਵਰਾਂ ਨੂੰ ਵੀਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਪ੍ਰਾਪਤ ਹੈ ਕਿ ਆਉਣ ਵਾਲੇ ਸ਼ੁੱਕਰਵਾਰ ਤੱਕ ਨਨਕਾਣਾ ਸਾਹਿਬ ਜਾਣ ਵਾਲੇ ਡਰਾਈਵਰਾਂ ਅਤੇ ਹੋਰ ਮੈਂਬਰਾਂ ਨੂੰ ਵੀਜ਼ਾ ਮਿਲ ਜਾਵੇਗਾ ਤੇ ਫਿਰ ਆਮ ਵਾਂਗ ਇਹ ਬੱਸ ਭਾਰਤ ਤੋਂ ਪਾਕਿਸਤਾਨ ਜਾਇਆ ਕਰੇਗੀ। ਦੱਸਣਯੋਗ ਹੈ ਕਿ ਪਾਕਿਸਤਾਨ ਟੂਰਿਜ਼ਮ ਦੀ ਬੱਸ ਸ੍ਰੀ ਨਨਕਾਣਾ ਸਾਹਿਬ ਤੋਂ ਭਾਰਤ ਪਹੁੰਚ ਗਈ ਸੀ।




## ਬੇ-ਏਰੀਆ ਸਪੋਰਟਸ ਕਲੱਬ ਨੇ ਜਿੱਤਿਆ ਯੁਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ




ਸ. ਅਮੋਲਕ ਸਿੰਘ ਗਾਖਲ (ਸਰਪ੍ਰਸਤ), ਮੱਖਣ ਸਿੰਘ ਬੈਂਸ (ਚੇਅਰਮੈਨ), ਸ. ਇਕਬਾਲ ਸਿੰਘ ਗਾਖਲ (ਵਾਈਸ ਚੇਅਰਮੈਨ) ਅਤੇ ਬਲਵੀਰ ਸਿੰਘ ਭਾਟੀਆ (ਪ੍ਰਧਾਨ) ਵੱਲੋਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀ ਸਫਲਤਾ ਲਈ ਸਾਰੇ ਹੀ ਖਿਡਾਰੀਆਂ, ਸਪਾਂਸਰਜ਼, ਦਰਸ਼ਕਾਂ ਅਤੇ ਹੋਰ ਸਹਿਯੋਗੀ ਸੱਜਣਾਂ ਦਾ ਯੂਨਾਈਟਿਡ ਸਪੋਰਟਸ ਕਲੱਬ (ਕੈਲੇਫੋਰਨੀਆ) ਤਹਿ ਦਿਲੋਂ ਧੰਨਵਾਦ ਕਰਦੀ ਹੈ।


**ਕਬੱਡੀ ਕੱਪ ਦੀਆਂ ਝਲਕੀਆਂ ਦੇਖੋ ਸਫਾ 2, 11 ਤੋਂ 14 ਤੱਕ ਅਤੇ ਰਿਪੋਰਟ ਪੜ੍ਹੋ ਸਫਾ 4 'ਤੇ।**


## ਗੁਰੂ ਘਰਾਂ ਦੀਆਂ ਸਮੱਸਿਆਵਾਂ ਅਤੇ ਹੱਲ ਉਤੇ ਫੇਅਰਫੀਲਡ 'ਚ ਸੈਮੀਨਾਰ ਕਰਵਾਇਆ

**ਫੇਅਰਫੀਲਡ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਸੋਲਾਨੋ, ਨੈਪਾ ਕਾਉਂਟੀ ਦੀ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਪੰਜਾਬੀ-ਅਮੈਰਿਕਨ ਕਲਚਰਲ ਐਸੋਸੀਏਸ਼ਨ (ਪੈਕਾ) ਵੱਲੋਂ ਗੁਰੂ ਘਰਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਬਾਰੇ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿਚ ਵੱਖ ਵੱਖ ਮੁੱਦਿਆਂ 'ਤੇ ਵਿਚਾਰਾਂ ਹੋਈਆਂ, ਜਿਹਨਾਂ ਵਿਚ ਖਾਸ ਤੌਰ 'ਤੇ ਗੁਰੂ ਘਰਾਂ ਦੇ ਪ੍ਰਬੰਧ ਵਿਚ ਸੰਗਤ ਦੀ ਜ਼ਿੰਮੇਵਾਰੀ, ਪ੍ਰਬੰਧਕ ਕਮੇਟੀਆਂ ਦੀ ਚੋਣ ਕਿਵੇਂ ਹੋਵੇ, ਗ੍ਰੰਥੀ ਸਾਹਿਬਾਨ ਦੀਆਂ ਜ਼ਿੰਮੇਵਾਰੀਆਂ, ਨੌਜਵਾਨ ਸਿੱਖਾਂ ਨੂੰ ਗੁਰੂ ਘਰਾਂ ਨਾਲ ਕਿਵੇਂ ਜੋੜਿਆ ਜਾਵੇ, ਗੁਰੂ ਘਰਾਂ ਵਿਚ ਮਤਭੇਦ ਬੈਠ ਕੇ ਕਿਵੇਂ ਸੁਲਝਾਏ ਜਾਣ, ਕੋਰਟਾਂ ਕਚਹਿਰੀਆਂ ਦੇ ਖਰਚ ਦੀ ਜ਼ਿੰਮੇਵਾਰੀ ਕਿਸਦੀ ਹੋਵੇ, ਬਾਈ ਲਾਅ ਬਦਲਣ ਦਾ ਅਧਿਕਾਰ ਕਿਸ ਕੋਲ ਹੋਵ, ਅਮਰੀਕਨ ਭਾਈਚਾਰੇ ਨਾਲ ਸਾਂਝ ਵਧਾਉਣ ਲਈ ਪ੍ਰਬੰਧਕ ਕਮੇਟੀਆਂ ਦੀ ਜ਼ਿੰਮੇਵਾਰੀ, ਸਿੱਖ ਸਮਾਜਿਕ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ, ਬਜ਼ੁਰਗਾਂ, ਬੱਚਿਆਂ ਅਤੇ ਨਵੇਂ ਆਏ ਪੰਜਾਬੀਆਂ ਦੀ ਕਿਵੇਂ ਮਦਦ ਕੀਤੀ ਜਾਵੇ ਆਦਿ ਵਿਸ਼ਿਆਂ ਉਤੇ ਵੱਖ ਵੱਖ ਬੁਲਾਰਿਆਂ ਨੇ ਘੋਖ ਪੂਰਤ ਵਿਚਾਰ ਰੱਖੇ। ਡਾਊਨਟਾਊਨ ਥੀਏਟਰ ਫੇਅਰਫੀਲਡ ਵਿਖੇ ਕਰਵਾਏ ਇਸ ਸਮਾਗਮ ਵਿਚ ਜੋ ਵੱਖ ਵੱਖ ਬੁਲਾਰੇ ਉਕਤ ਮੁਸ਼ਕਿਲਾਂ ਨੂੰ ਕਿਵੇਂ ਨਜਿੱਠਿਆ ਜਾਵੇ, ਦੇ ਉਤਰ ਵਜੋਂ ਵੱਖ-ਵੱਖ ਬੁਲਾਰਿਆਂ ਨੇ ਇੱਕਮਤ ਹੋ ਕੇ ਕਿਹਾ ਕਿ ਵਿਅਕਤੀਗਤ ਹਉਮੈ ਸਾਰੀਆਂ ਲੜਾਈਆਂ ਦੀ ਜੜ੍ਹ ਹੈ, ਸੰਗਤ ਨੂੰ ਗੁਰੂ ਘਰਾਂ ਦੇ ਪ੍ਰਬੰਧ ਨੂੰ ਨੇੜਿਉਂ ਵਾਚਣਾ ਚਾਹੀਦਾ ਹੈ ਅਤੇ ਕਿਸੇ ਵੀ ਗਲਤ ਕਦਮ ਦੇ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ। ਬਾਈ ਲਾਅ ਬਦਲਣ ਦਾ ਅਧਿਕਾਰ ਕੇਵਲ ਸੰਗਤ ਕੋਲ ਹੋਣਾ ਚਾਹੀਦਾ ਹੈ। ਗੁਰੂ ਦੀ ਗੋਲਕ ਦਾ ਪੈਸਾ ਕੋਰਟਾਂ ਵਿਚ ਨਹੀਂ ਲੱਗਣਾ ਚਾਹੀਦਾ, ਸਿੱਖ ਯੂਥ ਨੂੰ ਜੋੜਨ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਸਿੱਖ ਬੀਬੀਆਂ ਦੀ ਪ੍ਰਬੰਧਕ ਕਮੇਟੀਆਂ ਵਿਚ ਸ਼ਮੂਲੀਅਤ ਹੋਣੀ ਚਾਹੀਦੀ ਹੈ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖ-ਰੇਖ ਅਤੇ ਬਿਹਤਰੀ ਲਈ ਉਪਰਾਲੇ ਹੋਣੇ ਚਾਹੀਦੇ ਹਨ, ਸਿੱਖ ਧਰਮ ਅਤੇ ਸੱਭਿਆਚਾਰ ਦਾ ਪਸਾਰਾ ਗੈਰ ਸਿੱਖਾਂ ਅਤੇ





**(ਬਾਕੀ ਸਫਾ 7 ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409


RIYA'S FASHION
9165 ELK GROVE FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਯੂਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕੀਆਂ




Giani Ravinder Singh Ji & Makhan Singh Bains CEO
(Raja Sweets & Catering and Paradise Ballrooms)



Mr. Amolak Singh Gakhal honouring to Giani Ravinder Singh Ji & Makhan Singh Bains

ਗਿਆਨੀ ਰਵਿੰਦਰ ਸਿੰਘ ਜੀ





Mr. Amolak Singh Gakhal honouring to
Carol Dutra Vernachi Mayor and Gary Singh- running for City Council

Mr. Amolak Singh Gakhal and Makhan
Singh Bains honouring to
Tony Acosta - City Manager and
Helen Kennedy -
President New Haven School Foundation







INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (415) 706-7027
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਅਕਾਲੀ ਦਲ ਵਲੋਂ ਕੀਤੇ ਵਿਕਾਸ ਸਦਕਾ ਮੁੜ 2017 'ਚ ਬਣੇਗੀ ਤੀਜੀ ਵਾਰ ਅਕਾਲੀ ਸਰਕਾਰ-ਡਾ.ਸੁਖਵਿੰਦਰ ਕੁਮਾਰ ਸੁੱਖੀ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਮਿਸ਼ਨ 2017 ਨੂੰ ਫਤਹਿ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਅਕਾਲੀ ਦਲ ਵੈਸਟ ਕੋਸਟ ਦੇ ਸੀਨੀਅਰ ਆਗੂਆਂ ਦੀ ਇਕ ਭਰਵੀਂ ਇਕੱਤਰਤਾ ਗੁਰਦੁਆਰਾ ਸਾਹਿਬ ਰੋਜ਼ਵਿਲ (ਕੈਲੇਫੋਰਨੀਆਂ) ਵਿਚ ਹੋਈ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਵਿਧਾਨ ਸਭਾ ਹਲਕਾ ਬੰਗਾ ਦੇ ਇੰਚਾਰਜ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਸ਼ਿਰਕਤ ਕੀਤੀ। ਅਮਰੀਕਾ ਦੇ ਸ਼੍ਰੋਮਣੀ ਅਕਾਲੀ ਦੇ ਸਮੂਹ ਆਗੂਆਂ ਨੇ ਡਾ. ਸੁਖਵਿੰਦਰ ਕੁਮਾਰ ਸੁੱਖੀ ਦਾ ਭਰਵਾਂ ਸਵਾਗਤ ਕੀਤਾ ਅਤੇ ਉਨਾਂ ਨੂੰ ਜੀ ਆਇਆ ਨੂੰ ਕਿਹਾ। ਇਸ ਮੌਕੇ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਪੰਜਾਬ ਵਿਚ ਕੀਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਅਥਾਹ ਵਿਕਾਸ ਦੀ ਸਮੂਹ ਹਾਜ਼ਰੀਨ ਨੂੰ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਅੱਜ ਹਰ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੋਂ ਪੂਰੀ ਤਰਾਂ ਖੁਸ਼ ਹੈ। ਉਨਾਂ ਕਿਹਾ ਕਿ 2017 ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ ਅਸੀਂ ਹੁਣ ਤੋਂ ਹੀ ਕਮਰਕਸੇ ਕਰ ਲਈਏ ਤਾਂ ਜੋ ਮੁੜ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆ ਸਕੀਏ। ਇਸ ਮੌਕੇ ਸ: ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ, ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਅਮਰੀਕਾ, ਸ: ਰਵਿੰਦਰ ਸਿੰਘ ਬੋਇਲ ਪ੍ਰਧਾਨ ਯੂਥ ਵਿੰਗ ਵੈਸਟ ਕੋਸਟ ਆਦਿ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸ: ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਹੁਰਾਂ ਨੇ ਦਿਨ ਰਾਤ ਇਕ ਕਰਕੇ ਪਾਰਟੀ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾਇਆ ਹੈ। ਉਨਾਂ ਕਿਹਾ ਕਿ ਐਨ.ਆਰ.ਆਈਜ਼ ਨੂੰ ਆਉਂਦੀਆਂ ਪੰਜਾਬ ਵਿਚ ਮੁਸ਼ਕਲਾਂ ਦਾ ਵੀ ਵੱਡੇ ਪੱਧਰ ਤੇ ਹੱਲ ਹੋਇਆ ਹੈ। ਇਸ ਮੌਕੇ ਸ੍ਰੀ ਵਿਨੇ ਵੋਹਰਾ ਸੀਨੀਅਰ ਵਾਈਸ ਪ੍ਰਧਾਨ ਯੂਥ ਵਿੰਗ ਵੈਸਟ ਕੋਸਟ ਨੇ ਆਪਣੇ ਸੰਬੋਧਨ 'ਚ ਜਿੱਥੇ ਸਰਕਾਰ ਵਲੋਂ ਕੀਤੇ



ਕੰਮਾਂ ਨੂੰ ਵਿਸਥਾਰ ਵਿਚ ਦੱਸਿਆ, ਉਥੇ ਕਿਹਾ ਕਿ ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸ: ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਅੱਜ ਐਨ.ਆਰ.ਆਈਜ਼ ਵੀਰਾਂ ਨੂੰ ਵੀ ਵੱਡੇ ਪੱਧਰ 'ਤੇ ਸਹੂਲਤਾਂ ਮਿਲ ਰਹੀਆਂ ਹਨ। ਉਨਾਂ ਕਿਹਾ ਕਿ ਪਿਛਲੇ 9 ਸਾਲਾਂ ਵਿਚ ਕੀਤੇ ਅਥਾਹ ਵਿਕਾਸ ਸਦਕਾ ਮੁੜ 2017 'ਚ ਅਕਾਲੀ ਦਲ ਦੀ ਸਰਕਾਰ ਬਣੇਗੀ। ਇਸ ਮੌਕੇ ਸ: ਨਰਿੰ-ਦਰਪਾਲ ਸਿੰਘ ਹੁੰਦਲ ਸੀਨੀਅਰ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਨੇ ਇਸ ਮੀਟਿੰਗ ਵਿਚ ਪੁੱਜਣ 'ਤੇ ਸਮੂਹ ਆਗੂਆਂ ਨੂੰ ਜੀ ਆਇਆ ਨੂੰ ਕਿਹਾ। ਸਟੇਜ਼ ਦੀ ਸਮੁੱਚੀ ਕਾਰਵਾਈ ਸ: ਸੁਖਵਿੰਦਰ ਸਿੰਘ ਸੰਘੇੜਾ ਮੁੱਖ ਬੁਲਾਰਾ ਯੂਥ ਵਿੰਗ ਵੈਸਟ ਕੋਸਟ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸ: ਗੁਰਨਾਮ ਸਿੰਘ ਪੰਮਾ ਚੇਅਰਮੈਨ ਵੈਸਟ ਕੋਸਟ, ਸ: ਸਰਬਜੋਤ ਸਿੰਘ ਸਵੱਦੀ ਸਕੱਤਰ ਜਨਰਲ, ਸ: ਹਰਬੰਸ ਸਿੰਘ ਚਾਹਲ, ਸ: ਬਲਜੀਤ ਸਿੰਘ ਮਾਨ ਪ੍ਰਧਾਨ ਅਕਾਲੀ ਦਲ ਕੈਲੇਫੋਰਨੀਆਂ, ਸ: ਰਜਿੰਦਰ ਸਿੰਘ ਨੰਗਰ ਖੁੰਗਾ, ਸ: ਹਰਿੰਦਰ ਸਿੰਘ ਬਬਲੀ ਹੁੰਦਲ, ਸ: ਕਰਨੈਲ ਸਿੰਘ ਸੈਣੀ, ਸ: ਪ੍ਰਿਤਪਾਲ ਸਿੰਘ ਝਾਵਰ, ਸ: ਕੁਲਵੰਤ ਸਿੰਘ ਫਗਵਾੜੇ ਵਾਲੇ, ਸ: ਦਲਜੀਤ ਸਿੰਘ ਸੰਧੂ, ਪ੍ਰੋ. ਮੁਖਤਾਰ ਸਿੰਘ ਗਿੱਲ, ਸ: ਦਲਜੀਤ ਸਿੰਘ ਸੰਘੇੜਾ, ਸ: ਸਤਵੀਰ ਸਿੰਘ ਹੀਰ, ਰਾਜਾ ਮਾਨ ਯੂਬਾਸਿਟੀ, ਗੁਰਦੇਵ ਸਿੰਘ ਹੁੰਦਲ ਸਰਪੰਚ ਮਲਸੀਆਂ, ਸੁਖਵਿੰਦਰ ਸਿੰਘ ਹੁੰਦਲ, ਸ੍ਰੀ ਵਿਕਰਮ ਵੋਹਰਾ, ਸ: ਅਵਤਾਰ ਸਿੰਘ ਪਨਾਮ, ਨੰਬਰਦਾਰ ਕੁਲਦੀਪ ਸਿੰਘ ਛੋਕਰ, ਪ੍ਰਮੋਟਰ ਜੱਸੀ ਬੰਗਾ, ਕਬੱਡੀ ਪ੍ਰਮੋਟਰ ਸੁੱਚਾ ਰਾਮ ਭਾਰਟਾ, ਅਜੀਤ ਸਿੰਘ ਸਰਪੰਚ, ਦਲਜੀਤ ਸਿੰਘ ਢੰਡਾ, ਸੋਨੂੰ ਹੁੰਦਲ, ਚਰਨਜੀਤ ਸਿੰਘ ਮਾਂਗਟ, ਸੁਪਨਦੀਪ ਭੁੱਲਰ, ਪੁਨੀਤ ਅਰੋੜਾ, ਵੰਸ਼ਦੀਪ ਸਿੱਧੂ, ਅੰਮ੍ਰਿਤਪਾਲ ਸੰਧੂ, ਲਾਡੀ ਬਾਠ, ਸੰਨੀ ਸਿੰਘ, ਵਰਮਾ ਜੀ, ਆਦਿ ਤੋਂ ਇਲਾਵਾ ਹੋਰ ਸੀਨੀਅਰ ਆਗੂ, ਇਲਾਕੇ ਦੀਆਂ ਸ਼ਖਸ਼ੀਅਤਾਂ ਅਤੇ ਬਿਜ਼ਨਸਮੈਨ ਹਾਜ਼ਰ ਸਨ। ਇਸ ਮੌਕੇ ਗੁਰਦੁਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਦੇ ਚੁਣੇ ਹੋਏ ਨਵੇਂ ਡਾਇਰੈਕਟਰਾਂ ਜਿੰਨਾਂ ਵਿਚ ਸ: ਲਖਵੀਰ ਸਿੰਘ ਨਾਗਰਾ (ਸਪੁੱਤਰ ਸ: ਕਾਬਲ ਸਿੰਘ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਤੇ ਸ਼੍ਰੋਮਣੀ ਅਕਾਲੀ ਦਲ), ਸ: ਦਲਬੀਰ ਸਿੰਘ ਗਿੱਲ, ਸ: ਚਰਨਜੀਤ ਸਿੰਘ ਚੌਹਾਨ ਸਮੇਤ ਸ: ਗੁਰਨਾਮ ਸਿੰਘ ਪੰਮਾ ਦਾ ਵੀ ਡਾ. ਸੁਖਵਿੰਦਰ ਕੁਮਾਰ ਸੁੱਖੀ ਹੋਰਨਾਂ ਨੇ ਵਿਸ਼ੇਸ਼ ਸਨਮਾਨ ਕੀਤਾ।

# 12ਵਾਂ ਵਿਸ਼ਵ ਕਬੱਡੀ ਕੱਪ- ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਸਪੋਰਟਸ ਕਲੱਬ ਨੂੰ ਫਾਈਨਲ 'ਚ ਹਰਾ ਕੇ ਜਿੱਤਿਆ

**ਯੁਨੀਅਨ ਸਿਟੀ ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)–** ਯੁਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ ਕਬੱਡੀ ਫੈਡਰੇਸ਼ਨ ਆਫ ਕੈਲੇਫੋਰਨੀਆਂ ਦੇ ਸਹਿਯੋਗ ਨਾਲ ਕਰਵਾਏ ਗਏ 12ਵੇਂ ਵਿਸ਼ਵ ਕਬੱਡੀ ਕੱਪ ਵਿਚ ਜਿਸ ਤਰਾਂ ਦੀ ਖੇਡ ਇਸ ਵਾਰ ਪੰਜਾਬੀਆਂ ਲਈ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਵਿਖਾਉਣ ਦਾ ਸਫਲ ਯਤਨ ਕੀਤਾ ਸ਼ਾਇਦ ਉਹ ਉੱਤਰੀ ਅਮਰੀਕਾ ਦੇ ਕਬੱਡੀ ਇਤਿਹਾਸ ਵਿਚ ਹੀ ਨਹੀਂ ਸਗੋਂ ਪੰਜਾਬ ਵਿਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਤੋਂ ਵੀ ਗੱਲ ਦੋ ਕਦਮ ਅੱਗੇ ਦੀ ਸੀ। ਕਲੱਬ ਦੇ ਮੁੱਖ ਪ੍ਰਬੰਧਕ ਸ੍ਰ. ਅਮੋਲਕ ਸਿੰਘ ਗਾਖਲ ਨੇ ਪ੍ਰਸੰਨ ਮੁਦਰਾ ਵਿਚ ਬਾਗੋ ਬਾਗ ਹੁੰਦਿਆਂ ਜਿੱਥੇ ਫੈਡਰੇਸ਼ਨ, ਕਬੱਡੀ ਖਿਡਾਰੀਆਂ, ਕਲੱਬਾਂ ਦਾ ਧੰਨਵਾਦ ਕੀਤਾ ਉੱਥੇ ਵੱਡੀ ਗਿਣਤੀ ਵਿਚ ਆਏ ਖੇਡ ਪ੍ਰੇਮੀਆਂ ਦਾ ਸਨਮਾਨ ਵੀ ਕੀਤਾ। ਬੇ-ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਸਪੋਰਟਸ ਕਲੱਬ ਨੂੰ ਫਾਈਨਲ ਭੇੜ ਵਿਚ ਕੁਝ ਹੀ ਅੰਕਾਂ ਨਾਲ ਸ਼ਿਕਸਤ ਦਿੱਤੀ ਪਰ ਇਹ ਮੈਚ ਜਿੱਤ ਵਾਂਗ ਇਸ ਕਰਕੇ ਵੀ ਖਾਸ ਰਿਹਾ ਕਿ ਦੋਹਾਂ ਹੀ ਟੀਮਾਂ ਦੇ ਨਾਮੀ ਕਬੱਡੀ ਖਿਡਾਰੀਆਂ ਨੇ ਹਰ ਪਲ ਨੂੰ ਯਾਦਗਾਰੀ ਬਣਾ ਦਿੱਤਾ। ਇਸ ਕੱਪ ਦਾ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਵਲੋਂ 14000 ਡਾਲਰ ਦਾ ਦਿੱਤਾ ਗਿਆ ਜਦੋਂ ਕਿ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਸਵ. ਪਿਤਾ ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ 13000 ਡਾਲਰ ਦਾ ਦੂਜਾ ਵੱਡਾ ਇਨਾਮ ਦਿੱਤਾ ਗਿਆ। ਅੰਡਰ-21 ਦੇ ਮੁਕਾਬਲਿਆਂ ਵਿਚ ਨੌਰਥ ਵੈਸਟ ਕਲੱਬ ਯੂਬਾਸਿਟੀ ਦੀ ਟੀਮ ਨੇ ਫਤਿਹ ਸਪੋਰਟਸ ਕਲੱਬ ਨੂੰ ਮਾਤ ਦੇ ਕੇ ਆਪਣੀ ਜਿੱਤ ਦਾ ਰਿਕਾਰਡ ਦਰਜ ਕਰਵਾਇਆ। ਜਿੱਥੇ ਇਸ ਖੇਡ ਮੇਲੇ ਵਿਚ ਇੰਗਲੈਂਡ, ਕੈਨੇਡਾ ਤੋਂ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਆਏ ਹੋਏ ਸਨ ਉਥੇ ਕਬੱਡੀ ਦੇ ਸਾਬਕ ਅਤੇ ਧੜੱਲੇਦਾਰ ਜਾਫੀ ਰਾਣਾ ਵੰਝ, ਬੇ-ਏਰੀਆ ਸਪੋਰਟਸ ਕਲੱਬ ਦੇ ਮੁਖੀ ਬਲਜੀਤ ਸਿੰਘ ਸੰਧੂ, ਸਾਬਕ ਕਬੱਡੀ ਖਿਡਾਰੀ ਦੀਪਾ ਮੁਠੱਡਾ ਅਤੇ ਸੰਦੀਪ ਲੁੱਧੜ ਦੇ ਨਾਲ ਨਾਲ ਗਾਖਲ ਪਰਿਵਾਰ ਦੇ ਸਰਗਰਮ ਅਤੇ ਖੇਡਾਂ ਲਈ ਜਿੰਦ ਜਾਨ ਲੁਟਾਉਣ ਵਾਲੇ ਮੈਂਬਰ ਨੱਥਾ ਸਿੰਘ ਗਾਖਲ ਨੂੰ ਵੀ ਬੇ-ਏਰੀਆ ਸਪੋਰਟਸ ਕਲੱਬ ਦੇ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਗੋਲਡ ਮੈਡਲ ਪ੍ਰਦਾਨ ਕੀਤੇ ਗਏ। ਇੱਥੇ ਇਸ ਗੱਲ ਦਾ ਜ਼ਿਕਰ ਵੀ ਉਚੇਚੇ ਤੌਰ 'ਤੇ ਕਰਨਾ ਬਣਦਾ ਹੈ ਕਿ ਰੂਬੀ ਹਰਖੋਵਾਲ, ਸੰਦੀਪ ਲੁੱਧੜ, ਸੰਦੀਪ ਸੁਰਖਪੁਰ, ਸੋਹਣ ਸਿੰਘ ਰੁੜਕੀ, ਸੰਦੀਪ ਨੰਗਲ ਅੰਬੀਆਂ, ਗੁਰਲਾਲ ਘਨੌਰ, ਹੈਰੋ ਅਤੇ ਦੁੱਲਾ ਬੱਗਾ ਪਿੰਡ ਦੀ ਕਬੱਡੀ ਖੇਡ ਨੇ ਅਮਰੀਕਾ ਦੀ ਧਰਤੀ ਤੇ ਪ੍ਰਸ਼ਾਸ਼ਨਿਕ ਅਤੇ ਵੱਡੀ ਗਿਣਤੀ ਵਿਚ ਆਏ ਗੋਰਿਆਂ ਨੂੰ ਵੀ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਸਟੇਜ ਕੁਮੈਂਟਰੀ ਦੀ ਜ਼ਿੰਮੇਵਾਰੀ ਆਸ਼ਾ ਸ਼ਰਮਾ ਅਤੇ ਅਸੋਕ ਭੌਰਾ ਨੇ ਅਤੇ ਗਰਾਊਡ ਕੁਮੈਂਟਰੀ ਦਾ ਕਾਰਜ ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ, ਕਾਲਾ ਰਛੀਨ ਅਤੇ ਲੱਖਾ ਸਿੱਧਵਾਂ ਬਾਖ਼ੂਬੀ ਕੀਤਾ। ਕਬੱਡੀ ਕੱਪ ਦੇ ਪ੍ਰਬੰਧਾਂ ਵਿਚ ਯੁਨਾਈਟਡ ਸਪੋਰਟਸ ਕਲੱਬ ਦੇ ਚੀਫ ਆਰਗੇਨਾਈਜ਼ਰ ਅਮੋਲਕ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਡਾਇਰੈਕਟਰ ਪਲਵਿੰਦਰ ਸਿੰਘ ਗਾਖਲ, ਸਾਧੂ ਸਿੰਘ ਖਿਲੌਰ, ਦੇਬੀ ਸੋਹਲ, ਬਖਤਾਵਰ ਸਿੰਘ, ਜਸਵੀਰ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ, ਪਿੰਕੀ ਅਟਵਾਲ, ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਨੇ ਆਪੋ ਆਪਣੀਆਂ ਜ਼ਿੰਮੇਵਾਰੀਆਂ ਖੂਬ ਨਿਭਾਈਆਂ। ਇਸ ਵੇਰਾਂ ਜਿਥੇ ਦਰਸਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ ਉਥੇ ਗਰਮੀ ਨੇ ਵੀ ਦਰਸਕਾਂ ਦੇ ਕਿਲ ਕੱਢ ਦਿੱਤੇ ਫਿਰ ਵੀ ਸਾਮ ਢਲੀ ਤੱਕ ਦਰਸਕ ਅਖੀਰਲੇ ਮੈਚ ਤੱਕ ਗਰਾਊਂਡ ਦੁਆਲੇ ਬੈਠੇ ਕਬੱਡੀ ਦਾ ਅਨੰਦ ਮਾਣਦੇ ਰਹੇ।




MAJESTIC HOMES

PRICE REDUCED
$1,655,555
7112 Westmoorland Dr
Berkeley

GORGEOUS HOME IN BERKELEY HILLS
Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM





JUST LISTED
$428,888
3 Cassia Court-
Pittsburg
4 Bedrooms and 2 bath Home in Pittsburg
2135 sqft home with 4 Bedrooms+loft, 2.5 bathrooms and 2 car garage in a gated community. Granite kitchen counter tops cherry cabinets, hardwood floors, some carpet. Short distance to BART and Highway 4. Conventient location.



COMING SOON
$338,888
3314 Canim Ct
Antioch
3 Bedrooms and 2 Bathrooms - Home in Antioch
Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.



3 Bedrooms and 2 Bathrooms
- Home in Sacramento
COMING SOON $278,888
3201 Magicwoods Ct Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

SALE PENDING
$348,888
59 E. Lake
Drive Antioch
4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



# ਪੰਜਾਬ ਅੰਦਰੋਂ ਖੋਖਲਾ ਹੈ, ਕਿਸਾਨੀ ਖਤਮ ਹੋ ਗਈ ਹੈ

## ਆਮ ਆਦਮੀ ਪਾਰਟੀ ਹੀ ਇਸਦੀ ਭਰਪਾਈ ਕਰ ਸਕਦੀ ਹੈ- ਘੁੱਗੀ

**ਟਰੇਸੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਆਮ ਆਦਮੀ ਪਾਰਟੀ ਕੋਈ ਸਾਧੂ ਸੰਤਾਂ ਦੀ ਪਾਰਟੀ ਨਹੀਂ, ਜਿਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਜਾਂ ਇਸ ਵਿਚ ਕੋਈ ਆ-ਜਾ ਨਹੀਂ ਸਕਦਾ, ਸਗੋਂ ਇਸ ਪਾਰਟੀ ਵਿਚ ਉਹ ਹੀ ਸਥਾਈ ਰੂਪ ਵਿਚ ਰਹਿ ਸਕਦਾ ਹੈ ਜੋ ਆਪਣਾ ਸਾਰਾ ਕੁਝ ਪਾਰਟੀ ਨੂੰ ਦੇ ਦੇਵੇ ਤੇ ਅੱਜ ਪੰਜਾਬ ਨਸ਼ੇ ਤੇ ਕਰਜ਼ਿਆਂ ਕਰਕੇ ਵਿਚੋਂ ਖੋਖਲਾ ਹੋ ਚੁੱਕਾ ਹੈ ਤੇ ਇਸਦੀ ਭਰਪਾਈ ਸਿਰਫ਼ ਤੇ ਸਿਰਫ਼ ਆਮ ਆਦਮੀ ਪਾਰਟੀ ਹੀ ਕਰ ਸਕਦੀ ਹੈ। ਉਕਤ ਵਿਚਾਰ ਪੰਜਾਬ ਆਮ ਆਦਮੀ ਪਾਰਟੀ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਕੈਲੇਫੋਰਨੀਆ ਦੇ ਸ਼ਹਿਰ ਟਰੇਸੀ ਵਿਖੇ ਸੰਸਾਰ ਰੈਸਟੋਰੈਂਟ ਵਿਚ ਭਰੇ ਇਕੱਠ ਵਿਚ ਕਹੇ। ਇੱਥੇ ਖਚਾਖਚ ਭਰੇ ਹਾਲ ਵਿਚ ਗੁਰਪ੍ਰੀਤ ਸਿੰਘ ਘੁੱਗੀ ਨੇ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ ਸਿਰਫ਼ ਪੀਟੀਸੀ ਚੈਨਲ ਅਤੇ ਸਿਨੇਮਾ ਘਰਾਂ ਦੇ ਇਸ਼ਤਿਹਾਰਾਂ ਵਿਚ ਸੀਮਤ ਹੈ, ਉਹ ਬਾਹਰ ਨਹੀਂ ਆਉਂਦੀ। ਉਹਨਾਂ ਕਿਹਾ ਕਿ ਹੁਣ ਕਿਸਾਨ ਵੰਜਲੀ ਵਜਾਉਂਦਾ ਜਾਂ ਕੱਛਾਂ ਵਜਾਉਂਦਾ ਮੇਲੇ ਨਹੀਂ ਜਾਂਦਾ ਹੁਣ ਤਾਂ ਚੀਕਾਂ ਮਾਰਦਾ ਕਿਸਾਨ ਬੈਂਕ ਜਾਂਦਾ ਹੈ। ਉਹਨਾਂ ਪੰਜਾਬੀ ਜ਼ੁਬਾਨ ਦਾ ਫਿਕਰ ਕਰਦਿਆਂ ਕਿਹਾ ਕਿ ਪੰਜਾਬੀ ਨੂੰ ਖਤਮ ਕਰਨ ਦੀ ਸਾਜ਼ਿਸ਼ ਪੰਜਾਬ ਵਿਚ ਰਚੀ ਜਾ ਰਹੀ ਹੈ, ਜਿਸ ਵਿਚੋਂ ਸੂਫ਼ੀ ਕਾਵਿ ਤੇ ਸਾਹਿਤ ਗਾਇਬ ਹੋ ਰਿਹਾ ਹੈ। ਉਹਨਾਂ ਪਾਣੀਆਂ ਦੀ ਗੱਲ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਇਹ ਸਪੱਸ਼ਟ ਕਰ ਚੁੱਕੇ ਹਨ ਕਿ ਐਸ. ਵਾਈ. ਐਲ. ਨਹਿਰ ਦੀ ਜ਼ਮੀਨ ਵਾਪਸ ਕਿਸਾਨਾਂ ਨੂੰ ਦਿੱਤੀ ਜਾਵੇਗੀ। ਉਹਨਾਂ ਕਿਸਾਨ ਮੈਨੀਫੈਸਟੋ ਦਾ ਜਿਕਰ ਕਰਦਿਆਂ ਕਿਹਾ ਕਿ ਕਿਸਾਨ ਦੇ ਦਰਦ ਨੂੰ ਦੇਖਦਿਆਂ ਸਾਰੀਆਂ ਲੋੜਾਂ ਦੀ ਪੂਰਤੀ ਅਸੀਂ ਮੈਨੀਫੇਸਟੋ ਵਿਚ ਕਰ ਦਿੱਤੀ ਹੈ। ਉਹਨਾਂ ਹੋਰ ਪਾਰਟੀ ਬਾਰੇ ਫਿਕਰ ਕਰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਪਾਰਟੀਆਂ ਵਿਚੋਂ ਬੰਦੇ ਪਲਾਂਟ ਕਰ ਦਿੱਤੇ ਜਾਂਦੇ ਹਨ ਤੇ ਜੋ ਇਲੈਕਸ਼ਨ ਦੇ ਨਜ਼ਦੀਕ ਜਾ ਕੇ ਪਾਰਟੀ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਾਨੂੰ ਘਬਰ-ਾਉਣਾ ਨਹੀਂ ਚਾਹੀਦਾ ਅੱਗੇ ਵੀ ਅਜਿਹਾ ਹੋਣ ਦਾ ਖਦਸ਼ਾ ਹੈ ਪਰ ਵਰਕਰ ਇਹਨਾਂ ਗੱਲਾਂ ਤੋਂ ਘਬਰ-ਾਉਂਦੇ ਨਹੀਂ। ਉਹਨਾਂ 1984 ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਗੱਲ ਦੁਹਰਾਈ। ਇਸ ਸਮਾਗਮ ਵਿਚ ਸ. ਹਰਮਿੰਦਰ ਸਿੰਘ ਸਮਾਣਾ, ਹਰਜਿੰਦਰ ਸਿੰਘ ਗਿੱਲ, ਮਿੱਕੀ ਸਰਾਂ, ਅਮ੍ਰਿਤਪਾਲ ਸਿੰਘ ਢਿੱਲੋਂ, ਚਰਨ ਸਿੰਘ ਜੱਜ, ਤਰਨਜੀਤ ਸਿੰਘ ਸੰਧੂ, ਇੰਦਰਜੀਤ ਸਿੰਘ ਆਦਿ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਇਸ ਮੌਕੇ ਆਮ ਆਦਮੀ ਪਾਰਟੀ ਲਈ ਜੁਝਾਰੂ ਕਵਿਤਾਵਾਂ ਨੇ ਮਾਹੌਲ ਨੂੰ ਰੰਗੀਨ ਬਣਾਈ ਰੱਖਿਆ।ਇਸ ਤੋਂ ਬਾਅਦ ਗੁਰਪ੍ਰੀਤ ਘੁੱਗੀ ਦੀਆਂ ਤਿੰਨ ਹੋਰ ਰੈਲੀਆਂ ਵਿਚ ਵੀ ਲੋਕਾਂ ਦੀ ਭਾਰੀ ਭੀੜ ਜੁੜਨ ਦਾ ਅਨੁਮਾਨ ਹੈ।



# ਗੁਰਪਰੀਤ ਸਿੰਘ ਘੁੱਗੀ ਨੇ ਫਰਿਜਨੋ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕੀਤਾ



**ਫਰਿਜਨੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**'ਆਪ' ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਅੱਜਕਲ੍ਹ ਆਪਣੀ ਅਮਰੀਕਾ ਫੇਰੀ 'ਤੇ ਹਨ ਅਤੇ ਇਸੇ ਲੜੀ ਤਹਿਤ ਉਨ੍ਹਾਂ ਕੈਲੀਫੋਰਨੀਆ ਵਿਖੇ ਆਪਣੀ ਦੂਸਰੀ ਰੈਲੀ ਨੂੰ ਫਰਿਜ਼ਨੋ ਸ਼ਹਿਰ ਦੇ ਨੇੜੇ ਰੀਜੈਂਸੀ ਪੈਲੇਸ ਕਲੋਵਸ ਵਿਚ ਸੰਬੋਧਨ ਕੀਤਾ, ਜਿਥੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਹਸਤੀਆਂ ਨੇ ਉਨ੍ਹਾਂ ਨੂੰ ਨਿੱਘੀ ਜੀ ਆਇਆਂ ਆਖੀ। ਇਸ ਮੌਕੇ ਜਿਥੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ, ਉਥੇ ਗੁਰਦੀਪ ਸ਼ੇਰਗਿੱਲ, ਸੁਖਬੀਰ ਸਿੰਘ ਭੰਡਾਲ, ਸੁਖਦੇਵ ਸਿੰਘ ਸਿੱਧੂ, ਹਰਮਨ ਗਿੱਲ, ਸਮਰਵੀਰ ਸਿੰਘ ਵਿਰਕ, ਗੁਰਨੇਕ ਸਿੰਘ ਬਾਗੜੀ, ਮਿੱਕੀ ਸਰਾਂ, ਰਣਜੀਤ ਗਿੱਲ, ਡਾ: ਮਲਕੀਤ ਸਿੰਘ ਕਿੰਗਰਾ, ਅਜੀਤ ਸਿੰਘ ਭੱਠਲ, ਪਸ਼ੌਰਾ ਸਿੰਘ ਢਿੱਲੋਂ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ । ਇਸ ਸਮੇਂ ਬੋਲਦਿਆਂ ਕਾਲਮ ਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਿਤ ਕਰਨ ਦਾ ਸਿਹਰਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਿਰ ਜਾਂਦਾ ਹੈ ਅਤੇ ਇਸੇ ਕਰਕੇ ਪੰਜਾਬ ਦਾ ਯੂਥ ਇਕ ਤੀਸਰੇ ਬਦਲ ਦੇ ਤੌਰ 'ਤੇ 'ਆਪ' ਦੇ ਹੱਕ ਵਿਚ ਹੋ ਤੁਰਿਆ ਹੈ ਤੇ ਇਸ ਸੈਲਾਬ ਨੂੰ ਰੋਕਣਾ ਹੁਣ ਨਾਮੁਮਕਿਨ ਹੈ । ਸ੍ਰੀਕਾਂਤ (ਸੈਕਟਰੀ 'ਆਪ' ਅਮਰੀਕਾ) ਨੇ 'ਆਪ' ਵਲੰਟੀਅਰ ਸਵ: ਪਰਾਣ ਕਰੂਪ ਦੇ ਜੀਵਨ ਦੇ ਸਬੰਧ ਵਿਚ ਚਾਨਣਾ ਪਾਇਆ ਅਤੇ ਪੱਤਰਕਾਰ ਨੀਟਾ ਮਾਛੀਕੇ ਦੀ ਮਾਤਾ ਮੁਖਤਿਆਰ ਕੌਰ ਧਾਲੀਵਾਲ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ।

# ਜੀ.ਐਚ.ਜੀ.ਅਕੈਡਮੀ ਫਰਿਜ਼ਨੋ ਦਾ ਅੱਠਵਾਂ ਅੰਤਰ ਰਾਸ਼ਟਰੀ ਯੁਵਕ ਮੇਲਾ ਵੱਡੀ ਕਾਮਯਾਬੀ ਨਾਲ ਸੰਪੰਨ

## ਪ੍ਰਵਾਸੀ ਨੌਜਵਾਨ ਪੀੜ੍ਹੀ ਨੂੰ ਧਰਮ, ਸੱਭਿਆਚਾਰ ਅਤੇ ਵਿਰਾਸਤੀ ਸਫਾਂ ਨਾਲ ਜੋੜਨ ਲਈ ਪਾਈਆਂ ਨਵੀਆਂ ਪਿਰਤਾਂ





**ਫਰਿਜ਼ਨੋ, ਕੈਲੇਫੋਰਨੀਆ–** ਪਿਛਲੇ ਲੰਮੇ ਸਮੇਂ ਤੋਂ ਹੋਂਦ ਵਿਚ ਆਈ ਗੁਰੂ ਹਰਗੋਬਿੰਦ ਅਕੈਡਮੀ, ਜੋ ਕਿ ਇਕ ਗੈਰ ਮੁਨਾਫਾ ਸੰਸਥਾ ਹੈ, ਜਿੱਥੇ ਪ੍ਰਦੇਸ ਵਿਚ ਨੌਜਵਾਨ ਪੀੜ੍ਹੀ ਨੂੰ ਆਪਣੇ ਖੁਰ ਰਹੇ ਵਿਰਸੇ ਨਾਲ ਜੋੜੀ ਰੱਖਣ ਲਈ ਸਾਰਾ ਸਾਲ ਸਰਗਰਮ ਰਹਿੰਦੀ ਹੈ, ਉਥੇ ਇਸ ਬਾਰੇ ਨੌਜਵਾਨਾਂ ਨੂੰ ਸਿੱਖ ਧਰਮ ਨਾਲ ਜੋੜੀ ਰੱਖਣ ਲਈ ਵੀ ਵੱਡਾ ਉਪਰਾਲਾ ਕੀਤਾ ਹੈ। ਕੈਲੇਫੋਰਨੀਆ ਵਿਚ ਪੰਜਾਬੀ ਸੱਭਿਆਚਾਰ ਦੀ ਰਾਜਧਾਨੀ ਬਣ ਚੁੱਕਾ ਸ਼ਹਿਰ ਫਰਿਜ਼ਨੋ ਤੇ ਫਰਿਜ਼ਨੋ ਦਾ ਰੋਕਿਡਿੰਗ ਪਾਰਕ, ਸੱਜੇ ਸੰਵਰੇ ਪੰਜਾਬ ਦਾ ਭੁਲੇਖਾ ਪਾ ਰਿਹਾ ਸੀ। ਅੱਤ ਦੀ ਗਰਮੀ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀਆਂ ਦਾ ਇਕੱਠ ਇਸ ਗੱਲ ਦੀ ਗਵਾਹੀ ਭਰ ਰਿਹਾ ਸੀ ਕਿ ਮਿਹਨਤ ਨੂੰ ਫਲ ਤਾਂ ਲੱਗਦੇ ਹੀ ਹਨ। ਗੱਲਾਂ ਨਾਲ ਕਦੇ ਕੰਮ ਨਹੀਂ ਹੁੰਦੇ, ਅਸੀਂ ਅਕਸਰ ਮਾਂ-ਬੋਲੀ ਬਾਰੇ, ਵਿਰਸੇ ਅਤੇ ਵਿਰਾਸਤ ਬਾਰੇ ਫਿਕਰ ਕਰਦੇ ਰਹਿੰਦੇ ਹਾਂ। ਪਰ ਫਿਕਰ ਨਾਲ ਕੰਮ ਕਰਨ ਵਾਲਿਆਂ ਵਿਚ ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਸਭ ਤੋਂ ਮੋਹਰਲੀ ਕਤਾਰ ਵਿਚ ਆ ਕੇ ਖੜ੍ਹੋ ਗਈ ਹੈ। ਅਕੈਡਮੀ ਵੱਲੋਂ ਕਰਵਾਇਆ ਗਿਆ ਅੱਠਵਾਂ ਯੁਵਕ ਮੇਲਾ ਸਿਰਮੌਰ ਮੇਲਾ ਨਜ਼ਰ ਆ ਰਿਹਾ ਸੀ। ਢਾਈ ਸਾਲ ਦੀਆਂ ਬੱਚੀਆਂ ਤੋਂ ਲੈ ਕੇ ਮਾਵਾਂ, ਦਾਦੀਆਂ, ਨਾਨੀਆਂ ਵੀ ਸਟੇਜ ਤੇ ਕਲਾ ਦੇ ਜੌਹਰ ਦਿਖਾਉਣ ਲਈ ਕਾਹਲੀਆਂ ਸਨ। ਸਿਰਾਂ ਤੇ ਸੱਗੀ ਫੁੱਲ, ਚੁੰਨੀਆਂ ਹੇਠ ਲੁਕਣਮੀਟੀ ਖੇਡ ਰਹੇ ਸਨ। ਕੰਨਾਂ 'ਤੇ ਝੁਮਕੇ ਤੇ ਵਾਲੇ ਹੁਲਾਰੇ ਲੈ ਰਹੇ ਸਨ। ਸਿਰਫ ਕੁੜੀਆਂ-ਚਿੜੀਆਂ ਹੀ ਨਹੀਂ ਸਗੋਂ ਨੌਜਵਾਨ ਲੜਕੇ ਅਤੇ ਵੱਡੀ ਉਮਰ ਦੇ ਤੁਰਲੇ ਵਾਲੀਆਂ ਪੱਗਾਂ, ਕੁੜਤੇ-ਚਾਦਰੇ ਹੀ ਨਹੀਂ ਸਗੋਂ ਨੌਜਵਾਨ ਲੜਕੇ ਅਤੇ ਵੱਡੀ ਉਮਰ ਦੇ ਤੁਰਲੇ ਵਾਲੀਆਂ ਪੱਗਾਂ, ਕੁੜਤੇ-ਚਾਦਰੇ ਗੱਲ ਕੀ ਹਰ ਪੰਜਾਬੀ ਅਮਰੀਕਨ ਬੱਚੇ ਨੌਜਵਾਨ ਆਪਣੇ ਸੱਭਿਆਚਾਰ ਅਤੇ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭਦੇ ਨਜ਼ਰ ਆਏ।

ਜੀ. ਐਚ. ਜੀ. ਅਕੈਡਮੀ ਦੀ ਵਾਗਡੋਰ ਮੁਕੰਮਲ ਤੌਰ ਤੇ ਨੌਜਵਾਨ ਪੀੜ੍ਹੀ ਨੇ ਸਾਂਭ ਲਈ ਹੈ। ਛਤਰ ਛਾਇਆ ਅੱਜ ਵੀ ਉਸਤਾਦਾਂ ਦੀ ਹੈ। ਅੱਠਵੇਂ ਅੰਤਰ ਰਾਸ਼ਟਰੀ ਯੁਵਕ ਮੇਲੇ ਤੋਂ ਪਹਿਲਾਂ 15 ਦਿਨਾਂ ਦੇ ਕੈਂਪ ਦੌਰਾਨ 500 ਬੱਚਿਆਂ ਨੂੰ ਅੰਤਰ ਰਾਸ਼ਟਰੀ ਮਾਹਿਰਾਂ ਵੱਲੋਂ ਡਾ. ਦਲਜਿੰਦਰ ਸਿੰਘ ਜੌਹਲ ਦੇ ਨਿਰਦੇਸ਼ਨ ਹੇਠ ਮਾਰਸ਼ਲ ਆਰਟ ਤੋਂ ਬਗੈਰ, ਭੰਗੜਾ, ਗਿੱਧਾ ਹੋਰ ਬਹੁਤ ਸਾਰੀਆਂ ਗੱਲ ਦੀ ਸਿੱਖਿਆ ਦਿੱਤੀ ਗਈ। ਮੇਲੇ ਦੀ ਸ਼ੁਰੂਆਤ ਅਕੈਡਮੀ ਦੇ ਫਾਊਂਡਰ ਡਾ. ਦਲਜਿੰਦਰ ਸਿੰਘ ਜੌਹਲ ਨੇ ਅਰਦਾਸ ਨਾਲ ਕੀਤੀ। ਉਪਰੰਤ ਬੇਕਰਸਫੀਲਡ ਤੋਂ ਆਏ ਬੱਚਿਆਂ ਨੇ ਕੀਰਤਨ ਕਰਕੇ ਸਮੁੱਚੀ ਸੰਗਤ ਦਾ ਮਨ ਮੋਹ ਲਿਆ। ਸਟੇਜ ਦੀ ਜ਼ਿੰਮੇਵਾਰੀ ਸਟੇਜ ਦੀ ਮਲਿਕਾ ਬੀਬੀ ਆਸ਼ਾ ਸ਼ਰਮਾ ਨੇ ਸੰਭਾਲੀ। ਜਿਸ ਦੇ ਨਾਲ ਨਾਲ ਅਕੈਡਮੀ ਦੇ ਰੂਹੇ ਰਵਾ ਗੁਰਦੀਪ ਸਿੰਘ ਸ਼ੇਰਗਿਲ, ਸਟੇਜ ਸੰਚਾਲਨ ਦਾ ਠੇਠ ਪੰਜਾਬੀ ਅਤੇ ਸਿਆਹੀ ਰੰਗ, ਮਿਆਰੀ ਸ਼ਾਇਰੀ, ਹਾਸਰਸ ਕਮਾਲ ਦਾ ਸੀ। ਜਿਸ ਦੇ ਨਾਲ ਹੀ ਕੈਂਪ ਦੌਰਾਨ ਤਿਆਰ ਸਿੱਖਿਆਰਥੀਆਂ ਦੇ 25 ਗਰੁੱਪਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਸਮੁੱਚਾ ਪਾਰਕ ਹੀ ਨਹੀਂ ਸਾਰਾ ਫਰਿਜ਼ਨੋ ਸ਼ਹਿਰ ਝੂੰਮਣ ਲਾ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਆਏ ਦਰਸ਼ਕਾਂ ਵੱਲੋਂ ਭਰਵੀਂ ਦਾਦ ਦਿੱਤੀ।

ਅੰਤਰ ਰਾਸ਼ਟਰੀ ਜੂਨੀਅਰ ਭੰਗੜਾ ਮੁਕਾਬਲਾ ਹਰ ਸਾਲ ਦੀ ਤਰ੍ਹਾਂ ਬਹੁਤ ਹੀ ਫਸਵਾਂ ਸੀ। ਇਕ ਤੋਂ ਚੜ੍ਹਤ ਇਕ ਟੀਮ ਨੇ ਜੱਜਾਂ ਨੂੰ ਫੈਸਲਾ ਦੇਣ ਲਈ ਦੁਚਿੱਤੀ ਵਿਚ ਪਾਈ ਰੱਖਿਆ। ਲਾਈਵ ਗਰੁੱਪ ਵਿਚ ਕ੍ਰਮਵਾਰ ਪਹਿਲਾ, ਦੂਜਾ ਅਤ ਤੀਜਾ ਸਥਾਨ ਜੋਰ ਜਵਾਨੀ ਦਾ, ਰੋਇਲ ਭੰਗੜਾ, ਬੁਲਡੋਗ ਭੰਗੜਾ ਨੇ ਪ੍ਰਾਪਤ ਕੀਤਾ।ਇਹਨਾਂ ਨੂੰ ਪਹਿਲਾ ਇਨਾਮ ਸ਼ਾਨੇ ਪੰਜਾਬ ਦੇ ਸ. ਸੁਖਦੇਵ ਸਿੰਘ ਨੇ, ਦੂਜਾ ਇਨਾਮ ਜਸਵੀਰ ਸਰਾਏ ਅਤੇ ਸੰਦੀਪ ਅਤੇ ਤੀਜਾ ਇਨਾਮ ਨਿਊ ਇੰਡੀਆ ਦੇ ਸ. ਜਸਵਿੰਦਰ ਸਿੰਘ ਨੇ ਦਿੱਤਾ। ਸੰਗੀਤ ਗਰੁੱਪਾਂ ਵਿਚ ਕ੍ਰਮਵਾਰ ਪਹਿਲਾ ਸਥਾਨ ਭੰਗੜਾ ਐਵੇਨਿਊ, ਦੂਜਾ ਬੁੱਲਡੋਗ ਯੂਲੀਅਰਜ਼ ਅਤੇ ਤੀਜਾ ਬੀ. ਸੀ. ਸੀ. ਕਲਚਰਲ ਗਰਲਜ਼ ਨੇ ਹਾਸਲ ਕੀਤਾ, ਜਿਹਨਾਂ ਨੂੰ ਕ੍ਰਮਵਾਰ ਗਿੱਲ ਇੰਸ਼ੋਰੈਂਸ ਦੇ ਅਵਤਾਰ ਸਿੰਘ ਅਤੇ ਹਰਿੰਦਰ ਗਿੱਲ, ਦੂਜਾ ਇਨਾਮ ਇਨਫਰੇਡ ਇੰਡਸਟਰੀਜ਼ ਦੇ ਪ੍ਰਮਪ੍ਰੀਤ ਪੰਨੂ ਅਤੇ ਤਜਿੰਦਰ ਮਹਿਤਾ ਅਤੇ ਤੀਜਾ ਜਗਦੀਪ ਸਿੰਘ ਫਾਰਮਰਜ਼ ਇੰਸ਼ੋਰੈਂਸ ਵੱਲੋਂ ਦਿੱਤਾ ਗਿਆ। ਇਸ ਮੇਲੇ ਦੀ ਕੋਈ ਫੀਸ ਨਹੀਂ ਹੁੰਦੀ। ਸਾਰਾ ਸਾਲ ਬੱਚਿਆਂ ਨੂੰ ਸਿਖਲਾਈ ਮੁਫਤ ਦਿੱਤੀ ਜਾਂਦੀ ਹੈ।

**ਰਿਪੋਰਟ- ਪ੍ਰਮਜੀਤ ਸਿੰਘ ਧਾਲੀਵਾਲ**
(559-351-9405

# ਡਾ. ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਖੇਡ ਟੂਰਨਾਮੈਂਟ 23 ਅਕਤੂਬਰ ਨੂੰ

**ਆਕਲੈਂਡ- ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਹਫਤਾਵਾਰੀ ਸਮਾਗਮ ਦੇ ਉਪਰੰਤ ਆਕਲੈਂਡ ਦੇ ਸੰਭਾਵੀ ਮੇਅਰ ਸ੍ਰੀ ਫਿੱਲ ਗੌਫ ਨੇ ਸੰਗਤਾਂ ਨਾਲ ਸਾਂਝ ਪਾਈ ਅਤੇ ਵੋਟਾਂ ਦੇ ਵਿਚ ਸਹਿਯੋਗ ਦੀ ਮੰਗ ਕੀਤੀ। ਗੁਰਦੁਆਰਾ ਮੈਨੇਜਮੈਂਟ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਸ੍ਰੀ ਫਿੱਲ ਗੌਫ ਨੂੰ ਪੂਰਨ ਸਮਰਥਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਐਲਾਨ ਕੀਤਾ ਗਿਆ ਕਿ ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਕਰਵਾਇਆ ਜਾਂਦਾ ਸਲਾਨਾ ਖੇਡ ਟੂਰਨਾਮੈਂਟ ਪਹਿਲਾਂ ਵਾਲੇ ਖੇਡ ਮੈਦਾਨ ਪੁੱਕੀਕੁਈ ਵਿਖੇ 23 ਅਕਤੂਬਰ ਦਿਨ ਐਤਵਾਰ (ਲੇਬਰ ਵੀਕਐਂਡ ਡੇਅ) ਨੂੰ ਕਰਵਾਇਆ ਜਾਵੇਗਾ। ਪਹਿਲਾਂ ਦੀ ਤਰ੍ਹਾਂ ਕਬੱਡੀ ਫੁੱਟਬਾਲ, ਬੱਚਿਆਂ ਦੇ ਮੈਚ ਅਤੇ ਮਹਿਲਾਵਾਂ ਲਈ ਮਨੋਰੰਜਕ ਖੇਡਾਂ ਕਰਵਾਈਆਂ ਜਾਣਗਾਈਆਂ। ਸਥਾਨਕ ਸੰਸਦ ਮੈਂਬਰ ਅਤੇ ਹੋਰ ਭਾਰਤੀ ਭਾਈਚਾਰੇ ਦੇ ਆਗੂ ਇਸ ਮੌਕੇ ਪੁੱਜ ਕੇ ਰੌਣਕ ਵਧਾਉਣਗੇ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hayward, CA 94544

Harmandeep Singh

ਦੇਸ਼ ਦੁਆਬਾ

# ਦੱਖਣੀ ਏਸ਼ੀਆ ਵਿਚ ਤਣਾਅ ਵਾਲੀ ਸਥਿਤੀ

ਹਾਲ ਹੀ ਵਿਚ ਭਾਰਤੀ ਫੌਜ ਦੇ ਉੜੀ (ਜੰਮੂ-ਕਸ਼ਮੀਰ) ਸਥਿਤ ਠਿਕਾਣੇ ਤੇ ਹੋਏ ਅੱਤਵਾਦੀ ਹਮਲੇ ਵਿਚ ਭਾਰਤੀ ਫੌਜ ਦੇ 18 ਜਵਾਨ ਮਾਰੇ ਗਏ, ਜਦਕਿ ਹਮਲਾਵਰ ਅੱਤਵਾਦੀ ਵੀ ਮਾਰੇ ਗਏ। ਇਸ ਹਮਲੇ ਤੋਂ ਬਾਅਦ ਪੂਰੀ ਦੁਨੀਆਂ ਵਿਚ ਇਕ ਵਾਰ ਫਿਰ ਅੱਤਵਾਦ ਦੇ ਖਿਲਾਫ ਜ਼ੋਰਦਾਰ ਮੁਹਿੰਮ ਛੇੜਨ ਲਈ ਭਾਰਤ ਨੇ ਕਮਰਕੱਸੇ ਕਰ ਲਏ ਹਨ। ਖਬਰਾਂ ਮੁਤਾਬਕ ਉੜੀ ਹਮਲੇ ਵਿਚ ਪਾਕਿਸਤਾਨੀ ਹਥਿਆਰ ਵਰਤੇ ਗਏ ਸਨ, ਜਿਸ ਤੋਂ ਸਪਸ਼ਟ ਹੈ ਕਿ ਪਾਕਿਸਤਾਨ ਦੀ ਫੌਜ ਅਤੇ ਕੱਟੜਪੰਥੀਆਂ ਨੇ ਇਹ ਹਮਲੇ ਕਰਵਾਏ ਹਨ। ਇਸ ਹਮਲੇ ਕਾਰਨ ਦੱਖਣੀ ਏਸ਼ੀਆ ਵਿਚ ਇਕ ਵਾਰ ਫਿਰ ਤਣਾਅ ਵਾਲਾ ਮਾਹੌਲ ਬਣਨ ਲੱਗ ਪਿਆ ਹੈ। ਦਰਅਸਲ ਭਾਰਤ ਅਤੇ ਪਾਕਿਸਤਾਨ ਦੀ ਜ਼ਮੀਨੀ ਸਰਹੱਦ ਬਹੁਤ ਲੰਮੀ ਹੈ ਅਤੇ ਇਸ ਸਰਹੱਦ ਦੀ ਵਰਤੋਂ ਪਾਕਿਸਤਾਨ ਤੋਂ ਟਰੇਨਿੰਗ ਪ੍ਰਾਪਤ ਦਹਿਸ਼ਤਗਰਦ ਅਕਸਰ ਕਰਦੇ ਹਨ। ਹਾਲਾਂਕਿ ਪਾਕਿਸਤਾਨ ਵਿਚ ਅੱਤਵਾਦ ਨੂੰ ਲੈ ਕੇ ਸਪਸ਼ਟ ਰਾਏ ਨਹੀਂ ਹੈ ਕਿਉਂਕਿ ਉਥੋਂ ਦੀ ਸਿਵਲ ਸਰਕਾਰ ਅਜਿਹੀਆਂ ਅੱਤਵਾਦੀ ਕਾਰਵਾਈਆਂ ਨਹੀਂ ਕਰਵਾਉਣਾ ਚਾਹੁੰਦੀ ਪਰ ਪਾਕਿਸਤਾਨ ਵਿਚ ਸੱਤਾ ਦੇ ਦੋ ਕੇਂਦਰ ਹੋਣ ਕਾਰਨ ਸਿਵਲ ਸਰਕਾਰ ਦੇ ਵੱਸ ਤੋਂ ਬਾਹਰ ਹੈ। ਪਾਕਿਸਤਾਨ ਦੀ ਫੌਜ ਉਥੋਂ ਦੀ ਸਿਵਲ ਸਰਕਾਰ ਨੂੰ ਅਸਥਿਰ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੀ ਹੈ ਅਤੇ ਤਖਤਾ ਪਲਟ ਦੀ ਨੌਬਤ ਤਾਂ ਪਾਕਿਸਤਾਨ ਵਿਚ ਅਕਸਰ ਆਉਂਦੀ ਰਹਿੰਦੀ ਹੈ। ਅਜਿਹੇ ਦੁਚਿੱਤੀ ਵਾਲੇ ਮਾਹੌਲ ਵਿਚ ਪਾਕਿਸਤਾਨ ਅੱਤਵਾਦ ਰੋਕ ਸਕੇਗਾ, ਇਸ ਬਾਰੇ ਕੁਝ ਵੀ ਸਪਸ਼ਟ ਨਹੀਂ ਕਿਹਾ ਜਾ ਸਕਦਾ। ਪਾਕਿਸਤਾਨ ਵਿਚ ਕੱਟੜਪੰਥੀਆਂ ਦਾ ਦਬਦਬਾ ਬਹੁਤ ਜ਼ਿਆਦਾ ਹੈ। ਇਸ ਦੇ ਦੋ ਸੂਬਿਆਂ ਵਿਚ ਤਾਂ ਕੱਟੜਪੰਥੀ ਪਾਕਿਸਤਾਨ ਦੀ ਫੌਜ ਤੇ ਵੀ ਹਾਵੀ ਹੋ ਜਾਂਦੇ ਹਨ।

ਪਰ ਸਵਾਲ ਤਾਂ ਇਹ ਹੈ ਕਿ ਭਾਰਤ ਅਜਿਹੇ ਗੁਆਂਢੀ ਮੁਲਕ ਦੇ ਦਹਿਸ਼ਤਗਰਦ ਹਮਲੇ ਕਦੋਂ ਤੱਕ ਬਰਦਾਸ਼ਤ ਕਰਦਾ ਰਹੇਗਾ? ਇਸ ਕਰਕੇ ਠੋਸ ਨੀਤੀ ਬਣਾਉਣ ਦਾ ਵਕਤ ਆ ਗਿਆ ਹੈ। ਅੱਜ ਜਦੋਂ ਵਿਸ਼ਵ ਭਾਈਚਾਰੇ ਨੂੰ ਇਹ ਸੰਦੇਸ਼ ਜਾ ਚੁੱਕਾ ਹੈ ਕਿ ਪਾਕਿਸਤਾਨ ਨੇ ਅੱਤਵਾਦ ਨੂੰ ਆਪਣੀ ਵਿਦੇਸ਼ ਨੀਤੀ ਦਾ ਹਿੱਸਾ ਬਣਾ ਲਿਆ ਹੈ ਤਾਂ ਫਿਰ ਉਸ 'ਤੇ ਪਾਬੰਦੀਆਂ ਦੇ ਲਈ ਪ੍ਰਮੁੱਖ ਮੁਲਕਾਂ ਨੂੰ ਰਾਜ਼ੀ ਕਰਨਾ ਕਿਤੇ ਜ਼ਿਆਦਾ ਆਸਾਨ ਹੋ ਸਕਦਾ ਹੈ। ਇਹ ਕੰਮ ਕੂਟਨੀਤਿਕ ਕੁਸ਼ਲਤਾ ਨਾਲ ਹੀ ਸੰਭਵ ਹੈ, ਕਿਉਂਕਿ ਪਾਕਿਸਤਾਨ ਪਹਿਲਾਂ ਤੋਂ ਹੀ ਬਹੁਤ ਸਮੱਸਿਆਵਾਂ ਨਾਲ ਦੋ-ਚਾਰ ਹੋ ਰਿਹਾ ਹੈ। ਇਸ ਕਰਕੇ ਵਿਸ਼ਵ ਭਾਈਚਾਰੇ ਦੀ ਸਖਤੀ ਅਤੇ ਅਣਦੇਖੀ ਉਸਨੂੰ ਝੁਕਣ ਲਈ ਮਜਬੂਰ ਕਰ ਸਕਦੀ ਹੈ। ਜੇਕਰ ਅਮਰੀਕਾ, ਬ੍ਰਿਟੇਨ, ਫਰਾਂਸ, ਰੂਸ ਆਦਿ ਭਾਰਤ ਦੇ ਰੁਖ ਨਾਲ ਸਹਿਮਤ ਹੋ ਸਕਣ ਤਾਂ ਫਿਰ ਅਰਾਜਕ ਪਾਕਿਸਤਾਨ ਦੇ ਪੱਖ ਵਿਚ ਖੜ੍ਹਾ ਹੋਣਾ ਚੀਨ ਦੇ ਲਈ ਮੁਸ਼ਕਿਲ ਹੋ ਸਕਦਾ ਹੈ। ਪਾਕਿਸਤਾਨ ਦੇ ਖਿਲਾਫ ਹਰ ਪੱਧਰ ਤੇ ਕੂਟਨੀਤਿਕ ਪਹਿਲ ਕਰਨ ਦੇ ਨਾਲ-ਨਾਲ ਹੀ ਭਾਰਤ ਨੂੰ ਜ਼ਿਆਦਾ ਧਿਆਨ ਸੀਮਾਵਾਂ ਨੂੰ ਸੀਲ ਕਰਨ ਤੇ ਲਗਾਉਣਾ ਚਾਹੀਦਾ ਹੈ। ਭਾਰਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਫੌਜਾਂ ਦੀ ਲੜਾਈ ਨਾਲ ਕੋਈ ਫਾਇਦਾ ਨਹੀਂ ਬਲਕਿ ਦੋਵੇਂ ਮੁਲਕਾਂ ਦਾ ਨੁਕਸਾਨ ਹੀ ਹੋਵੇਗਾ। ਭਾਰਤ ਦੀ ਇਸ ਸਮਝ ਦਾ ਫਾਇਦਾ ਪਾਕਿਸਤਾਨ ਦੇ ਕੱਟੜਪੰਥੀ ਉਠਾਉਂਦੇ ਹਨ ਅਤੇ ਉਹ ਜੰਗ ਵਰਗੇ ਹਾਲਾਤ ਬਣਾਉਣ ਲਈ ਹਰ ਹੀਲਾ ਵਰਤਣ ਲਈ ਤਿਆਰ ਰਹਿੰਦੇ ਹਨ। ਇਸ ਕਰਕੇ ਭਾਰਤ ਨੂੰ ਸਮਝਦਾਰੀ ਤੋਂ ਕੰਮ ਲੈਣਾ ਹੋਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

## ਪੁਣਛਾਣ

# ਸਿਆਸਤ ਦੀ ਪੁਣਛਾਣ
# ਤਰਲੋਚਨ ਸੂੰਢ ਵੱਲੋਂ ਜੁੱਤੀ ਕੱਢ ਕੇ ਮਾਰਨ ਤੋਂ ਬਾਅਦ ਪੰਜਾਬ ਦੀ ਸਿਆਸਤ ਦਾ ਗ੍ਰਾਫ ਹੋਰ ਵੀ ਹੇਠਾਂ ਡਿੱਗ ਸਕਦਾ ਹੈ



ਪੰਮੀ ਲਾਲੋ ਮਜਾਰਾ
91-95011-43755

ਮੈਂ ਅਕਾਲੀਆਂ ਨੂੰ ਤੁੰਨ ਕੇ ਰੱਖ ਦਿਆਂਗਾ। ਇਹ ਸ਼ਬਦ ਪੰਜਾਬ ਦੇ ਸਵ: ਮੁੱਖ ਮੰਤਰੀ ਬੇਅੰਤ ਸਿੰਘ ਨੇ ਵਰਤੇ ਸੀ। ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਕਾਲੀਆਂ ਬਾਰੇ ਕੁਝ ਏਦਾਂ ਦੇ ਹੀ ਸ਼ਬਦਾਂ ਦਾ ਇਸਤੇਮਾਲ ਕੀਤਾ ਸੀ। ਪਰ ਹੁਣ ਕਾਂਗਰਸ ਦੇ ਹੀ ਬੰਗਿਆਂ ਤੋਂ ਵਿਧਾਇਕ ਚੌਧਰੀ ਜਗਤ ਰਾਮ ਦੇ ਲੜਕੇ ਤੇ ਬੇਅੰਤ ਸਿੰਘ ਦੇ ਓ. ਐਸ. ਡੀ. ਰਹੇ ਤਰਲੋਚਨ ਸੂੰਢ ਨੇ ਵਿਧਾਨ ਸਭਾ ਵਿਚ ਅਕਾਲੀ ਵਿਧਾਇਕ ਦੇ ਜੁੱਤੀ ਮਾਰ ਕੇ ਕਾਂਗਰਸ ਦੀ ਪਿਰਤ ਨੂੰ ਅੱਗੇ ਤੋਰਿਆ। ਹਾਲਾਂਕਿ ਸੂੰਢ ਨੇ ਕਿਹਾ ਕਿ ਮੈਂ ਇਹ ਜੁੱਤੀ ਵਿਰਸਾ ਸਿੰਘ ਵਲਟੋਹਾ ਦੇ ਮਾਰੀ ਸੀ, ਕਿਉਂਕਿ ਉਹਨੇ ਮੇਰੇ ਬਾਰੇ ਜਾਤੀ ਸੂਚਕ ਸ਼ਬਦ ਵਰਤੇ ਸਨ। ਪਰ ਜੇ ਵਿਰਸੇ ਨੇ ਜਾਤੀ ਸੂਚਕ ਸ਼ਬਦ ਵਰਤੇ ਸੀ ਤਾਂ ਉਹਦੇ ਖ਼ਿਲਾਫ਼ ਕਿਸੇ ਸਬੰਧਤ ਥਾਣੇ ਵਿਚ ਇਸ ਸਬੰਧੀ ਸ਼ਿਕਾਇਤ ਕੀਤੀ ਜਾ ਸਕਦੀ ਸੀ। ਤੁਸੀਂ ਆਪ ਅੰਦਾਜ਼ਾ ਲਾ ਲਓ ਇਕ ਐਮ. ਐਲ. ਏ. ਨੂੰ ਜੁੱਤੀ ਮਾਰ ਕੇ ਰੋਸ ਪ੍ਰਗਟਾਉਣਾ ਪੈ ਰਿਹਾ ਹੈ। ਤੇ ਆਮ ਆਦਮੀ ਕਿਹੜੇ ਖੂਹ ਖਾਤੇ ਵਿਚ ਡੁੱਬ ਕੇ ਮਰ ਜਾਵੇ, ਜਿਸਦੀ ਆਵਾਜ਼ ਨੂੰ ਪਿੰਡ ਦਾ ਸਰਪੰਚ ਹੀ ਨਹੀਂ ਸੁਣਦਾ, ਥਾਣੇ ਦਾ ਮੁਨਸ਼ੀ ਵੀ ਨਹੀਂ ਸੁਣਦਾ। ਤਹਿਸੀਲਦਾਰ ਨਹੀਂ ਕੁਝ ਵੀ ਸੁਣਦਾ। ਡੀ. ਸੀ. ਤੇ ਐਸ. ਐਸ. ਪੀ. ਦੀ ਤਾਂ ਤੁਸੀਂ ਜਨਾਬ ਗੱਲ ਹੀ ਛੱਡੋ। ਇਕ ਇਲਾਕੇ ਦਾ ਛੋਟਾ ਜਿਹਾ ਮੈਜਿਸਟ੍ਰੇਟ ਹੀ ਮਾਣ ਨਹੀਂ, ਗਵਾਹੀਆਂ ਹੋਣ ਦੇ ਬਾਵਜੂਦ ਉਹ ਫੈਸਲਾ ਪੈਂਡਿੰਗ ਰੱਖ ਲੈਂਦਾ ਹੈ। ਲਾਰੇ ਤੇ ਲਾਰਾ, ਤਰੀਕ ਤੇ ਤਰੀਕ। ਇੱਥੇ ਤਾਂ ਸਾਰਾ ਢਾਂਚਾ ਹੀ ਗ.ਲ ਸੜ ਚੁੱਕਾ ਹੈ, ਤੁਸੀਂ ਕਿਹਦੇ-ਕਿਹਦੇ ਜੁੱਤੀ ਛੱਡ ਕੇ ਮਾਰੋਗੇ।ਜੁੱਤੀ ਛੱਡ ਕੇ ਮਾਰਨ ਨਾਲ ਤੁਸੀਂ ਚਰਚਾ ਵਿਚ ਤਾਂ ਆ ਸਕਦੇ ਹੋ, ਪਰ ਜੁੱਤੀ ਮਾਰਨ ਨਾਲ ਤੁਸੀਂ ਇਨਕਲਾਬ ਤਾਂ ਨਹੀਂ ਲਿਆ ਸਕਦੇ ਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਹੋਰ ਬਦਲਾਅ ਹੀ ਲਿਆ ਸਕਦੇ ਹੋ।

ਜਦ ਜਰਨੈਲ ਸਿੰਘ ਨੇ ਪ੍ਰੈਸ ਕਾਨਫਰੰਸ ਦੇ ਦੋਰਾਨ ਪੀ. ਚਿੰਦਬਰਮ ਦੇ ਜੁੱਤੀ ਕੱਢ ਕੇ ਮਾਰੀ ਤਾਂ ਭੂਚਾਲ ਜਿਹਾ ਆ ਗਿਆ ਸੀ। ਉਸ ਵੇਲੇ ਅਕਾਲੀ ਵੀ ਬਹੁਤ ਖੁਸ਼ ਹੋਏ ਸੀ ਕਿਉਂਕਿ ਪੀ. ਚਿੰਦਬਰਮ ਇਕ ਕਾਂਗਰਸੀ ਆਗੂ ਸੀ। ਪਰ ਹੁਣ ਜਦ ਇਕ ਕਾਂਗਰਸੀ ਵਿਧਾਇਕ ਨੇ ਇਕ ਅਕਾਲੀ ਆਗੂ ਦੇ ਜੁੱਤੀ ਛੱਡ ਕੇ ਮਾਰੀ ਤਾਂ ਪੂਰੀ ਅਕਾਲੀ ਸਰਕਾਰ ਦੇ ਸੱਤ ਪੱਤਣੀਂ ਅੱਗ ਲੱਗ ਗਈ। ਖਾਸ ਕਰਕੇ ਅਕਾਲੀ ਦਲ ਵਿਚ ਬੈਠੇ ਦਲਿਤ ਚੌਧਰੀ ਬਹੁਤ ਜ਼ਿਆਦਾ ਤਰਲੋਮੱਛੀ ਹੋਏ, ਅਖੇ ਵਿਰਸਾ ਸਿੰਘ ਵਲਟੋਹਾ ਨੇ ਤਾਂ ਜਾਤੀ ਸੂਚਕ ਸ਼ਬਦ ਵਰਤੇ ਹੀ ਨਹੀਂ। ਉਏ ਭਲੇ ਮਾਣਸੋ ਜਾਤੀ ਸੂਚਕ ਸ਼ਬਦ ਕਹੇ ਜਾਂ ਨਹੀਂ ਕਹੇ, ਇਹ ਤਾਂ ਜਾਂਚ ਦਾ ਵਿਸ਼ਾ ਹੈ। ਪਰ ਤੁਸੀਂ ਕਿਵੇਂ ਕਲੀਨ ਚਿੱਟ ਦੇਈ ਜਾ ਰਹੇ ਹੋ। ਕੱਲ੍ਹ ਨੂੰ ਜੇ ਕਿਸੇ ਕਾਂਗਰਸੀ ਨੇ ਵਿਧਾਨ ਸਭਾ ਵਿਚ ਤੁਹਾਡੇ ਪ੍ਰਤੀ ਏਦਾਂ ਦੀ ਸ਼ਬਦਾਵਲੀ ਵਰਤ ਦਿੱਤੀ ਤੇ ਫਿਰ ਤੁਸੀਂ ਕਹਿਣਾ ਕਿ ਜਾਤੀ ਸੂਚਕ ਸ਼ਬਦ ਕਹੇ ਹਨ ਤੇ ਕਾਂਗਰਸ ਦੀ ਟਿਕਟ ਤੇ ਚੁਣ ਕੇ ਗਏ ਦਲਿਤ ਵਿਧਾਇਕ ਨੇ ਕਹਿਣਾ ਕਿ ਨਹੀਂ ਕਹੇ। ਫਿਰ ਤੁਸੀਂ ਭਾਵੇਂ ਲੱਖ ਕੋਸ਼ਿਸ਼ ਕਰ ਲਿਓ, ਸੁਣਨੀ ਤੁਹਾਡੀ ਵੀ ਕਿਸੇ ਨੇ ਹੈ ਨਹੀਂ। ਤੁਸੀਂ ਪਿੰਡਾਂ ਵਿਚ ਵੱਸਦੇ ਉਹਨਾਂ ਦਲਿਤ ਲੋਕਾਂ ਬਾਰੇ ਸੋਚੋ, ਜਿਹਨਾਂ ਨੂੰ ਹਾਲੇ ਵੀ ਏਦਾਂ ਦੇ ਜਾਤੀ ਸੂਚਕ ਸ਼ਬਦਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਨੂੰਨ ਦੇ ਮੁਤਾਬਕ ਜੇ ਕਿਸੇ ਪ੍ਰਤੀ ਕੋਈ ਏਦਾਂ ਦੇ ਸ਼ਬਦਾਂ ਦਾ ਉਪਯੋਗ ਕਰਦਾ ਹੈ ਤਾਂ ਦੋ ਗਵਾਹ ਜਨਰਲ ਸ਼੍ਰੇਣੀ ਨਾਲ ਸਬੰਧਤ ਰੱਖਣੇ ਹੋਣ ਚਾਹੀਦੇ ਹਨ। ਪਰ ਕਿਹੜਾ ਜੱਟ ਹੈ ਜੋ ਕਿਸੇ ਜੱਟ ਦੇ ਪ੍ਰਤੀ ਗਵਾਹ ਦੇਊ। ਫਿਰ ਉਹ ਕਹਾਵਤ ਵੀ ਤਾਂ ਕਿਸੇ ਨੇ ਸੌ ਅਰਕ ਕੱਢ ਕੇ ਹੀ ਬਣਾਈ ਹੋਣੀ ਹੈ ਕਿ "ਜੱਟ ਜੱਟਾਂ ਦੇ, ਫੱਗੂ ਕਿਹਦਾ।" ਜੇ ਵੇਖਿਆ ਜਾਵੇ ਤਾਂ ਲੱਗਭੱਗ ਹੁਣ ਸਾਰੀਆਂ ਸਿਆਸੀ ਪਾਰਟੀਆਂ ਦਾ ਕਲਚਰ ਕੁਝ ਏਦਾਂ ਦਾ ਹੀ ਹੋਇਆ ਪਿਆ ਹੈ, ਕੋਈ ਵੀ ਨਹੀਂ ਕਹਿ ਸਕਦਾ ਕਿ ਅਸੀਂ ਦੁੱਧ ਧੋਤੇ ਹਾਂ।

ਆਪਣੇ ਆਪ ਨੂੰ ਸਭ ਪਾਰਟੀਆਂ ਤੋਂ ਅਲੱਗ ਸਮਝਣ ਵਾਲੀ ਪਾਰਟੀ 'ਆਪ' ਨੇ ਜਰਨੈਲ ਸਿੰਘ ਨੂੰ ਪਹਿਲਾਂ ਦਿੱਲੀ ਵਿਚ ਵਿਧਾਇਕ ਬਣਾਇਆ ਤੇ ਹੁਣ ਪੰਜਾਬ ਵਿਚ ਉਹਨੂੰ ਵੱਡੀ ਜ਼ਿੰਮੇਵਾਰੀ ਵੀ ਦੇ ਦਿੱਤੀ ਹੈ। ਹੋ ਸਕਦਾ ਹੈ ਪੰਜਾਬ ਦੀਆਂ ਚੋਣਾਂ ਦੌਰਾਨ ਕੋਈ ਆਪ ਦਾ ਨਰਾਜ਼ ਤੇ ਜਾਂ ਕੋਈ ਨਿਰਾਸ਼ ਵਰਕਰ ਹੀ ਕੇਜਰੀਵਾਲ, ਸੰਜੇ ਸਿੰਘ, ਜਰਨੈਲ ਸਿੰਘ, ਭਗਵੰਤ ਮਾਨ ਤੇ ਜਾਂ ਆਸ਼ੂਤੋਸ਼ ਵੱਲ ਕੋਈ ਜੁੱਤੀ ਉਲਾਰ ਦੇਵੇ ਤਾਂ ਫਿਰ ਕੀ ਹੋਊਗਾ? ਸ਼ਾਇਦ ਕੁਝ ਵੀ ਨਹੀਂ ਹੋਵੇਗਾ। ਆਉਣ ਵਾਲੇ ਦਿਨਾਂ ਵਿਚ ਤੁਹਾਨੂੰ ਇਸ ਤੋਂ ਵੀ ਘਟੀਆ ਹਰਕਤਾਂ ਵੇਖਣ ਨੂੰ ਮਿਲਣਗੀਆਂ। ਲੜਾਈਆਂ-ਝਗੜੇ, ਖਿੱਚ-ਧੂਹ, ਗਾਲਾਂ ਮਾਂ ਦੀਆਂ, ਪਿਓ ਦੀਆਂ ਆਦਿ। ਕਿਉਂਕਿ ਸਭ ਸਿਆਸੀ ਪਾਰਟੀਆਂ ਨੇ ਰੰਗਲੇ ਪੰਜਾਬ ਦੇ ਸ਼ਹਿਦ ਵਰਗੇ ਮਿੱਠੇ ਕਲਚਰ ਵਿਚ ਸਿਆਸਤ ਦਾ ਗੰਦਾ ਜ਼ਹਿਰ ਘੋਲ ਕੇ ਰੱਖ ਦਿੱਤਾ ਹੈ, ਜਿਹੜਾ ਇਹਨੂੰ ਡੀਕ ਲਾ ਕੇ ਪੀਣ ਦੀ ਕੋਸ਼ਿਸ਼ ਕਰੇਗਾ, ਉਹਦੀ ਸੋਚ ਵੀ ਤਬਾਹ ਹੋ ਜਾਵੇਗੀ, ਜਿਹੜਾ ਇਹਨੂੰ ਪੀਣ ਤੋਂ ਮਨ੍ਹਾ ਕਰੇਗਾ, ਉਹਦੀ ਸੱਚਾਈ ਭਰੀ ਸੋਚ ਨੂੰ ਵੀ ਗੂੰਗੀ ਬਹਿਰੀ ਬਣਾ ਕੇ ਰੱਖ ਦਿੱਤਾ ਜਾਵੇਗਾ। ਪੰਜਾਬੀਓ ਹਾਲੇ ਵੀ ਤੁਹਾਡੇ ਵੱਸ ਵਿਚ ਬਹੁਤ ਕੁਝ ਹੈ। ਸਭ ਪਾਰਟੀਆਂ ਦੀ ਅਜ਼ਾਰੇਦਾਰੀ 'ਚੋਂ ਬਾਹਰ ਆਓ। ਬਾਵਾ ਸਾਹਿਬ ਦੁਆਰਾ ਬਖਸ਼ੇ ਵੋਟ ਦੇ ਹੱਕ ਨੂੰ ਵਰਤਣ ਵੇਲੇ ਕਿਤੇ ਕੁਤਾਹੀ ਨਾ ਕਰ ਦਿਓ, ਨਹੀਂ ਤਾਂ ਫਿਰ ਉਹ ਦਿਨ ਦੂਰ ਨਹੀਂ ਹਨ, ਜਦ ਸਾਰਾ ਪੰਜਾਬ ਵੈਂਟੀਲੇਟਰ 'ਤੇ ਪਿਆ ਹੋਇਆ ਨਜ਼ਰ ਆਵੇਗਾ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

### ਬ੍ਰਹਿਮੰਡ ਦੀ ਉਤਪਤੀ ਕਿਵੇਂ?

ਦੋਸਤੋ, ਸੰਸਾਰ ਵਿਚ ਵਾਪਰ ਰਹੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਵਿਗਿਆਨ ਦਾ ਨਿਯਮ ਜ਼ਰੂਰ ਹੁੰਦਾ ਹੈ। ਇਹਨਾਂ ਵਿਗਿਆਨਕ ਸਿਧਾਤਾਂ ਨੂੰ ਬਣਾਉਣ ਵਾਲੀ ਅਜਿਹੀ ਕੋਈ ਸ਼ਕਤੀ ਨਹੀਂ ਸੀ ਤੇ ਨਾ ਹੀ ਕੋਈ ਅਜਿਹੀ ਸ਼ਕਤੀ ਹੈ ਜਿਹੜੀ ਇਹਨਾਂ ਵਿਗਿਆਨਕ ਨਿਯਮਾਂ ਨੂੰ ਖਤਮ ਕਰ ਸਕੇ। ਵਿਗਿਆਨਕ ਨਿਯਮ ਸਦੀਵੀ ਸੱਚ ਹੁੰਦੇ ਹਨ ਜਿਹੜੇ ਸਮੇਂ ਤੇ ਸਥਾਨਾਂ ਤੇ ਨਿਰਭਰ ਨਹੀਂ ਕਰਦੇ। ਜਿਹੜੇ ਨਿਯਮ ਧਰਤੀ ਤੇ ਠੀਕ ਸਿੱਧ ਹੁੰਦੇ ਹਨ ਉਹ ਚੰਦਰਮਾ ਤੇ ਹੋਰ ਗ੍ਰਹਿਆਂ ਤੇ ਵੀ ਸੱਚੇ ਹੋਣਗੇ। ਜੋ ਅੱਜ ਧਰਤੀ ਤੇ ਲੱਗੇ ਦਰੱਖਤ ਦੇ ਫਲ ਟੁੱਟ ਕੇ ਧਰਤੀ ਦੇ ਕੇਂਦਰ ਵਲ ਨੂੰ ਡਿੱਗਦੇ ਹਨ ਤਾਂ ਇਹ ਅੱਜ ਤੋਂ ਦਸ ਹਜ਼ਾਰ ਸਾਲ ਪਹਿਲਾਂ ਵੀ ਅਜਿਹਾ ਹੀ ਹੁੰਦਾ ਸੀ। ਨਿਉਟਨ ਦਾ ਗੁਰੂਤਾ ਆਕਰਸ਼ਣ ਦਾ ਨਿਯਮ ਉਸ ਸਮੇਂ ਵੀ ਠੀਕ ਸੀ ਜਦੋਂ ਨਿਉਟਨ ਅਜੇ ਪੈਦਾ ਵੀ ਨਹੀਂ ਸੀ ਹੋਇਆ। ਆਕਸੀਜਨ ਦੀ ਅਣਹੋਂਦ ਕਰਕੇ ਬੇਸ਼ੱਕ ਚੰਦਰਮਾ ਤੇ ਦਰੱਖਤ ਨਹੀਂ ਹਨ ਪਰ ਜੇ ਉੱਥੇ ਵੀ ਅਜਿਹਾ ਹੁੰਦਾ ਤਾਂ ਫਲ ਟੁੱਟ ਜਾਣ ਤੇ ਚੰਦਰਮਾ ਦੇ ਕੇਂਦਰ ਵੱਲ ਹੀ ਖਿੱਚੇ ਜਾਣੇ ਸਨ।

### ਜੀਵਨ-ਚੱਕਰ

ਵਿਗਿਆਨ ਨੂੰ ਸਮਝਣ ਲਈ ਇਕ ਹੋਰ ਨਿਯਮ ਦੀ ਸਮਝ ਵੀ ਅਤੀ ਜ਼ਰੂਰੀ ਹੈ। ਬ੍ਰਹਿਮੰਡ ਵਿਚ ਉਪਲਬਧ ਹਰੇਕ ਜੀਵਤ ਤੇ ਮੁਰਦਾ ਵਸਤੂ ਦੀ ਸ਼ੁਰੂਆਤ ਅਤੇ ਅੰਤ ਹੁੰਦਾ ਹੈ। ਸੁਖਾਲੀ ਭਾਸ਼ਾ ਵਿਚ ਅਸੀਂ ਇਸਨੂੰ ਜੀਵਨ ਚੱਕਰ ਕਹਿ ਸਕਦੇ ਹਾਂ। ਸਾਰੇ ਸੰਸਾਰ ਵਿਚ ਇਕ ਵੀ ਅਜਿਹਾ ਪਦਾਰਥ ਨਹੀਂ ਹੈ ਜਿਸਦਾ ਜਨਮ ਤੇ ਮੌਤ ਨਾ ਹੋਵੇ। ਇਹ ਜੀਵਨ ਚੱਕਰ ਸੈਕਿੰਡ ਤੋਂ ਘੱਟ ਹੋ ਸਕਦਾ ਹੈ ਅਤੇ ਖਰਬਾਂ ਵਰਿਖ਼ਆਂ ਤੋਂ ਵੱਧ ਦੀ ਵੀ ਸੰਭਾਵਨਾ ਹੈ। ਉਦਾਹਰਣ ਲਈ ਮੱਛਰ ਕੁਝ ਦਿਨਾਂ ਵਿਚ ਹੀ ਜਨਮ, ਜੁਆਨੀ, ਸੰਤਾਨ ਉਤਪਤੀ ਤੇ ਬੁਢਾਪੇ ਦਾ ਚੱਕਰ ਪੂਰਾ ਕਰ ਲੈਂਦਾ ਹੈ। ਅਸੀਂ ਲਗਭਗ 80 ਸਾਲ ਵਿਚ ਇਹ ਚੱਕਰ ਖਤਮ ਕਰ ਲਵਾਂਗੇ, ਆਪਣੇ ਮਾਤਾ-ਪਿਤਾ ਤੋਂ ਇਕ ਇਕ ਸੈੱਲ ਪ੍ਰਾਪਤ ਕਰਕੇ ਅਸੀਂ ਆਪਣਾ ਜੀਵਨ ਚੱਕਰ ਸ਼ੁਰੂ ਕਰਦੇ ਹਾਂ, ਇਸ ਤੋਂ ਬਾਅਦ ਧਰਤੀ ਵਿਚ ਉੱਗੇ ਪੌਦਿਆਂ ਤੋਂ ਕਾਰਬਨ, ਹਾਈਡਰੋਜਨ ਤੇ ਆਕਸੀਜਨ ਵਰਗੇ ਤੱਤਾਂ ਦੇ ਪ੍ਰਮਾਣੂਆਂ ਤੋਂ ਬਣੇ ਅਣੂ ਪ੍ਰਾਪਤ ਕਰਦੇ ਰਹਿੰਦੇ ਹਾਂ। ਜਿਸ ਨਾਲ ਸਾਡੇ ਅੰਦਰ ਸੈਲਾਂ ਦੀ ਗਿਣਤੀ ਲਗਾਤਾਰ ਵਧਦੀ ਰਹਿੰਦੀ ਹੈ। ਲਗਭਗ 40 ਸਾਲ ਦੀ ਉਮਰ ਤੱਕ ਸਾਡੇ ਵਿਚ ਜਮਾਂ ਹੋਣ ਵਾਲੇ ਸੈਲਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹਿੰਦਾ ਹੈ। ਜਿਵੇਂ ਹਰੇਕ ਵਸਤੂ ਦਾ ਜੀਵਨ ਚੱਕਰ ਹੁੰਦਾ ਹੈ ਉਸੇ ਤਰਖ਼ਾਂ ਸੈਲਾਂ ਦਾ ਜੀਵਨ ਚੱਕਰ ਵੀ ਕੁਝ ਦਿਨਾਂ ਦਾ ਹੀ ਹੁੰਦਾ ਹੈ। ਪੁਰਾਣੇ ਸੈੱਲ ਮਰਦੇ ਰਹਿੰਦੇ ਹਨ ਅਤੇ ਨਵੇਂ ਪੈਦਾ ਹੁੰਦੇ ਰਹਿੰਦੇ ਹਨ। ਸਮੁੱਚੇ ਰੂਪ ਵਿਚ ਸਰੀਰ ਦੇ ਸੈੱਲਾਂ ਦੀ ਗਿਣਤੀ ਚਾਲੀ ਸਾਲ ਦੀ ਉਮਰ ਤੱਕ ਵਧਦੀ ਰਹਿੰਦੀ ਹੈ। ਪਰ ਇਸ ਤੋਂ ਪਿੱਛੋਂ ਚਾਲੀ ਤੋਂ ਪੰਜਾਹ ਸਾਲ ਦੀ ਉਮਰ ਤੱਕ ਇਹ ਗਿਣਤੀ ਲਗਭਗ ਸਾਂਵੀ ਰਹਿੰਦੀ ਹੈ। ਇਸ ਤੋਂ ਬਾਅਦ ਇਹ ਘੱਟਣੀ ਸ਼ੁਰੂ ਹੋ ਜਾਂਦੀ ਹੈ। ਲਗਭਗ 80 ਸਾਲ ਦੀ ਉਮਰ ਤੱਕ ਸਰੀਰ ਦੇ ਸੈੱਲਾਂ ਦੀ ਗਿਣਤੀ ਐਨੀ ਘੱਟ ਹੋ ਜਾਂਦੀ ਹੈ ਕਿ ਸਾਡੀ ਕੋਈ ਨਾ ਕੋਈ ਅੰਗ ਪ੍ਰਣਾਲੀ ਕੰਮ ਕਰਨੋਂ ਜੁਆਬ ਦੇ ਜਾਂਦੀ ਹੈ। ਇਸ ਤਰਖ਼ਾਂ ਸਾਡੇ ਜੀਵਨ ਚੱਕਰ ਦਾ ਅੰਤ ਹੋ ਜਾਂਦਾ ਹੈ ਅਤੇ ਧਰਤੀ ਤੋਂ ਪ੍ਰਾਪਤ ਸਾਰੇ ਸੈੱਲ ਕਿਸੇ ਨਾ ਕਿਸੇ ਰੂਪ ਵਿਚ ਧਰਤੀ ਨੂੰ ਮੁੜ ਜਾਂਦੇ ਹਨ।

ਧਰਤੀ ਤੇ ਮਿਲਣ ਵਾਲੀਆਂ ਨਿਰਜੀਵ ਵਸਤੂਆਂ ਵੀ ਇਸੇ ਕਿਸਮ ਦਾ ਜੀਵਨ ਚੱਕਰ ਬਤੀਤ ਕਰਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਜਿਸ ਕੁਰਸੀ ਤੇ ਬੈਠ ਕੇ ਤੁਸੀਂ ਇਹ ਕਿਤਾਬ ਪੜਖ਼ ਰਹੇ ਹੋ, ਉਸਦੇ ਬੀਤੇ ਹੋਏ ਸਮੇਂ ਤੇ ਆਉਣ ਵਾਲੇ ਪਲਾਂ ਬਾਰੇ ਤੁਸੀਂ ਕੁਝ ਨਾ ਕੁਝ ਅੰਦਾਜ਼ਾ ਜ਼ਰੂਰ ਲਾ ਸਕਦੇ ਹੋ। ਤੁਹਾਡੀ ਸੋਚ ਦੱਸੇਗੀ ਕਿ ਕਿਸੇ ਸਮੇਂ ਇਹ ਕੁਰਸੀ ਇਕ ਦਰੱਖਤ ਦਾ ਕੋਈ ਅੰਗ ਹੋਵੇਗੀ ਅਤੇ ਉਹ ਦਰੱਖਤ ਆਪਣੀ ਉਮਰ ਭੋਗ ਕੇ ਸੁੱਕ ਗਿਆ ਹੋਵੇਗਾ ਜਾਂ ਕਿਸੇ ਲੱਕੜਹਾਰੇ ਦੀ ਲੋੜ ਬਣ ਗਿਆ ਹੋਵੇਗਾ ਅਤੇ ਕਿਸੇ ਕਾਰੀਗਰ ਨੇ ਇਸਦੀ ਕੁਰਸੀ ਤਿਆਰ ਕਰ ਦਿੱਤੀ ਹੋਵੇਗੀ। ਜਦੋਂ ਤੁਸੀਂ ਇਸਦੇ ਭਵਿੱਖ ਵੱਲ ਨਜ਼ਰ ਮਾਰੋਗੇ ਤਾਂ ਤੁਸੀਂ ਇਸ ਸਿੱਟੇ ਤੇ ਪਹੁੰਚੋਗੇ ਕਿ ਕਿਸੇ ਦਿਨ ਇਹ ਕੁਰਸੀ ਟੁੱਟ ਜਾਵੇਗੀ ਅਤੇ ਕੋਈ ਇਸਨੂੰ ਚੁੱਲੇ ਵਿਚ ਬਾਲਣ ਦੇ ਤੌਰ 'ਤੇ ਵਰਤ ਲਵੇਗਾ। ਇਸ ਤਰਖ਼ਾਂ ਪ੍ਰਾਪਤ ਹੋਇਆ ਗਰਮੀ, ਪਾਣੀ ਤੇ ਕਾਰਬਨ ਡਾਈਕਸਾਈਡ ਮੁੜ ਵਾਯੂ ਮੰਡਲ ਵਿਚ ਜਾ ਮਿਲੇਗਾ ਜਿਥੋਂ ਦਰੱਖਤਾਂ ਨੇ ਮੁੜ ਇਸਦੀ ਖੁਰਾਕ ਲੈਣੀ ਹੈ ਅਤੇ ਸਿੱਟੇ ਵਜੋਂ ਧਰਤੀ ਵਿਚੋਂ ਨਿਕਲੇ ਅਣੂ ਧਰਤੀ ਵਿਚ ਹੀ ਵਾਪਸ ਹੋ ਜਾਣਗੇ।

ਸਮੁੰਦਰ ਵਿਚੋਂ ਵਾਸ਼ਪ ਬਣ ਕੇ ਉੱਡਿਆ ਪਾਣੀ ਬੱਦਲ ਬਣ ਕੇ ਪਹਾੜਾਂ 'ਤੇ ਢੇਰੀ ਹੋ ਜਾਂਦਾ ਹੈ। ਸੈਂਕੜੇ ਮੀਲਾਂ ਦੀ ਦੂਰੀ ਤੈਅ ਕਰਕੇ ਫਿਰ ਨਦੀਆਂ ਨਾਲਿਆਂ ਵਿਚੋਂ ਦੀ ਯਾਤਰਾ ਕਰਦਾ ਮੁੜ ਸਮੁੰਦਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਤਰਖ਼ਾਂ ਬ੍ਰਹਿਮੰਡ ਵਿਚ ਮਿਲਣ ਵਾਲੇ ਸਾਰੇ ਤਾਰਿਆਂ, ਗ੍ਰਹਿਆਂ ਤੇ ਉਪਗ੍ਰਹਿਆਂ ਦਾ ਜੀਵਨ ਚੱਕਰ ਹੁੰਦਾ ਹੈ। ਭਾਵੇਂ ਇਹ ਜੀਵਨ ਚੱਕਰ ਅਰਬਾਂ ਵਰਖ਼ੇ ਦੇ ਹਨ ਤੇ ਇਸ ਵਿਚ ਅਰਬਾਂ ਹੀ ਛੋਟੇ ਵੱਡੇ ਜੀਵਨ ਚੱਕਰ ਹੋਰ ਸ਼ਾਮਿਲ ਹਨ, ਇਹਨਾਂ ਸਾਰਿਆਂ ਦੀ ਚਰਚਾ ਕਰਨੀ ਸਾਡੀ ਸਮਰੱਥਾ ਤੋਂ ਬਾਹਰੀ ਗੱਲ ਹੈ।

### ਮਾਦਾ ਰੂਪ ਬਦਲਦਾ ਹੈ

ਬ੍ਰਹਿਮਡ ਦੇ ਇਸ ਜੀਵਨ ਚੱਕਰ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਵਿਗਿਆਨ ਦਾ ਇਕ ਹੋਰ ਨਿਯਮ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਮਾਦਾ ਨਾ ਤਾਂ ਪੈਦਾ ਹੁੰਦਾ ਹੈ ਤੇ ਨਾ ਹੀ ਨਸ਼ਟ ਹੁੰਦਾ ਹੈ। ਇਹ ਤਾਂ ਸਿਰਫ ਰੂਪ ਹੀ ਬਦਲਦਾ ਹੈ ਬ੍ਰਹਿਮੰਡ ਤੋਂ ਸਾਡਾ ਭਾਵ ਉਸ ਮਾਦੇ ਤੋਂ ਹੈ ਜਿਸ ਦਾ ਕਿਸੇ ਸਮੇਂ ਸਾਡੀ ਧਰਤੀ ਇਕ ਭਾਗ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁੱਢਲਾ ਮਾਦਾ ਵੀ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਹੋਰ ਜੀਵਨ ਚੱਕਰ ਦੀ ਪੈਦਾਇਸ਼ ਹੀ ਸੀ ਕਿਉਂਕਿ ਅਸੀਂ ਇਹ ਮੰਨ ਕੇ ਤੁਰਦੇ ਹਾਂ ਕਿ ਮੁੱਢਲਾ ਪਦਾਰਥ ਹਮੇਸ਼ਾ ਹੀ ਬ੍ਰਹਿਮੰਡ ਵਿਚ ਸੀ ਅਤੇ ਕਿਸੇ ਨਾ ਕਿਸੇ ਰੂਪ ਵਿਚ ਰਹੇਗਾ। ਬ੍ਰਹਿਮੰਡ ਐਨਾ ਵਿਸਾਲ ਹੈ ਕਿ ਇਸਦਾ ਕਿਤੇ ਵੀ ਕੋਈ ਅੰਤ ਨਹੀਂ ਹੈ ਤੇ ਨਾ ਹੀ ਇਸਦਾ ਅੰਤ ਸੰਭਵ ਹੈ ਕਿਉਂਕਿ ਇਸਦੀ ਸੀਮਾ ਦਾ ਮਤਲਬ ਕਿਸੇ ਹੋਰ ਮਾਦੇ ਦੀ ਹੋਂਦ ਹੀ ਹੋ ਸਕਦਾ ਹੈ। (ਚਲਦਾ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ








**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 18 ਸਤੰਬਰ, ਦਿਨ ਐਤਵਾਰ ਨੂੰ ਸਵੇਰੇ ਭਾਈ ਗੁਰਮੁਖ ਸਿੰਘ ਜੀ, ਬੀਬੀ ਸਵਰਨ ਕੌਰ ਜੀ ਪੁੱਤਰ ਦਲਜੀਤ ਸਿੰਘ, ਬੀਬੀ ਸਰਬਜੀਤ ਕੌਰ ਜੀ ਪਰਿਵਾਰ ਵੱਲੋਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਸਮਾਗਮ ਵਿਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਦਿਲਬੀਰ ਸਿੰਘ ਜੀ ਥਾਈਲੈਂਡ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਭਾਈ ਸਾਹਿਬ ਜੀ ਨੇ ਚਾਰ ਦਿਨ ਗੁਰਬਾਣੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਐਤਵਾਰ ਦੇ ਦੀਵਾਨਾਂ ਵਿਚ ਭਾਈ ਦਿਲਬੀਰ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਐਤਵਾਰ ਨੂੰ ਵਾਲਗਰੀਨ ਵੱਲੋਂ ਸੰਗਤਾਂ ਦੇ ਫਰੀ ਫਲੂ ਸ਼ਾਟ (ਟੀਕੇ) ਲਗਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਾਲਗਰੀਨ ਦੀ ਪੂਰੀ ਟੀਮ ਨੂੰ ਸਨਮਾਨਿਤ ਕੀਤਾ ਗਿਆ।

ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਜੀ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਖਾਨਖਾਨਾ 'ਚ ਪਟਕੇ ਦੀ ਕੁਸ਼ਤੀ ਸ਼ਮੀ ਫਗਵਾੜਾ ਨੇ ਜਿੱਤੀ

**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਬਾਬਾ ਇਛਿਆਧਾਰੀ ਪ੍ਰਬੰਧਕ ਕਮੇਟੀ ਖਾਨਖਾਨਾ ਵਲੋਂ ਸਲਾਨਾ ਛਿੰਝ ਮੇਲਾ ਸੋਹਣ ਸਿੰਘ ਅਤੇ ਪਰਮਿੰਦਰ ਸਿੰਘ ਯੂ.ਐਸ.ਏ.ਦੀ ਅਗਵਾਈ 'ਚ ਕਰਵਾਇਆ ਗਿਆ।ਇਸ ਮੌਕੇ ਛਿੰਝ ਮੇਲੇ ਦਾ ਉਦਘਾਟਨ ਸਰਪੰਚ ਲੱਡੂ ਰਾਮ ਅਤੇ ਜਥੇਦਾਰ ਨਰਿੰਦਰ ਸਿੰਘ ਰਾਏ ਪ੍ਰਧਾਨ ਸਹਿਕਾਰੀ ਸਭਾ ਨੇ ਕੀਤਾ।

ਇਸ ਮੌਕੇ ਮੇਲਾ ਮੁੱਖ ਪ੍ਰਬੰਧਕ ਸ. ਓਕਾਂਰ ਸਿੰਘ ਸੰਧੂ ਨੇ ਪਹਿਲੀ ਕੁਸ਼ਤੀ ਦਾ ਅਰੰਭ ਕਰਵਾਇਆ। ਪਟਕੇ ਦੀ ਕੁਸ਼ਤੀ ਪਹਿਲਵਾਨ ਸ਼ਮੀ ਫਗਵਾੜਾ ਅਤੇ ਮੀਨੂੰ ਪੀ.ਏ.ਪੀ. ਵਿੱਚਕਾਰ ਬੜੀ ਦਿਲਚਸਪ ਹੋਈ ਜਿਹੜੀ ਕਿ ਸ਼ਮੀ ਫਗਵਾੜਾ ਨੇ ਕਾਫੀ ਜੱਦੋ-ਜਹਿਦ ਤੋਂ ਬਾਅਦ ਜਿੱਤ ਲਈ ਅਤੇ ਪਹਿਲਾ 9000 ਰੁਪਏ ਦਾ ਨਗਦ ਇਨਾਮ ਹਾਸਲ ਕੀਤਾ ਅਤੇ ਉਪ ਜੇਤੂ ਮੀਨੂੰ ਨੂੰ 8000 ਰੁਪਏ ਦਾ ਨਗਦ ਇਨਾਮ ਦਿੱਤਾ ਗਿਆ। ਇਸ ਮੌਕੇ ਪਹਿਲਵਾਨ ਪਵਨ ਖਾਨਖਾਨਾ ਅਤੇ ਵਿੱਕੀ ਪੋਸੀ ਵਿੱਚੋਂ ਪਵਨ ਜੇਤੂ,ਸਿਮਰਨ ਖਾਨਖਾਨਾ ਅਤੇ ਤਲਵਿੰਦਰ ਮੀਰਪੁਰ ਲੱਖਾ ਵਿਚੋਂ ਸਿਮਰਨ ਜੇਤੂ ਰਿਹਾ।

ਮੇਲੇ ਦੇ ਪ੍ਰਬੰਧਾਂ 'ਚ ਸਰਵਸ਼੍ਰੀ ਓਕਾਂਰ ਸਿੰਘ, ਜਥੇਦਾਰ ਦਵਿੰਦਰ ਸਿੰਘ, ਗੀਤਕਾਰ ਪਿੰਦੂ ਖਾਨਖਾਨੀਆ, ਦਵਿੰਦਰ ਸਿੰਘ ਪੰਚ,ਗਗਨਦੀਪ ਸਿੰਘ ਪੰਚ, ਹੁਸਨ ਲਾਲ ਪੰਚ,ਲੈਂਬਰ ਸਿੰਘ, ਮਹਿੰਦਰ ਸਿੰਘ, ਹਰਦੀਪ ਸਿੰਘ, ਗੁਰਦੀਪ ਸਿੰਘ, ਧਰਮਪਾਲ, ਬੂਟਾ ਸਿੰਘ, ਕੁਲਵੰਤ ਸਿੰਘ ਅਤੇ ਹੋਰਨਾਂ ਨੇ ਵਿਸ਼ੇਸ਼ ਤੌਰ ਤੇ ਸੇਵਾ ਨਿਭਾਈ।



ਬਾਬਾ ਇੱਛਿਆਧਾਰੀ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਛਿੰਝ ਮੇਲੇ ਦੇ ਜੇਤੂਆਂ ਨੂੰ ਇਨਾਮ ਤਕਸੀਮ ਕਰਨ ਮੌਕੇ ਜਥੇਦਾਰ ਨਰਿੰਦਰ ਸਿੰਘ ਰਾਏ, ਸਰਪੰਚ ਲੱਡੂ ਰਾਮ, ਓਕਾਂਰ ਸਿੰਘ, ਜਥੇਦਾਰ ਦਵਿੰਦਰ ਸਿੰਘ ਅਤੇ ਹੋਰ।

## ਸਾਹਿੱਤਕ ਸਖਸ਼ੀਅਤ ਸ. ਦਵਿੰਦਰ ਸਿੰਘ ਸਰਾਂ ਸਦੀਵੀ ਵਿਛੋੜਾ ਦੇ ਗਏ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਕਹਾਣੀਆਂ ਅਤੇ ਨਾਟਕ ਲਿਖ ਕੇ ਪੰਜਾਬੀ ਸਾਹਿਤਕਾਰਾਂ ਵਿਚ ਨਾਂ ਦਰਜ ਕਰਵਾਉਣ ਵਾਲੇ ਸ. ਦਵਿੰਦਰ ਸਿੰਘ ਸਰਾਂ ਸਦੀਵੀ ਵਿਛੋੜਾ ਦੇ ਗਏ। ਭਾਸ਼ਾ ਵਿਭਾਗ ਪੰਜਾਬ ਅਤੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਕਈ ਵਾਰ ਸਨਮਾਨਤ ਹੋ ਚੁੱਕੇ ਸ੍ਰੀ ਸਰਾਂ ਸਾਰੀ ਉਮਰ ਅਧਿਆਪਨ ਕਿੱਤੇ ਰਾਹੀਂ ਨੌਜਵਾਨ ਪੀੜ੍ਹੀ ਨਾਲ ਵਾ-ਬਸਤਾ ਰਹੇ। ਬਹੱਤਰ ਸਾਲਾ ਸ੍ਰੀ ਸਰਾਂ ਰਾਮਗੜ੍ਹੀਆ ਹਾਇਰ ਸੈਕੰਡਰੀ ਸਕੂਲ ਫਗਵਾੜਾ ਤੋਂ ਸੇਵਾ-ਮੁਕਤ ਹੋਣ ਉਪਰੰਤ ਸਾਹਿਤ ਰਚਨਾ ਨੂੰ ਸਮਰਪਿਤ ਹੋ ਗਏ।

ਸ੍ਰੀ ਸਰਾਂ ਦੇ ਨੇੜਲੇ ਰਿਸ਼ਤੇਦਾਰ ਨਵਾਂ ਸ਼ਹਿਰ ਦੇ 'ਅਜੀਤ ਬਿਊਰੋ ਚੀਫ' ਸ. ਦੀਦਾਰ ਸਿੰਘ ਸ਼ੇਤਰਾ ਅਨੁਸਾਰ ਉਹਨਾਂ ਦੀ ਆਤਮਿਕ ਸ਼ਾਂਤੀ ਹਿਤ ਪਾਠ ਦਾ ਭੋਗ 25 ਸਤੰਬਰ ਐਤਵਾਰ ਨੂੰ ਸਤਨਾਮਪੁਰਾ ਫਗਵਾੜਾ ਦੇ ਗੁਰਦੁਆਰਾ ਸਾਹਿਬ ਵਿਖੇ ਪਵੇਗਾ।



## ਗੁਰੂ ਘਰਾਂ ਦੀਆਂ ਸਮੱਸਿਆਵਾਂ ਅਤੇ ਹੱਲ ਉਤੇ ਫੇਅਰਫੀਲਡ 'ਚ ਸੈਮੀਨਾਰ ਕਰਵਾਇਆ

(ਸਫਾ 1 ਦੀ ਬਾਕੀ)

ਗੋਰਿਆਂ ਵਿਚ ਕਰਨ ਲਈ ਯਤਨ ਕਰ ਰਹੀਆਂ ਸੰਸਥਾਵਾਂ ਜਾਂ ਵਿਅਕਤੀਆਂ ਦਾ ਪੂਰਨ ਸਹਿਯੋਗ ਗੁਰੂ ਘਰਾਂ ਦੀਆਂ ਕਮੇਟੀਆਂ ਵੱਲੋਂ ਹੋਣਾ ਚਾਹੀਦਾ ਹੈ, ਸਾਨੂੰ ਸਾਰਿਆਂ ਨੂੰ ਗੁਰਬਾਣੀ ਦੁਆਰਾ ਸਿਖਾਈ ਜੀਵਨ-ਜਾਚ ਅਪਣਾਉਣ ਦੀ ਲੋੜ ਹੈ ਅਤੇ ਸੇਵਾ ਤਾਂ ਹੀ ਸਫਲ ਹੈ ਜੇ ਨਿਸ਼ਕਾਮ ਅਤੇ ਨਿਮਰਤਾ ਨਾਲ ਕੀਤੀ ਜਾਵੇ।

ਇਸ ਮੌਕੇ ਅਸੈਂਬਲੀਮੈਨ ਜਿਮ ਫਰੇਜ਼ੀਅਰ, ਮੇਅਰ ਹੈਰੀ ਪਰਾਈਸ, ਸੁਪਰਵਾਈਜ਼ਰ ਸਕਿਪ ਥਾਮਸਨ, ਸੁਪਰਵਾਈਜ਼ਰ ਬਿੰਡਾ ਸੀਫਰਟ, ਸੁਪਰਵਾਈਜ਼ਰ ਐਰਿਨ ਰੈਨੀਗਨ ਅਤੇ ਹੋਰ ਸਿਟੀ ਅਤੇ ਕਾਉਂਟੀ ਆਫੀਸ਼ੀਅਲਜ਼ ਵਿਸ਼ੇਸ਼ ਤੌਰ ਤੇ ਪਹੁੰਚੇ।ਸਿੱਖ ਭਾਈਚਾਰੇ ਵੱਲੋਂ ਪ੍ਰਭਜੀਤ ਗਰੇਵਾਲ, ਹਰਪਿੰਦਰ ਜੱਸਰ, ਜਸ ਸੋਹਲ, ਸਨੀ ਬੋਇਲ, ਜੈਸੀ ਬਾਜਵਾ, ਰਾਜਬੀਰ ਗਰੇਵਾਲ, ਪਰਮਿੰਦਰ ਬੇਦੀ, ਅਮਰਪਾਲ ਖੈਹਰਾ, ਜਤਿੰਦਰ ਮਾਂਗਟ, ਚਰਨ ਸਿੰਘ ਸੰਧੂ, ਗੁਰਦੀਪ ਚਾਹਲ, ਸੁੱਖੀ ਉਪਲ, ਗੁਰਦੀਪ ਬਾਹੀਆ, ਦਵਿੰਦਰ ਸਹੋਤਾ, ਜਸਪਰੀਤ ਖਿੰਡਾ, ਗੁਰਪ੍ਰੀਤ ਧੁੱਗਾ ਆਦਿ ਸ਼ਾਮਲ ਸਨ। ਇਸ ਮੌਕੇ ਡਾ. ਜੇ. ਪੀ. ਸਿੰਘ, ਡਾ. ਅਮਰੀਕ ਸਿੰਘ, ਡਾ. ਨਰਿੰਦਰ ਧਾਲੀਵਾਲ, ਜਸਵੰਤ ਸਿੰਘ ਹੋਠੀ, ਅਮਰ ਸ਼ੇਰਗਿੱਲ, ਸਾਨੀਆ ਕਰਭੇਲਾ ਨੇ ਵੀ ਸੰ-ਬੋਧਨ ਕੀਤਾ।

## ਮੁਲਾਇਮ ਨੇ ਅਮਰ ਨੂੰ ਬਣਾਇਆ ਪਾਰਟੀ ਦਾ ਜਨਰਲ ਸਕੱਤਰ

**ਲਖਨਊ–** ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਨੇ ਅਮਰ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾ ਦਿੱਤਾ ਹੈ। ਵਰਨਣਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਮੁਲਾਇਮ ਦੇ ਪੁੱਤ ਅਖਿਲੇਸ਼ ਯਾਦਵ ਵੱਲੋਂ ਅਮਰ ਸਿੰਘ ਦੀ ਖੁੱਲ੍ਹੇ ਤੌਰ 'ਤੇ ਆਲੋਚਨਾ ਕਰ ਚੁੱਕੇ ਹਨ। ਮੁਲਾਇਮ ਨੇ ਹੱਥ ਲਿਖਤ ਪੱਤਰ ਵਿਚ ਸ੍ਰੀ ਅਮਰ ਸਿੰਘ ਨੂੰ ਸਮਾਜਵਾਦੀ ਪਾਰਟੀ ਦਾ ਜਨਰਲ ਸਕੱਤਰ ਨਿਯੁਕਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਇਹ ਨਿਯੁਕਤੀ ਪਾਰਟੀ ਨੂੰ ਹੋਰ ਮਜ਼ਬੂਤ ਕਰੇਗੀ, ਜਿਸ ਨਾਲ ਰਾਜ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਜੇਤੂ ਹੋ ਕੇ ਨਿਕਲੇਗੀ। ਦੂਜੇ ਪਾਸੇ ਸ੍ਰੀ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਸਮਾਜਵਾਦੀ ਪਰਿਵਾਰ ਇਕਜੁੱਟ ਹੈ ਤੇ ਹਰ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਰਾਜ ਕੈਬਨਿਟ ਦੀ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਸਮਾਜਵਾਦੀ ਪਰਿਵਾਰ ਇਕਜੁੱਟ ਹੈ ਤੇ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਜਿੱਤਣ ਲਈ ਮੈਦਾਨ ਵਿੱਚ ਉਤਰੇਗੀ।

# ਰਾਮਗੜ੍ਹੀਆ ਇੰਜੀਨੀਅਰਿੰਗ ਕਾਲਜ ਵਿਖੇ ਤਿੰਨ ਰੌਜ਼ਾ ਵਰਕਸ਼ਾਪ ਸਫਲਤਾ ਪੂਰਵਕ ਸਮਾਪਤ

**ਫਗਵਾੜਾ (ਬੀ.ਕੇ.ਰੱਤੂ)–** ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਚੈਅਰਮੈਨ ਸ. ਭਰਪੂਰ ਸਿੰਘ ਭੋਗਲ ਅਤੇ ਵਾਇਸ ਪ੍ਰਧਾਨ ਮੈਡਮ ਮਨਪ੍ਰੀਤ ਕੌਰ ਭੋਗਲ ਜੀ ਦੀ ਸੂਝਵਾਨ ਅਗਵਾਈ ਹੇਠ ਰਾਮਗੜ੍ਹੀਆ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਯੂਨੀ-ਵਰਸਲ ਹੂਮੈਨ ਵੈਲੀਊ ਐਂਡ ਐਥਿਕਸ ਤੇ ਚੱਲ ਰਹੀ ਤਿੰਨ ਰੌਜ਼ਾ ਵਰਕਸ਼ਾਪ ਸਫਲਤਾ ਪੂਰਵਕ ਸਮਾਪਤ ਹੋਈ, ਜਿਸ ਵਿੱਚ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਤਹਿਤ ਮੁੱਖ ਮਹਿਮਾਨ ਵਜੋਂ ਡਾ. ਐਨ.ਪੀ ਸਿੰਘ(ਡੀਨ ਪਲੈਨਿੰਗ ਐਂਡ ਡੀਵੈਲਪਮੈਂਟ ਆਈ .ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ) ਤੇ ਡਾ. ਐਸ. ਐਸ. ਆਹਲੂਵਾਲੀਆ (ਡਾਇਰੈਕਟਰ ਆਫ ਸਟੂਡੈਂਟ ਵੈਲਫਟਅਰ ਯੂਨੀਵਰਸਲ ਹੂਮੈਨ ਵੈਲੀਊ ਐਂਡ ਐਥਿਕਸ) ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ।ਇਸ ਵਰਕਸ਼ਾਪ ਵਿੱਚ ਜਤਿੰਦਰ ਨਰੂਲਾ (ਅਸ਼ੀਸਟੈਂਟ ਰਜਿਸਟਰਾਰ ਆਈ .ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ) ਨੇ ਬਹੁਤ ਹੀ ਧੀਰਜ਼ ਅਤੇ ਉਤਸ਼ਾਹ ਨਾਲ ਤਿੰਨ ਰੋਜਾ ਵਰਕਆਪ ਦੀ ਅਗਵਾਈ ਕੀਤੀ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਕਿੱਲ ਡੀਵੈਲਪਮੈਂਟ ਅਤੇ ਹੂਮੈਨ ਵੈਲੀਉ ਦੇ ਪਹਿਲੂਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਰਾਮਗੜ੍ਹੀਆ ਐਜੂਕੇਸ਼ਨ ਸੰਸਥਾਵਾਂ ਦੇ ਡਾਇਰੈਕਟਰ ਡਾ. ਵੀਓਮਾ ਭੋਗਲ ਢੱਟ ਜੀ ਨੇ ਸ਼ਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਕੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਲਗਾਈਆਂ ਜਾਣਗੀਆਂ ਤਾਂ ਜੋ ਇੱਕ ਚੰਗੇ ਸਮਾਜ ਦੀ ਸਿਰਜਣਾਂ ਹੋ ਸਕੇ।ਇਸ ਮੌਕੇ ਪ੍ਰਿਸੀਪਲ ਡਾ. ਨਵੀਨ ਢਿਲੋਂ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਕਿਹਾ ਆਈ .ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਪਰਾਲੇ ਸਦਕਾ ਇਹ ਵਰਕਸ਼ਾਪ ਲਗਾਈ ਗਈ ਜਿਸ ਦਾ ਮੁੱਖ ਮਕਸਦ ਮਨੁੱਖਤਾ ਦੇ ਰਸਤੇ ਚੱਲ ਕੇ ਇੱਕ ਚੰਗੇ ਚਰਿੱਤਰ ਦਾ ਨਿਰਮਾਨ ਕਰਨਾ ਹੈ।ਉਹਨਾਂ ਨੇ ਜਤਿੰਦਰ ਨਰੂਲਾ ਜੀ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਉਹਨਾਂ ਦੀ ਦਿੱਤੀ ਹੋਈ ਸਿੱਖਿਆ ਸਾਨੂੰ ਇੱਕ ਚੰਗਾ ਜੀਵਨ ਜੀਉਣ ਦੀ ਜਾਂਚ ਸਿਖਾਉਂਦੀ ਹੈ ਜੋ ਸਾਡੇ ਜਿੰਦਗੀ ਦੇ ਹਨੇਰੇ ਨੂੰ ਦੂਰ ਕਰਕੇ ਰੌਸ਼ਨੀ ਪੈਦਾ ਕਰਦੀ ਹੈ।

ਆਏ ਹੋਏ ਸਾਰੇ ਮੁੱਖ ਮਹਿਮਾਨਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ)



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਬਾਣੀ ਦਾ ਮੂਲ ਉਪਦੇਸ਼-ੴਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ੴ-ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ਼-ਅਕਾਲ ਪੁਰਖ ਇੱਕ ਅਤੇ ਸਰਬਨਿਵਾਸੀ ਹੈ ਦਿਸਦਾ ਅਤੇ ਅਣਦਿਸਦਾ ਸਭ ਉਸ ਦਾ ਹੀ ਅਕਾਰ ਹੈ-ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਹੀ॥(ਗੁਰੂ ਗ੍ਰੰਥ) ਗਿਣਤੀ ਵਾਚਕ ਏਕੈ ਦਾ ਮਤਲਬ ਇਹੋ ਹੀ ਹੈ ਕਿ ਉਹ ਕੇਵਲ ਤੇ ਕੇਵਲ ਇੱਕ ਹੈ। ਸਤਿਨਾਮੁ-ਭਾਵ ਸਦਾ ਰਹਿਣ ਵਾਲਾ ਹੈ ਦੁਨੀਆਂ ਦੀ ਕੋਈ ਚੀਜ ਸਦਾ ਰਹਿਣ ਵਾਲੀ ਨਹੀਂ-ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥(ਗੁਰੂ ਗ੍ਰੰਥ) ਦੁਨੀਆਂ ਦੀ ਹਰੇਕ ਚੀਜ ਨਾਸ਼ ਹੋ ਸਕਦੀ ਹੈ ਪਰ-ਉਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ ਕਰਤਾ ਪੁਰਖੁ-ਉਹ ਸਾਰੀ ਕਾਇਨਾਤ ਦਾ ਕਰਤਾ ਧਰਤਾ ਹਰਤਾ ਹੈ।

ਸੰਸਾਰ ਨੂੰ ਪੈਦਾ ਕਰਨ, ਰੋਜੀ ਦੇਣ ਅਤੇ ਖਤਮ ਕਰਨ ਦੀ ਸਮਰੱਥਾ ਕੇਵਲ ਉਸ ਕੋਲ ਹੀ ਹੈ-ਹਰਣ ਭਰਣ ਜਾਂ ਕਾ ਨੇਤ੍ਰ ਫੋਰਿ॥ ਤਿਸ ਮੰਤ੍ਰ ਨ ਜਾਨੈ ਹੋਰਿ॥(ਗੁਰੂ ਗ੍ਰੰਥ) ਉਹ ਐਸਾ ਕਰਤਾ ਹੈ ਜੋ ਪੁਰਖੁ ਹੈ ਭਾਵ ਆਪਣੀ ਕਿਰਤ ਵਿੱਚ ਸਮਾਇਆ ਹੋਇਆ ਹੈ। ਦੁਨੀਆਂ ਦਾ ਕੋਈ ਕਰਤਾ ਆਪਣੀ ਕਿਰਤ ਵਿੱਚ ਸਮਾਇਆ ਹੋਇਆ ਨਹੀਂ। ਇਸ ਕਰਕੇ ਕੋਈ ਕਲਪਿਤ ਬ੍ਰਹਮਾਂ ਜੋ ਆਪਣੀ ਹੀ ਲੜਕੀ ਤੇ ਮੋਹਿਤ ਹੋ ਜਾਂਦਾਂ ਹੈ, ਸ੍ਰਿਸ਼ਟੀ ਦਾ ਕਰਤਾ ਨਹੀਂ। ਨਿਰਭਉ-ਦੁਨੀਆਂ ਦੀ ਹਰੇਕ ਚੀਜ ਭੈ ਵਿੱਚ ਹੈ-ਭੈ ਵਿਚਿ ਸੂਰਜ ਭੈ ਵਿਚਿ ਚੰਦ॥...ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰ ਸਚੁ ਏਕੁ॥ (ਗੁਰੂ ਗ੍ਰੰਥ) ਅਸੀਂ ਤਾਂ ਐਵੇਂ ਛੋਟੀ ਛੋਟੀ ਗੱਲ ਤੇ ਡਰੀ ਜਾਂਦੇ ਹਾਂ ਜਿਵੇਂ ਬਿੱਲੀ ਰਸਤਾ ਕੱਟ ਗਈ ਤਾਂ ਡਰ ਗਏ, ਖੋਤਾ ਹੀਂਗ ਪਿਆ ਤਾਂ ਡਰ ਗਏ, ਕਿਸੇ ਛਿੱਕ ਮਾਰਤੀ ਤਾਂ ਡਰ ਗਏ ਅਤੇ ਹਨੇਰੇ ਵਿੱਚ ਰੱਸੀ ਤੋਂ ਸੱਪ ਦਾ ਭੁਲੇਖਾ ਪੈ ਗਿਆ ਤਾਂ ਡਰ ਗਏ। ਵੱਡੇ ਤੋਂ ਛੋਟਾ ਡਰੀ ਜਾ ਰਿਹਾ ਹੈ। ਮੌਤ ਦਾ ਭੈ ਕੀੜੀ ਤੋਂ ਲੈ ਕੇ ਹਾਥੀ ਤੱਕ ਸਭ ਜੀਵਾਂ ਨੂੰ ਲੱਗਾ ਹੋਇਆ ਹੈ, ਇਹ ਇਕ ਅਟੱਲ ਸਚਾਈ ਹੈ। ਨਿਰਵੈਰੁ-ਉਸ ਦਾ ਕਿਸੇ ਨਾਲ ਵੈਰ ਨਹੀਂ ਹੈ ਪਰ ਕੀਤੇ ਕਰਮਾਂ ਦਾ ਫਲ ਜਰੂਰ ਭੁਗਤਾਉਂਦਾ ਹੈ-ਪ੍ਰਭੁ ਘਾਲਿਆ ਕਿਸੀ ਕਾ ਇਕੁ ਤਿਲੁ ਨਾ ਗਵਾਈ॥(ਗੁਰੂ ਗ੍ਰੰਥ) ਜਿਵੇਂ ਇੱਕ ਬਾਪ ਆਪਣੇ ਬੱਚਿਆਂ ਨੂੰ ਪਾਲਦਾ ਪੋਸਦਾ ਅਤੇ ਬਹੁਤ ਪਿਆਰ ਕਰਦਾ ਹੈ ਪਰ ਜਦੋਂ ਕੋਈ ਬੱਚਾ ਗਲਤ ਕੰਮ ਕਰਦਾ ਹੈ ਤਾਂ ਉਸ ਦੇ ਸੁਧਾਰ ਵਾਸਤੇ ਬਾਪ ਝਿੜਕਦਾ ਵੀ ਹੈ ਅਤੇ ਵੱਡੇ ਗੁਨਾਹ ਦੀ ਸਜਾ ਵੀ ਦਿੰਦਾ ਹੈ, ਵੈਰ ਭਾਵ ਨਾਲ ਨਹੀਂ ਸਗੋਂ ਅੱਗੇ ਤੋਂ ਸੁਧਾਰ ਵਾਸਤੇ।

ਅਕਾਲ ਮੂਰਤਿ-ਕਾਲ ਦਾ ਅਰਥ ਸਮਾਂ ਅਤੇ ਮੂਰਤਿ ਦਾ ਅਰਥ ਹੈ ਸਰੂਪ ਭਾਵ ਉਹ ਅਕਾਲ ਪੁਰਖ ਐਸੇ ਸਰੂਪ ਵਾਲਾ ਹੈ ਜੋ ਸਮੇਂ ਤੇ ਕਾਲ ਤੋਂ ਰਹਿਤ ਹੈ।

ਉਸ ਦੀ ਮੂਰਤਿ ਬਣਾਈ ਹੀ ਨਹੀਂ ਜਾ ਸਕਦੀ-ਥਾਪਿਆ ਨ ਜਾਇ ਕੀਤਾ ਨ ਹੋਇ॥ਆਪੇ ਆਪਿ ਨਿਰੰਜਨੁ ਸੋਇ॥(ਗੁਰੂ ਗ੍ਰੰਥ) ਅਨਮਤੀ ਗ੍ਰੰਥ ਅਤੇ ਬਾਹਰੀ ਪੁਸਤਕਾਂ ਅਤੇ ਚੁੰਚ ਗਿਆਨੀ ਅਤੇ ਮੂਰਤੀ ਪੂਜਕ ਲੋਕ ਉਸ ਦੀਆਂ ਮਨੋ ਕਲਪਿਤ ਮੂਰਤੀਆਂ ਬਣਾ ਕੇ ਜਨਤਾ ਨੂੰ ਭੁਲੇਖੇ ਵਿੱਚ ਪਾਈ ਰੱਖਦੇ ਹਨ। ਅਜੂਨੀ-ਉਹ ਜੂਨਾਂ ਵਿੱਚ ਨਹੀਂ ਆਉਂਦਾ ਸਗੋਂ ਉਹ ਜਨਮ ਮਰਨ ਰਹਿਤ ਹੈ ਜੂਨਾਂ ਵਿੱਚ ਤਾਂ ਅਸੀਂ ਸੰਸਾਰੀ ਜੀਵ ਹਾਂ। ਭਰਮਾਂ ਤੇ ਭੁਲੇਖਿਆਂ ਵਿੱਚ ਪਏ ਹੋਏ ਲੋਕ ਅਜਿਹੀਆਂ ਕੱਚੀਆਂ ਗੱਲਾਂ ਕਰਦੇ ਹਨ-ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਿਤ ਨਾਰਾਇਣ॥(ਗੁਰੂ ਗ੍ਰੰਥ) ਅਤੇ ਹੋਰ ਵੀ ਫੁਰਮਾਨ ਹੈ-ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੇ ਮਾਈ ਨਾ ਬਾਪੋ ਰੇ॥(ਗੁਰੂ ਗ੍ਰੰਥ) ਸੈਭੰ-ਸੈ ਦਾ ਅਰਥ ਹੈ ਸਵੈ ਭਾਵ ਆਪਣੇ ਆਪ ਅਤੇ ਭੰ ਦਾ ਅਰਥ ਹੈ ਪੈਦਾ ਹੋਣਾ ਸੋ ਅਕਾਲ ਪੁਰਖ ਸਵੈ ਪ੍ਰਕਾਸ਼ ਭਾਵ ਆਪਣੇ ਆਪ ਤੋਂ ਪੈਦਾ ਹੋਇਆ ਹੈ।

ਉਸ ਦਾ ਕੋਈ ਮਾਂ ਬਾਪ ਨਹੀਂ, ਮੰਨੇ ਗਏ ਅਵਤਾਰ, ਪੀਰ ਪੈਗੰਬਰ ਅਤੇ ਦੇਵੀ ਦੇਵਤੇ ਮਾਤਾ ਪਿਤਾ ਰਾਹੀਂ ਪੈਦਾ ਹੋਏ ਅਤੇ ਸਰੀਰ ਕਰਕੇ ਮਰੇ ਵੀ ਪਰ ਕਰਤਾਰ ਨੇ ਆਪਣੇ ਆਪ ਨੂੰ ਆਪ ਹੀ ਸਾਜਿਆ ਭਾਵ ਪੈਦਾ ਕੀਤਾ ਹੈ-ਅਪੀਨੈ ਆਪਿ ਸਾਜਿਓ ਅਪੀਨੈ ਰਚਿਓ ਨਾਉ॥(ਗੁਰੂ ਗ੍ਰੰਥ) ਗੁਰਪ੍ਰਸਾਦਿ-ਅਜਿਹੇ ਗੁਣਾਂ ਵਾਲਾ ਪ੍ਰਮਾਤਮਾਂ ਗੁਰੂ ਦੀ ਰਹਿਮਤ ਨਾਲ ਹੀ ਪਾਇਆ ਜਾ ਸਕਦਾ ਹੈ ਕਿਉਂਕਿ ਗੁਰੂ ਹੀ ਗਿਆਨ ਦਾਤਾ ਹੈ ਅਤੇ ਗੁਰੂ ਬਿਨਾਂ ਸੰਸਾਰ ਵਿੱਚ ਘੋਰ ਅੰਧੇਰਾ ਹੀ ਹੈ-ਗੁਰਿ ਬਿਨੁ ਘੋਰੁ ਅੰਧਾਰੁ ਗੁਰੂ ਬਿਨਾ ਸਮਝ ਨਾ ਆਵੈ॥(ਗੁਰੂ ਗ੍ਰੰਥ ਸਾਹਿਬ)

# ਗੁਰੂ ਘਰ ਬਾਬਾ ਬੁੱਢਾ ਜੀ ਸਿੱਖ ਟੈਂਪਲ ਵਿਖੇ ਬੇਟੀ ਦਾ ਜਨਮ ਦਿਨ ਮਨਾਇਆ







ਬੀਤੇ ਐਤਵਾਰ ਸ. ਬਲਵੀਰ ਸਿੰਘ, ਬੀਬੀ ਅਮਰਜੀਤ ਕੌਰ ਨੇ ਬੇਟੀ ਕੁਮਾਰੀ ਰਾਜਬਾਲਾ ਦਾ ਜਨਮ ਦਿਨ ਗੁਰਦੁਆਰਾ ਬਾਬਾ ਬੁੱਢਾ ਜੀ ਸਿੱਖ ਟੈਂਪਲ ਵਿਖੇ ਬੜੀ ਧੂੰਮ-ਧਾਮ ਨਾਲ ਮਨਾਇਆ। ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਪ੍ਰਾਰੰਭ ਹੋਏ, ਫਿਰ ਭਾਈ ਅਵਤਾਰ ਸਿੰਘ ਸੈਕਰਾਮੈਂਟੋ ਵਾਲੇ ਅਤੇ ਦੀਪ ਸਿੰਘ ਸਾਗਰ ਦੇ ਰਾਗੀ ਜਥਿਆਂ ਨੇ ਮਨੋਹਰ ਕੀਰਤਨ ਕੀਤਾ। ਉਪਰੰਤ ਅਰਦਾਸ ਕੀਤੀ ਅਤੇ ਫਿਰ ਕੇਕ ਕੱਟਿਆ।

ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਮੈਰਿਜਬਿਲ ਯੂਬਾ ਸਿਟੀ ਐਲਿਵਹਸਟ ਦੀਆਂ ਕਾਫੀ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਗੁਰਨਾਮ ਸਿੰਘ ਭੰਡਾਲ ਨੇ ਕਿਹਾ ਕਿ ਇਹ ਲੜਕੀ ਰਾਜਬਾਲਾ ਕਾਨੂੰਨੀ ਤੌਰ ਤੇ ਅਡਾਪਸ਼ਨ ਕਰਕੇ ਭਾਈ ਬਲਵੀਰ ਸਿੰਘ ਅਤੇ ਬੀਬੀ ਅਮਰਜੀਤ ਕੌਰ ਨੇ ਇੱਥੇ ਲਿਆਂਦੀ ਹੋਈ ਹੈ, ਇਸ ਕਰਕੇ ਇਹ ਪਰਿਵਾਰ ਵਧਾਈ ਦਾ ਪਾਤਰ ਹੈ। ਇਸ ਮੌਕੇ ਸਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਗੁਰੂ ਕੀ ਹਜ਼ੂਰੀ ਵਿਚ ਮਨਾਇਆ ਕਰਨ ਤਾਂ ਕਿ ਬੱਚਿਆਂ ਨੂੰ ਗੁਰੂ ਸਾਹਿਬ ਚੰਗੀ ਮੱਤ ਪ੍ਰਦਾਨ ਕਰਨ। ਇਸ ਮੌਕੇ ਸੁੱਚਾ ਸਿੰਘ ਦਿਓਲ ਪਰਿਵਾਰ, ਇੰਦਰਜੀਤ ਸਿੰਘ ਹੈਪੀ, ਜੋਤੀ ਦਿਓਲ ਧਾਲੀਵਾਲ, ਤਰਲੋਚਨ, ਦਿਲਸ਼ਾਦ, ਪਰਵਿੰਦਰ ਸਿੰਘ ਔਜਲਾ ਅਤੇ ਹੋਰ ਪਤਵੰਤਿਆਂ ਨੇ ਹਾਜ਼ਰੀਆਂ ਲਵਾਈਆਂ।

# ਗੁਰਦੁਆਰਾ ਐਲਸਬਰਾਂਟੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਐਲਸਬਰਾਂਟੇ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਹਫਤਾਵਾਰੀ ਸਜਦੇ ਦੀਵਾਨਾਂ ਦੀ ਲੜੀ ਤਹਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਗੁਰਦੁਆਰਾ ਐਲਸਬਰਾਂਟੇ ਵਿਖੇ ਕਰਵਾਏ ਇਸ ਪ੍ਰੋਗਰਾਮ ਵਿਚ ਹਾਜ਼ਰ ਕਵੀਆਂ ਵੱਲੋਂ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਗੁਰਮਤਿ ਆਸ਼ੇ ਅਨੁਸਾਰ ਹਰਿ ਜੱਸ ਗਾਉਂਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਆਪਣੇ ਵਿਰਸੇ ਨੂੰ ਯਾਦ ਰੱਖਦੀਆਂ ਕਵਿਤਾਵਾਂ ਪੜ੍ਹੀਆਂ।ਇਸ ਕੀ ਦਰਬਾਰ ਵਿਚ ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਦਰਸ਼ਨ ਸਿੰਘ ਜਲੰਧਰੀ ਆਦਿ ਕਵੀ ਸ਼ਾਮਲ ਹੋਏ।

# ਗੁਰੂ ਰਵਿਦਾਸ ਮੰਦਰ ਦੇ ਗੇਟ ਨੂੰ ਤਾਲਾ ਮਾਰਨ ਵਿਰੁੱਧ ਦਲਿਤ ਭਾਈਚਾਰੇ ਵਿਚ ਰੋਹ

**ਨੰਗਲ (ਬਿਊਰੋ)-** ਪਿੰਡ ਕੰਚੇਡਾ ਵਿਚ ਦਲਿਤ ਭਾਈਚਾਰੇ ਨੇ ਇਕ ਕਨਾਲ ਜ਼ਮੀਨ 'ਤੇ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰ ਗਲਿਆਰੇ 'ਤੇ ਜਿੰਦਰਾ ਲਗਾਉਣ ਨੂੰ ਲੈ ਕੇ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਕੇ ਪ੍ਰਦਰਸ਼ਨ ਕੀਤਾ। ਦਲਿਤ ਭਾਈਚਾਰੇ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮੰਦਰ ਗਲਿਆਰੇ ਵਿਚ ਲੱਗੇ ਇਸ ਜਿੰਦਰੇ ਨੂੰ ਇਕ ਹਫਤੇ ਵਿਚ ਨਾ ਖੋਲ੍ਹਿਆ ਗਿਆ ਤਾਂ ਇਸ ਦੇ ਲਈ ਦਲਿਤ ਭਾਈਚਾਰਾ ਹਰ ਸੰਘਰਸ਼ ਦੇ ਲਈ ਤਿਆਰ ਹੈ, ਜਿਸਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦੌਲਤ ਰਾਮ ਚੇਅਰਮੈਨ ਰਵਿਦਾਸ ਸਭਾ ਨੰਗਲ ਅਤੇ ਸੁਰਿੰਦਰ ਪੰਮਾ ਉਪ ਪ੍ਰਧਾਨ ਰਵਿਦਾਸ ਸਭਾ ਨੰਗਲ ਨੇ ਕਥਿਤ ਤੌਰ ਤੇ ਦੋਸ਼ ਲਗਾਉਂਦੇ ਕਿਹਾ ਕਿ ਹੁਣ ਇਕ ਸੋਚੀ-ਸਮਝੀ ਰਾਜਨੀਤਿਕ ਸੋਚ ਦੇ ਚਲਦਿਆਂ ਮੰਦਰ ਨੂੰ ਜਿੰਦਰਾ ਲਗਾ ਦਿੱਤਾ ਗਿਆ ਹੈ ਅਤੇ ਇਸਦੇ ਨਾਲ ਮੰਦਰ ਦੇ ਗਲਿਆਰੇ ਦੇ ਅੰਦਰ ਸਥਿਤ ਉਹਨਾਂ ਦੇ ਨਿਸ਼ਾਨ ਸਾਹਿਬ ਨੂੰ ਵੀ ਉਖਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਮੰਦਰ ਨੂੰ ਕੁਝ ਰਾਜਨੀਤੀ ਨਾਲ ਜੁੜੇ ਲੋਕਾਂ ਦੁਆਰਾ ਮੰਦਰ ਨੂੰ ਵੀ ਡਾ. ਬੀ. ਆਰ. ਅੰਬੇਡਕਰ ਕਮਿਊਨਿਟੀ ਹਾਲ ਦਾ ਨਾਂ ਵੀ ਦਿੱਤਾ ਜਾ ਰਿਹਾ ਹੈ। ਹੁਣ ਉਹਨਾਂ ਨੇ ਇਸ ਜਿੰਦਰੇ ਦੀ ਚਾਬੀ ਦੇ ਲਈ ਵਾਰਡ ਦੀ ਕੌਂਸਲਰ ਸੁਸ਼ਮਾ ਰਾਣੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਚਾਬੀ ਨਗਰ ਕੌਂਸਲ ਦੇ ਕੋਲ ਹੈ। ਮੌਕੇ ਤੇ ਰਵੀ, ਆਤਮਾ ਰਾਮ, ਗਿਆਨ ਚੰਦ, ਤਰਸੇਮ ਲਾਲ, ਕਸ਼ਮੀਰੀ ਲਾਲ, ਸੁਖਦੇਵ ਸਿੰਘ, ਨਰੇਸ਼ ਕੁਮਾਰ, ਸ਼ਿਵ ਕੁਮਾਰ, ਸਰਬਜੀਤ, ਲੁਦਨ ਸਿੰਘ, ਆਸ਼ਾ ਰਾਣੀ, ਸੁਨੀਤਾ ਆਦਿ ਹਾਜ਼ਰ ਸਨ। ਉਥੇ ਹੀ ਇਸ ਬਾਰੇ ਕੌਂਸਲਰ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਕਾਗਜ਼ਾਂ ਵਿਚ ਉਕਤ ਥਾਂ ਦਾ ਨਾਂ ਡਾ. ਬੀ. ਆਰ. ਅੰਬੇਡਕਰ ਕਮਿਊਨਿਟੀ ਹਾਲ ਹੈ। ਇਸ ਤੋਂ ਇਲਾਵਾ ਚਾਬੀ ਕੌਂਸਲ ਦੇ ਕੋਲ ਹੈ।

# ਵਲਟੋਹਾ ਦੀ ਗਿਰਫਤਾਰੀ ਦੀ ਮੰਗ ਨੂੰ ਲੈ ਕੇ ਕਾਂਗਰਸ ਨੇ ਫੂਕੇ ਅਕਾਲੀਆਂ ਦੇ ਪੁਤਲੇ

**ਫਗਵਾੜਾ (ਬੀ.ਕੇ.ਰੱਤੂ)-** ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਅਤੇ ਦਿਹਾਤੀ ਵਲੋਂ ਅੱਜ ਜਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਦੀ ਅਗਵਾਈ ਹੇਠ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਦੀ ਗਿਰਫਤਾਰੀ ਦੀ ਮੰਗ ਨੂੰ ਲੈ ਕੇ ਫਗਵਾੜਾ ਵਿਖੇ ਜਬਰਦਸਤ ਰੋਸ ਮੁਜਾਹਰਾ ਕੀਤਾ ਗਿਆ। ਇਸ ਮੌਕੇ ਕਾਂਗਰਸੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੋਂ ਇਲਾਵਾ ਬਿਕਰਮਜੀਤ ਸਿੰਘ ਮਜੀਠੀਆ ਅਤੇ ਵਿਰਸਾ ਸਿੰਘ ਵਲਟੋਹਾ ਦੇ ਪੁਤਲੇ ਫੂਕ ਕੇ ਸਰਕਾਰ ਵਿਰੋਧੀ ਨਾਅਰੇਬਾਜੀ ਕੀਤੀ। ਮਾਨ ਨੇ ਕਿਹਾ ਕਿ ਵਿਧਾਇਕ ਵਲਟੋਹਾ ਨੇ ਕਾਂਗਰਸੀ ਵਿਧਾਇਕ ਤਿਰਲੋਚਨ ਸਿੰਘ ਸੂੰਢ ਨੂੰ ਸਦਨ ਅੰਦਰ ਜਾਤੀ ਸੂਚਕ ਸ਼ਬਦ ਕਹਿ ਕੇ ਨਾ ਸਿਰਫ ਸਦਨ ਦੀ ਬੇਅਦਬੀ ਕੀਤੀ ਹੈ ਬਲਕਿ ਸਮੁੱਚੇ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਹੈ ਇਸ ਲਈ ਕਾਂਗਰਸ ਪਾਰਟੀ ਵਲਟੋਹਾ ਦੀ ਗਿਰਫਤਾਰੀ ਤੱਕ ਸੰਘਰਸ਼ ਜਾਰੀ ਰੱਖੇਗੀ। ਉਨਹਾਂ ਕਿਹਾ ਕਿ ਵਲਟੋਹਾ ਦਾ ਪਿਛੋਕੜ ਅੱਤਵਾਦ ਨਾਲ ਜੁੜਿਆ ਹੈ ਅਤੇ ਉਹ ਖੁਦ ਇਸ ਬਾਰੇ ਸਵੀਕਾਰ ਕਰਦੇ ਹਨ। ਅਜਿਹੇ ਅੱਤਵਾਦੀ ਸੋਚ ਵਾਲੇ ਅਕਾਲੀ ਕਾਂਗਰਸ ਪਾਰਟੀ ਅਤੇ ਦਲਿਤ ਸਮਾਜ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਕਾਲੀਆਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਇਸ ਮੌਕੇ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਬੁੱਗਾ, ਸ਼ਹਿਰੀ ਇੰਚਾਰਜ ਗੋਪੀ ਬੇਦੀ, ਸੂਬਾ ਸਕੱਤਰ ਅਵਤਾਰ ਸਿੰਘ ਪੰਡਵਾ, ਜਿਲ੍ਹਾ ਉਪ ਪ੍ਰਧਾਨ ਵਿੱਕੀ ਰਾਣੀਪੁਰ, ਜਿਲ੍ਹਾ ਸਕੱਤਰ ਅਵਿਨਾਸ਼ ਗੁਪਤਾ ਬਾਸ਼ੀ, ਕ੍ਰਿਸ਼ਨ ਕੁਮਾਰ ਹੀਰੋ, ਰਾਮਕੁਮਾਰ ਚੱਢਾ, ਜਰਨੈਲ ਸਿੰਘ ਉੱਚਾ ਪਿੰਡ, ਕੌਂਸਲਰ ਮਨੀਸ਼ ਪ੍ਰਭਾਕਰ, ਵਿਮਲ ਵਰਮਾਨੀ, ਰਾਜੂ ਆਨੰਦ, ਰਾਜਕੁਮਾਰ ਰਾਜੂ, ਬਲਦੇਵ ਸਿੰਘ ਪਾਹਵਾ, ਦਰਸ਼ਨ ਲਾਲ ਜਮਾਲਪੁਰ, ਬਿੱਟੂ ਜਮਾਲਪੁਰ, ਸਾਧੂ ਰਾਮ ਪੀਪਾਰੰਗੀ, ਹਰੀਸ਼ ਟੀਨੂੰ, ਵਿਨੋਦ ਕੁਮਾਰ, ਰਾਕੇਸ਼ ਕਨੌਜੀਆ, ਅਮਰੀਕ ਸਿੰਘ ਸੀਕਰੀ, ਸੌਰਵ ਬੰਗੜ, ਮਨੀ ਬੰਗੜ, ਦਰਸ਼ੀ ਉੱਚਾ ਪਿੰਡ, ਬਲਕਾਰ ਸਿੰਘ, ਭਿੰਦਾ ਬਾਬਾ ਗਧੀਆ, ਰਾਹੁਲ ਵੋਹਰਾ, ਬਾਬੂ ਸਿੰਘ, ਗੈਬੀ ਬਸਰਾ, ਮੋਨੂੰ ਨਿੰਮਾ ਚੌਕ ਪਰਮਜੀਤ ਸਿੰਘ ਆਦਿ ਵੀ ਹਾਜਰ ਸਨ।



## ਰਤਲਾਮ ਦੀ ਸਰਪੰਚ ਨੇ ਕੀਤੀ ਕੁਲੈਕਸ਼ਰ ਨੂੰ ਸ਼ਿਕਾਇਤ

# ਮੈਂ ਦਲਿਤ ਸਰਪੰਚ ਹਾਂ, ਮੈਨੂੰ ਸਕੱਤਰ ਪੰਚਾਇਤ ਵਿਚ ਇਕ ਖੂੰਜੇ ਬਿਠਾਉਂਦਾ ਹੈ

**ਰਤਲਾਮ-** ਸ਼ਹਿਰ ਨਾਲ ਲੱਗਦੀ ਬਿਬੜੌਦ ਪੰਚਾਇਤ ਦੀ ਦਲਿਤ ਸਰਪੰਚ ਨੇ ਸਕੱਤਰ 'ਤੇ ਵਿਤਕਰੇ ਦਾ ਦੋਸ਼ ਲਗਾਇਆ ਹੈ। ਇਸ ਵਿਚ ਦੱਸਿਆ ਦਲਿਤ ਹੋਣ ਦੇ ਕਾਰਨ ਉਹਨਾਂ ਨੂੰ ਪੰਚਾਇਤ ਭਵਨ ਵਿਚ ਇਕ ਖੂੰਜੇ ਵਿਚ ਬਿਠਾਇਆ ਜਾਂਦਾ ਹੈ। ਪਾਣੀ ਦਾ ਮਟਕਾ ਵੀ ਬਦਲ ਦਿੱਤਾ ਹੈ। ਉਹਨਾਂ ਨੇ ਕੁਲੈਕਟਰ ਨੂੰ ਪੱਤਰ ਲਿਖ ਕੇ ਜਾਤੀਵਾਦੀ ਦੁਰਵਿਵਹਾਰ ਦੀ ਸ਼ਿਕਾਇਤ ਕੀਤੀ ਹੈ। ਮਾਮਲੇ ਵਿਚ ਜ਼ਿਲ੍ਹਾ ਸੀ. ਈ. ਓ. ਨੇ ਜਾਂਚ ਦੇ ਨਿਰਦੇਸ਼ ਦਿੱਤੇ ਹਨ। ਬਿਬੜੌਦ ਸਰਪੰਚ ਗੁਲਾਬਬਾਈ ਨੇ ਪੱਤਰ ਵਿਚ ਦੋਸ਼ ਲਗਾਇਆ ਕਿ ਦਲਿਤ ਹੋਣ ਦੇ ਕਾਰਨ ਪੰਚਾਇਤ ਸਕੱਤਰ ਹਰਿੰਦਰ ਸਿੰਘ ਪੰਵਾਰ ਨੇ ਉਹਨਾਂ ਨੂੰ ਢਾਈ ਮਹੀਨੇ ਤੱਕ ਸਰਪੰਚ ਦੀ ਕੁਰਸੀ ਦੀ ਬਜਾਏ ਖੂੰਜੇ ਵਿਚ ਰੱਖੀ ਕੁਰਸੀ ਤੇ ਬਿਠਾਇਆ। ਪੰਚਾਇਤ ਵਿਚ ਜਿਸ ਮਟਕੇ ਦੇ ਪਾਣੀ ਦੀ ਵਰਤੋਂ ਸਾਰੇ ਲੋਕਕਰਦੇ ਸਨ, ਉਸਨੂੰ ਬਦਲ ਕੇ ਪਲਾਸਟਿਕ ਦੀ ਕੇਨ ਰਖਵਾ ਦਿੱਤੀ। ਪੰਚਾਇਤ ਸੈਕਟਰੀ ਨੇ ਨਾਲੀ ਨਿਰਮਾਣ ਦੇ ਲਈ 78 ਹਜ਼ਾਰ ਰੁਪਏ ਦੇ ਕਾਗਜ਼ਾਂ ਤੇ ਦਸਤਖਤ ਤਾਂ ਕਰਵਾਏ ਪਰ ਨਾਲੀ ਬਣਵਾਈ ਹੀ ਨਹੀਂ। ਬਾਅਦ ਵਿਚ ਜਾਤੀਵਾਦੀ ਦੁਰਵਿਵਹਾਰ ਅਤੇ ਆਰਥਿਕ ਅਨਿਯਮਿਤਤਾ ਦੀ ਉਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਤਾਂ ਸਕੱਤਰ ਨੇ ਕੁਰਸੀ ਦੀ ਜਗ੍ਹਾ ਤਾਂ ਬਦਲ ਦਿੱਤੀ ਪਰ ਕੈਸ਼ ਬੁੱਕ ਅਤੇ ਆਮਦਨ-ਖਰਚ ਦਾ ਵੇਰਵਾ ਨਹੀਂ ਦਿੱਤਾ।

# ਅੰਧਵਿਸ਼ਵਾਸ ਦੇ ਖਾਤਮੇ ਲਈ ਇੱਕਜੁਟ ਹੋਣਾ ਸਮੇਂ ਦੀ ਲੋੜ: ਰਾਹੁਲ ਥੋਰਾਤ

**ਜਲੰਧਰ (ਬਿਊਰੋ)–** ਸਮਾਜਿਕ ਚੇਤਨਾ, ਬਰਾਬਰੀ ਤੇ ਅੰਧਵਿਸ਼ਵਾਸ ਦੇ ਖਾਤਮੇ ਲਈ ਇੱਕਜੁਟ ਹੋਣਾ ਸਮੇਂ ਦੀ ਲੋੜ ਹੈ, ਇਹੋ ਹੀ ਡਾ. ਨਰੇਂਦਰ ਦਾਭੋਲਕਰ ਤੇ ਹੋਰਨਾਂ ਦੇਸ਼ ਭਗਤਾਂ ਤੇ ਨਾਇਕਾਂ ਦੇ ਆਦਰਸ਼ਾਂ ਦੀ ਪੂਰਤੀ ਦਾ ਰਾਹ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਮਰਾਠੀ ਮੈਗਜ਼ੀਨ ਅਨਿਸ ਵਾਰਤਾ ਪੱਤਰ ਦੇ ਸੰਪਾਦਕ ਰਾਹੁਲ ਥੋਰਾਤ ਨੇ ਆਪਣੇ ਪੰਜਾਬ ਦੌਰੇ ਦੌਰਾਨ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜੁੜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਤੇ ਤਰਕਸ਼ੀਲਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।

ਉਹਨਾਂ ਆਖਿਆ ਦੇਸ਼ ਭਰ ਵਿੱਚ ਸਿਰ ਉਠਾ ਰਹੀਆਂ ਫਿਰਕੂ ਤਾਕਤਾਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਵਿਗਿਆਨਕ ਚੇਤਨਾ ਦੇ ਪਾਸਾਰ ਲਈ ਗੰਭੀਰ ਖਤਰਾ ਹਨ, ਜਿਸ ਦੇ ਖਿਲਾਫ਼ ਜਨ ਅੰਦੋਲਨ ਦੀ ਲੋੜ ਹੈ। ਉਹਨਾਂ ਅੰਧਵਿਸ਼ਵਾਸ ਖਿਲਾਫ਼ ਦੇਸ਼ ਭਰ ਚ ਚੱਲ ਰਹੇ ਅੰਦੋਲਨ ਦਾ ਜ਼ਿਕਰ ਕਰਦਿਆਂ ਆਖਿਆ ਕਿ ਮਹਾਰਾਸ਼ਟਰ 'ਚ ਡਾ. ਦਾਭੋਲਕਰ ਦੀ ਕੁਰਬਾਨੀ ਤੇ ਅਗਵਾਈ ਨਾਲ ਬਣਿਆ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਅਗਿਆਨਤਾ ਦੇ ਹਨੇਰੇ ਤੇ ਭਰਮ-ਭੁਲੇਖਿਆਂ ਨੂੰ ਪੈਦਾ ਕਰਨ ਵਾਲੇ ਅਖੌਤੀ ਬਾਬਿਆਂ ਨੂੰ ਮਾਤ ਦੇਣ ਲਈ ਹਰ ਰਾਜ ਚ ਬਣਾਇਆ ਜਾਣਾ ਬਹੁਤ ਜਰੂਰੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਡਾ. ਰਘਬੀਰ ਕੌਰ ਨੇ ਰਾਹੁਲ ਥੋਰਾਤ ਤੇ ਪੰਜਾਬ ਦੇ ਤਰਕਸ਼ੀਲ ਆਗੂਆਂ ਨੂੰ ਜੀ ਆਇਆਂ ਨੂੰ ਆਖਦਿਆਂ ਚੇਤਨਾ ਦੇ ਕਾਰਜ ਨੂੰ ਅੱਗੇ ਤੋਰਦਿਆਂ ਦੇਸ਼ ਭਗਤਾਂ ਦੇ ਉਚੇਰੇ ਆਦਰਸ਼ਾਂ ਲਈ ਕੰਮ ਕਰਨ ਦਾ ਸੱਦਾ ਦਿੱਤਾ।



ਇਸ ਇਕੱਤਰਤਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਵਿਗਿਆਨਕ ਵਿਚਾਰਾਂ ਦਾ ਛੱਟਾ ਦੇਣ ਲਈ ਜਦੋਂ ਵੀ ਤਰਕਸ਼ੀਲ ਸੁਸਾਇਟੀ ਕੋਈ ਚੇਤਨਾ ਕੈਂਪ ਜਾਂ ਸਮਾਗਮ ਕਰਨਾ ਚਾਹੇ ਤਾਂ ਸਭਿਆਚਾਰਕ ਕਲਾ ਵੰਨਗੀਆਂ ਰਾਹੀਂ ਸਭਿਆਚਾਰਕ ਵਿੰਗ ਆਪਣੀਆਂ ਸੇਵਾਵਾਂ ਅਦਾ ਕਰਕੇ ਮਾਣ ਮਹਿਸੂਸ ਕਰੇਗਾ। ਮਿਊਜ਼ੀਅਮ ਕਮੇਟੀ ਦੇ ਕਨਵੀਨਰ ਗੁਰਮੀਤ ਨੇ ਇਤਿਹਾਸ ਸਬੰਧੀ ਸਿਲਸਿਲੇਵਾਰ ਮਿਊਜ਼ੀਅਮ ਬਾਰੇ ਜਾਣਗਾਰੀ ਦਿੱਤੀ। ਰਾਹੁਲ ਨੇ ਕਮੇਟੀ ਵੱਲੋਂ ਇਤਿਹਾਸ ਸਾਂਭਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਾਣ ਪਹਿਚਾਣੇ ਆਗੂ ਮਾਸਟਰ ਰਾਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ ਨੇ ਦੇਸ਼ ਭਗਤੀ ਅਤੇ ਵਿਗਿਆਨਕ ਵਿਚਾਰਾਂ ਦੀ ਮਹੱਤਤਾ ਉਪਰ ਚਾਨਣਾ ਪਾਇਆ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਿਲੇ ਹੁੰਗਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਗੁਰਮੀਤ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਮਾੜੀਮੇਘਾ ਹਾਜ਼ਰ ਸਨ।

ਤਰਕਸ਼ੀਲ ਸੁਸਾਇਟੀ ਦੇ ਰਾਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗ਼ਪੁਰ, ਪਾਲ ਅਤੇ ਜਿੰਦ ਬਾਗਪੁਰ, ਸੁਖਦੇਵ ਫਗਵਾੜਾ, ਬਿੱਟੂ, ਵਿਸ਼ਵਾਮਿੱਤਰ ਬੰਮੀ ਅਤੇ ਪਰਮਜੀਤ ਆਦਿ ਹਾਜ਼ਰ ਸਨ। ਮਰਾਠੀ ਪਤ੍ਰਿਕਾ ਦੇ ਸੰਪਾਦਕ ਰਾਹੁਲ ਥੋਰਾਤ ਨੇ ਮਿਊਜ਼ੀਅਮ ਵਿੱਚ ਗ਼ਦਰੀ ਸੂਰਬੀਰਾਂ, ਇਨਕਲਾਬੀ ਲਹਿਰਾਂ ਦੇ ਸ਼ਹੀਦਾਂ ਤੇ ਆਜ਼ਾਦੀ ਸੰਗਰਾਮ ਦੇ ਨਾਇਕਾਂ ਦੇ ਇਤਿਹਾਸ ਬਾਰੇ ਜਾਣ ਕੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ।

# ਵਫਦ ਜ਼ਿਲ੍ਹਾ ਸਿੱਖਿਆ ਅਧਿਕਾਰੀ ਇੰਜੀ. ਬਲਵੀਰ ਸਿੰਘ ਨੂੰ ਮਿਲਿਆ

**ਹੁਸ਼ਿਆਰਪੁਰ– (ਰੇਸ਼ਮ ਕਰਨਾਣਵੀ)–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ. ਸੀ. ਬੀ. ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਇੱਕ ਵਫਦ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ.) ਇੰਜੀ. ਬਲਵੀਰ ਸਿੰਘ ਨੂੰ ਮਿਲਿਆ।ਵਫਦ ਵਿਚ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਸਮੇਤ ਜ਼ਿਲ੍ਹਾ ਜਨਰਲ ਸਕੱਤਰ ਡਾ. ਜਸਵੰਤ ਰਾਏ ਅਤੇ ਮੀਤ ਪ੍ਰਧਾਨ ਲੈਕ. ਬਲਦੇਵ ਸਿੰਘ ਧੁੱਗਾ ਸ਼ਾਮਿਲ ਸਨ।ਜਥੇਬੰਦੀ ਆਗੂਆਂ ਨੇ ਲੰਮੇ ਸਮੇਂ ਬਾਅਦ ਜ਼ਿਲ੍ਹੇ ਵਿਚ ਹੋ ਰਹੀਆਂ ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ ਦੀਆਂ ਪਦਉਨਤੀਆਂ ਸਬੰਧੀ ਸੰਤੁਸ਼ਟੀ ਜ਼ਾਹਰ ਕਰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਪਰੋਕਤ ਸਬੰਧੀ ਰਹਿ ਗਈਆਂ ਪਦਉਨਤੀਆਂ ਵਿਚ ਰਾਖਵਾਂਕਰਨ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ, ਖਾਲੀ ਹੋਈਆਂ ਅਸਾਮੀਆਂ ਤੇ ਸਿਨੀਆਰਤਾ ਅਨੁਸਾਰ ਸਟੇਸ਼ਨ ਦਿੱਤੇ ਜਾਣ, ਰੋਸਟਰ



ਪੁਆਇੰਟ ਨੂੰ ਯਕੀਨੀ ਤੌਰ ਤੇ ਘੋਖ ਕੇ ਲਾਗੂ ਕੀਤਾ ਜਾਵੇ, ਤਰੱਕੀਆਂ ਕਾਰਨ ਸਰਪਲੱਸ ਹੋਏ ਅਧਿਆਪਕਾਂ ਨੂੰ ਪਹਿਲ ਦੇ ਅਧਾਰ ਤੇ ਨੇੜੇ ਤੋਂ ਨੇੜੇ ਐੱਡਜਸਟ ਕੀਤਾ ਜਾਵੇ। ਪ੍ਰਮੋਸ਼ਨ ਹੋਣ ਕਾਰਨ ਕਈ ਸਕੂਲ ਅਧਿਆਪਕ ਵਿਹੂਣੇ ਹੋ ਗਏ ਹਨ ਇਸ ਲਈ ਇਹਨਾਂ ਸਕੂਲਾਂ ਵਿਚ ਪਹਿਲ ਦੇ ਅਧਾਰ ਤੇ ਹੋਰ ਅਧਿਆਪਕ ਭਰਤੀ ਜਾਣ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਇਸ ਮੌਕੇ ਵਫਦ ਵਿਚ ਜਸਪਾਲ ਸਿੰਘ, ਬਲਵਿੰਦਰ ਸਿੰਘ, ਹੰਸ ਰਾਜ ਹੰਸ, ਰਣਵੀਰ ਸਿੰਘ ਅਤੇ ਬਲਵੰਤ ਸਿੰਘ ਸ਼ਾਮਿਲ ਸਨ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਉਤਸਵ 'ਤੇ ਬੂਟੇ ਲਗਵਾਏ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਪਿੰਡ ਜਗਤਪੁਰ ਵਿਖੇ ਗੁਰੂ ਨਾਨਕ ਖਾਲਸਾ ਮਿਸ਼ਨ ਕਮੇਟੀ ਵਲੋਂ ਪਿੰਡ ਦੇ ਬਹੁਤ ਸਾਰੇ ਸਾਂਝੇ ਥਾਵਾਂ ਤੇ ਫੁੱਲਾਂ ਦੇ ਅਤੇ ਸਜਾਵਟੀ ਬੂਟੇ ਲਗਵਾਏ ਗਏ। ਇਸ ਮੁਹਿਮ ਨੂੰ ਸ਼ੁਰੂ ਕਰਨ ਵਾਸਤੇ ਸਿੱਖ ਪੰਥ ਦੇ ਮਹਾਨ ਆਗੂ ਭਾਈ ਦਲਜੀਤ ਸਿੰਘ ਬਿੱਟੂ, ਭਾਈ ਜਰਨੈਲ ਸਿੰਘ ਅਤੇ ਭਾਈ ਮਨਧੀਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਨੂੰ ਗੁਰਬਾਣੀ ਵਿਚ ਵੀ ਗੁਰੂ ਸਾਹਿਬਾਨਾਂ ਨੇ ਧਰਤੀ ਦੀ ਸੁੰਦਰਤਾ ਅਤੇ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਰੁੱਖ ਲਗਾਉਣ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਤੇ ਇਸ ਦੇ ਮਹੱਤਵ ਤੇ ਸੇਧ ਲੈਣੀ ਚਾਹੀਦੀ ਹੈ, ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇੱਕ ਰੁੱਖ ਸੌ ਸੁੱਖ ਵਾਲੀ ਕਹਾਵਤ ਨੂੰ ਸੱਚ ਕਰਦਾ ਹੈ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਬਣਦਾ ਹੈ। ਇਸ ਮੌਕੇ ਡਾ. ਹਰਬਖ਼ਸ਼ ਸਿੰਘ ਨੇ ਆਈਆਂ ਹੋਈਆਂ ਸਿੱਖ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਕੁਦਰਤੀ ਵਾਤਾਵਰਣ ਵੱਲ ਸਾਨੂੰ ਸਭ ਨੂੰ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਜਿੰਨੀ ਤਦਾਦ ਵਿੱਚ ਰੁੱਖਾਂ ਦੀ ਕਟਾਈ ਹੋ ਰਹੀ ਹੈ। ਉੱਨੀ ਗਿਣਤੀ ਵਿੱਚ ਲੱਗ ਨਹੀਂ ਰਹੇ। ਬੂਟੇ ਲਗਾਉਣ ਦਾ ਆਗਾਜ਼ ਕਰਨ ਮੌਕੇ ਭਾਈ ਦਲਜੀਤ ਸਿੰਘ ਮੌਲਾ, ਭਾਈ ਕੁਲਵਿੰਦਰ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਜਸਪਾਲ ਸਿੰਘ ਮੰਝਪੁਰ, ਭਾਈ ਸਤਨਾਮ ਸਿੰਘ ਭਾਰਾਪੁਰ, ਭਾਈ ਸੁਖਜਿੰਦਰ ਸਿੰਘ ਗਰਲੇ, ਮਾਸਟਰ ਬਖਤਾਵਰ ਸਿੰਘ, ਸੁਰਿੰਦਰ ਸਿੰਘ ਪੰਚ, ਬੂਟਾ ਸਿੰਘ, ਅਵਤਾਰ ਸਿੰਘ, ਧੰਨਵੰਤ ਸਿੰਘ ਅਤੇ ਮਨਜਿੰਦਰ ਸਿੰਘ ਹਾਜ਼ਰ ਸਨ।



# ਅਮਰਦੀਪ ਕਾਲਜ ਵਿਚ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਤਕਨੀਕੀ ਯੁੱਗ 'ਚ ਸਿੱਖਿਆ ਦੇ ਮਹੱਤਵ ਨੂੰ ਦੇਖਦੇ ਹੋਏ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਵਿਖੇ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ। ਇਸ ਵਿਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਮਿਸ ਹਰਦੀਪ ਨੇ ਕਵਿਤਾ, ਮਿਸ ਅਲੀਸ਼ਾ ਨੇ ਗੀਤ, ਮਿਸ ਅਮਨਦੀਪ ਨੇ ਵੂਮੈਨ ਐਜ਼ੂਕੇਸ਼ਨ ਅਤੇ ਮਿਸ ਹਰਪ੍ਰੀਤ ਨੇ ਪ੍ਰਦੂਸ਼ਣ ਵਿਸ਼ੇ ਤੇ ਵਿਚਾਰ ਪੇਸ਼ ਕੀਤੇ ਅਤੇ ਮੁਹੰਮਦ ਆਰਿਫ਼ ਨੇ ਗੀਤ, ਗਗਨਦੀਪ ਨੇ ਗ਼ਜ਼ਲ, ਮਿਸ ਹੇਮਾ ਨੇ ਡਾ ਅਬਦੁੱਲ ਕਲਾਮ 'ਤੇ ਪਰਚਾ ਪੜ੍ਹਿਆ ਅਤੇ ਸ਼ਖਾਵਤ ਅਲੀ ਨੇ ਨੈਤਿਕ ਸਿੱਖਿਆ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰਿੰਸੀਪਲ ਡਾ ਇਕਬਾਲ ਸਿੰਘ ਭੋਮਾ ਜੀ ਨੇ ਕਿਤਾਬਾਂ ਨਾਲ਼ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਨੈਤਿਕ ਸਿੱਖਿਆ, ਹੁਨਰ, ਗਿਆਨ ਅਤੇ ਉੱਚੀ ਸੋਚ ਵਰਗੇ ਚੰਗੇ ਗੁਣ ਅਪਨਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਗਿਆਨ ਮਨੁੱਖੀ ਜੀਵਨ ਵਿਚ ਇੱਕ ਅਹਿਮ ਭੂਮਿਕਾ ਰੱਖਦਾ ਹੈ। ਇਸ ਮੌਕੇ ਸ੍ਰੀਮਤੀ ਸ਼ਵੇਤਾ ਨੇ ਸਾਖਰਤਾ ਦਿਵਸ ਦੀ ਮਹੱਤਤਾ ਬਾਰੇ ਰੌਸ਼ਨੀ ਪਾਈ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ, ਪ੍ਰੋ ਸ਼ਮਸ਼ਾਦ ਅਲੀ ਨੇ ਵਿਦਿਆਰਥੀਆਂ ਨੂੰ ਚੰਗੇ ਸਾਹਿਤ ਨਾਲ਼ ਜੁੜਨ ਪ੍ਰੇਰਿਤ ਕੀਤਾ। ਡਾ ਚਰਨ-ਜੀਤ ਕੌਰ ਨੇ ਆਏ ਮਹਿਮਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਨੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਇਸ ਸਮੇਂ ਡਾ ਗੁਰਜੰਟ ਸਿੰਘ, ਪ੍ਰੋ ਗੁਰਪ੍ਰੀਤ ਕੌਰ, ਮਿਸ ਰਚਨਾ, ਪ੍ਰੋ ਪ੍ਰਿਆ, ਪ੍ਰੋ ਨਰਿੰਦਰਜੀਤ ਕੌਰ ਅਤੇ ਮਿਸ ਰੀਟਾ ਆਦਿ ਹਾਜ਼ਰ ਸਨ।



# ਸਾਧਪੁਰ ਦੇ 23ਵੇਂ ਸਲਾਨਾ ਛਿੰਝ ਮੇਲੇ ਦੀਆਂ ਤਿਆਰੀਆਂ ਸਬੰਧੀ ਹੋਈਆਂ ਵਿਚਾਰਾਂ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਨਜ਼ਦੀਕੀ ਪਿੰਡ ਸਾਧਪੁਰ ਵਿਖੇ 30 ਸਤੰਬਰ ਨੂੰ ਕਰਵਾਏ ਜਾ ਰਹੇ 23ਵੇਂ ਸਲਾਨਾ ਛਿੰਝ ਮੇਲੇ ਸਬੰਧੀ ਇੱਕ ਮੀਟਿੰਗ ਕੀਤੀ ਗਈ। ਜਿਸ ਵਿੱਚ ਛਿੰਝ ਮੇਲੇ ਦੀ ਰੂਪ ਰੇਖਾ ਅਤੇ ਪ੍ਰਬੰਧਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਰਮਜੀਤ ਲੋਹਟੀਆ ਨੇ ਦੱਸਿਆ ਕਿ 30 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਲਾਨਾ ਛਿੰਝ ਮੇਲਾ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ



ਅਤੇ ਐਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਛਿੰਝ ਮੇਲੇ ਦੌਰਾਨ ਪੰਜਾਬ ਤੇ ਬਾਹਰਲੇ ਸੂਬਿਆਂ ਤੋਂ ਉਚ ਕੋਟੀ ਦੇ ਪਹਿਲਵਾਨ ਪੁਹੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਪਟਕੇ ਦੇ ਜੇਤੂ ਪਹਿਲਵਾਨਾਂ ਨੂੰ ਪਿੰਡ ਵਾਸੀਆਂ ਵਲੋਂ ਮੋਟਰ ਸਾਇਕਲ ਇਨਾਮ ਵਜੋਂ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਤੇ ਇਨਾਮਾਂ ਦੀ ਵੰਡ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾ ਸੁਖਵਿੰਦਰ ਕੁਮਾਰ ਸੁੱਖੀ ਕਰਨਗੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਛਿੰਝ ਮੇਲੇ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਲੋਹਟੀਆ, ਚਰਨਜੀਤ ਸਿੰਘ ਸਰਪੰਚ, ਅਮਰੀਕ ਸਿੰਘ ਪੰਚ, ਹਰਮਿੰਦਰ ਸਿੰਘ, ਦਰਸ਼ਨ ਲੋਹਟੀਆ, ਕੇਵਲ ਸਿੰਘ, ਨਿਰਮਲ ਸਿੰਘ, ਸੰਤੋਖ ਸਿੰਘ, ਪ੍ਰਗਟ ਸਿੰਘ ਨੰਬਰਦਾਰ, ਲਛਕਰੀ ਰਾਮ, ਮਹਿੰਦਰ ਪਾਲ, ਦਰਸ਼ਣ ਸਿੰਘ, ਇੰਦਰਜੀਤ ਸਿੰਘ, ਤਰਸੇਮ ਸਿੰਘ, ਅਸ਼ੋਕ ਕਮਾਰ, ਬਲਜੋਤ ਸਿੰਘ, ਸੰਤੋਖ ਲੋਹਟੀਆ, ਜੋਗਿੰਦਰ ਸਿੰਘ, ਸਤਨਾਮ ਸਿੰਘ, ਬਿੱਟੂ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ ਸਾਧਪੁਰ ਤੋਂ ਇਲਾਵਾ ਹੋਰ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ।

# ਐਸ.ਸੀ.ਭਾਈਚਾਰਾ ਲੈ ਸਕਦਾ ਹੈ 50 ਲੱਖ ਤੋਂ 15 ਕਰੋੜ ਤੱਕ ਦਾ ਬਿਨਾਂ ਵਿਆਜ ਕਰਜ਼ਾ

**ਜਲੰਧਰ–** ਐਸ. ਸੀ. ਭਾਈਚਾਰੇ ਦੇ ਲੋਕ ਹੁਣ ਆਪਣੀ ਕੰਪਨੀ ਲਈ 50 ਲੱਖ ਤੋਂ ਲੈ ਕੇ 15 ਕਰੋੜ ਤੱਕ ਦਾ ਬਿਨਾਂ ਵਿਆਜ ਦਾ ਕਰਜ਼ਾ ਲੈ ਸਕਣਗੇ। ਕੇਂਦਰੀ ਰਾਜ ਮੰਤਰੀ ਅਤੇ ਨਵੇਂ ਬਣੇ ਪੰਜਾਬ ਭਾਜਪਾ ਪ੍ਰਧਾਨ ਸ੍ਰੀ ਵਿਜੇ ਸਾਂਪਲਾ ਨੇ ਦੋ ਅਹਿਮ ਸਕੀਮਾਂ ਦੀ ਜਾਣਕਾਰੀ ਦਿੱਤੀ ਹੈ। ਸ੍ਰੀ ਸਾਂਪਲਾ ਨੇ ਦੱਸਿਆ ਕਿ ਇਕ ਸਾਲ ਪੁਰਾਣੀ ਕੰਪਨੀ ਵਿਚ ਹੋਰ ਕਾਰੋਬਾਰ ਵਧਾਉਣ ਲਈ ਵੈਂਚਰ ਕੈਪੀਟਲ ਫੰਡ ਸਕੀਮ ਪਿਛਲੇ ਮਹੀਨੇ ਹੀ ਜਾਰੀ ਕੀਤੀ ਗਈ ਹੈ। ਇਸ ਸਕੀਮ ਤਹਿਤ ਲੋਕ ਇਕ ਸਾਲ ਪੁਰਾਣੀ ਕੰਪਨੀ ਲਈ 50 ਲੱਖ ਤੋਂ ਲੈ ਕੇ 15 ਕਰੋੜ ਤੱਕ ਦਾ ਕਰਜ਼ਾ ਬਿਨਾਂ ਵਿਆਜ ਲੈ ਸਕਦੇ ਹਨ। ਇਹ ਕਰਜ਼ਾ ਆਈ. ਐਫ. ਸੀ. ਆਈ. (ਇੰਡਸਟਰੀਅਲ ਫਾਈਨਾਂਸ ਕਾਰਪੋਰੇਸ਼ਨ ਆਫ ਇੰਡੀਆ) ਜਾਰੀ ਕਰੇਗਾ। ਮੰਤਰਾਲੇ ਵੱਲੋਂ ਕਾਰ-ਪੋਰੇਸ਼ਨ ਨੂੰ ਇਸ ਲਈ 200 ਕਰੋੜ ਦਾ ਫੰਡ ਜਾਰੀ ਕੀਤਾ ਜਾ ਚੁੱਕਾ ਹੈ। ਇਸ ਸਕੀਮ ਵਿਚ ਆਈ. ਐਫ. ਸੀ. ਆਈ. ਵੀ ਸ਼ੇਅਰ ਹੋਲਡਰ ਹੋਵੇਗਾ। 6 ਸਾਲ ਤੱਕ ਇਸ ਮਿਲੇ ਕਰਜ਼ੇ ਨੂੰ ਵਾਪਸ ਕੀਤੇ ਜਾਣ ਦੀ ਸਹੂਲਤ ਹੈ। ਸਕੀਮ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸ੍ਰੀ ਸਾਂਪਲਾ ਨੇ ਕਿਹਾ ਕਿ ਇਹ ਕਰਜ਼ਾ ਉਸ ਕੰਪਨੀ ਨੂੰ ਵੀ ਦਿੱਤਾ ਜਾਏਗਾ, ਜਿਸ ਵਿਚ ਜਨਰਲ ਕੈਟੇਗਰੀ ਦੇ ਲੋਕ ਸ਼ਾਮਲ ਹੋ ਸਕਦੇ ਹਨ ਪਰ ਐਸ. ਸੀ. ਭਾਈਚਾਰੇ ਦੇ ਲੋਕਾਂ ਦਾ ਹਿੱਸਾ 60 ਫੀਸਦੀ ਦੇ ਕਰੀਬ ਜ਼ਰੂਰੀ ਹੈ। ਇਸ ਸਕੀਮ ਵਿਚ ਲੁਧਿਆਣਾ ਦੇ ਦੋ ਕਾਰੋਬਾਰੀਆਂ ਸਮੇਤ 29 ਕੰਪਨੀਆਂ ਨੂੰ ਇਸ ਮਾਮਲੇ ਵਿਚ ਕਰਜ਼ਾ ਜਾਰੀ ਕੀਤਾ ਜਾ ਚੁੱਕਾ ਹੈ। ਹੁਣ ਤੱਕ 131 ਕਰੋੜ ਦੇ ਕਰਜ਼ੇ ਜਾਰੀ ਕੀਤੇ ਜਾ ਚੁੱਕੇ ਹਨ। ਇਹ ਕਰਜ਼ਾ ਕੌਮੀ ਬੈਂਕਾਂ ਵੱਲੋਂ ਦਿੱਤਾ ਜਾਵੇਗਾ ਤੇ ਇਸ ਲਈ ਆਈ. ਐਫ. ਸੀ. ਆਈ. ਵੱਲੋਂ ਹੀ ਸਾਰੀ ਗਾਰੰਟੀ ਦਿੱਤੀ ਜਾਏਗੀ। ਦੂਸਰੀ ਅਹਿਮ ਕਰੈਡਿਟ ਇਨਹਾਂਸਮੈਂਟ ਗਰੰਟੀ ਸਕੀਮ ਬਾਰੇ ਜਾਣਕਾਰੀ ਦਿੰਦੇ ਹੋਏ ਸ੍ਰੀ ਸਾਂਪਲਾ ਨੇ ਦੱਸਿਆ ਕਿ ਇਸ ਸਕੀਮ ਵਿਚ ਵੀ ਇਕ ਸਾਲ ਪੁਰਾਣੀ ਕੰਪਨੀ ਦੀ ਸ਼ਰਤ ਸ਼ਾਮਲ ਹੈ ਅਤੇ ਇਸ ਵਿਚ 25 ਲੱਖ ਤੋਂ ਲੈ ਕੇ 5 ਕਰੋੜ ਤੱਕ ਦਾ ਕਰਜ਼ਾ ਮਿਲ ਸਕਦਾ ਹੈ। ਇਸ ਕਰਜ਼ੇ 'ਤੇ ਵਿਆਜ ਕਰੀਬ 10 ਫੀਸਦੀ ਹੀ ਵਸੂਲ ਕੀਤਾ ਜਾਵੇਗਾ। ਇਸ ਵਿਚ ਵੀ ਜਨਰਲ ਕੈਟੇਗਰੀ ਦੇ ਭਾਈਵਾਲ ਬਣਾ ਕੇ ਕੰਪਨੀ ਨੂੰ ਕਰਜ਼ਾ ਮਿਲ ਸਕੇਗਾ ਤੇ ਇਸ ਵਿਚ ਵੀ 60 ਫੀਸਦੀ ਐਸ. ਸੀ. ਭਾਈਚਾਰੇ ਦੇ ਲੋਕਾਂ ਦੀ ਭਾਈਵਾਲੀ ਹੋਣੀ ਚਾਹੀਦੀ ਹੈ। ਕਰਜ਼ੇ ਲਈ ਮੰਤਰਾਲੇ ਵੱਲੋਂ ਹੀ ਇਸ ਮਾਮਲੇ ਵਿਚ 80 ਫੀਸਦੀ ਗਰੰਟੀ ਦਿੱਤੀ ਜਾਵੇਗੀ। ਇਸ ਸਕੀਮ ਤਹਿਤ ਵੀ 200 ਕਰੋੜ ਦਾ ਫੰਡ ਮੰਤਰਾਲੇ ਨੇ ਆਈ. ਐਫ. ਸੀ. ਆਈ. ਨੂੰ ਜਾਰੀ ਕਰ ਦਿੱਤਾ ਹੈ। ਦੋਵਾਂ ਸਕੀਮਾਂ ਨੂੰ ਭਾਈਚਾਰੇ ਦੇ ਕਾਰੋਬਾਰੀਆਂ ਲਈ ਅਹਿਮ ਦੱਸਦਿਆਂ ਉਹਨਾਂ ਕਿਹਾ ਕਿ ਪਹਿਲੀ ਵਾਰ ਆਈਆਂ ਇਹਨਾਂ ਸਕੀਮਾਂ ਦਾ ਲੋਕਾਂ ਨੂੰ ਲਾਭ ਉਠਾਉਣਾ ਚਾਹੀਦਾ ਹੈ। ਹਿਸ ਮੌਕੇ ਆਸ਼ੂ ਸਾਂਪਲਾ, ਰੌਬਿਨ ਸਾਂਪਲਾ, ਵੇਦ ਸ਼ਰਮਾ ਹਾਜ਼ਰ ਸਨ।



# ਮਾਤਾ ਮੁਖਤਿਆਰ ਕੌਰ ਧਾਲੀਵਾਲ ਨੂੰ ਸੇਜਲ਼ ਅੱਖਾਂ ਨਾਲ ਵਿਦਾਇਗੀ

**ਫਰਿਜ਼ਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ–** ਪਿਛਲੇ ਦਿਨੀ ਫਰਿਜ਼ਨੋ ਨਿਵਾਸੀ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸਖਸ਼ੀਅਤ ਪੱਤਰਕਾਰ ਨੀਟਾ ਮਾਛੀਕੇ ਤੇ ਡਾ ਸਿਮਰਜੀਤ ਸਿੰਘ ਧਾਲੀਵਾਲ ਦੇ ਸਤਿਕ–ਾਰਯੋਗ ਮਾਤਾ ਮੁਖਤਿਆਰ ਕੌਰ ਜੀ (ਸੁਪੱਤਨੀ ਦਲਬਾਰਾ ਸਿੰਘ ਧਾਲੀਵਾਲ) ਅਕਾਲ ਚਲਾਣਾ ਕਰ ਗਏ ਸਨ।



ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਪਿਛਲੇ ਦਿਨੀਂ ਸ਼ਾਤ ਭਵਨ ਫਿਊਨਰਲ ਹੋਮ ਫਾਉਲਰ ਵਿੱਖੇ ਹੋਇਆ, ਜਿਥੇ ਉਹਨਾਂ ਦੇ ਅੰਤਿਮ ਦਰਸ਼ਨ ਕਰ ਲਈ ਸੈਕੜੇ ਲੋਕੀਂ ਵਹੀਰਾ ਘੱਤਕੇ ਪਹੁੰਚੇ ਹੋਏ ਸਨ। ਇਸ ਮੌਕੇ ਉਹਨਾਂ ਦੇ ਸਕੇ ਸਬੰਧੀਆਂ, ਦੋਸਤਾ ਅਤੇ ਪਰਿਵਾਰਕ ਮੈਂਬਰਾ ਨੇ ਉਹਨਾਂ ਨੂੰ ਸੇਜਲ਼ ਅੱਖਾਂ ਨਾਲ ਵਦਾਇਗੀ ਦਿਤੀ। ਬੇਸ਼ੁਮਾਰ ਗਰਮੀ ਦੇ ਬਾਵਜੂਦ ਓਹਨਾਂ ਦੇ ਪਿਆਰ ਵਾਲੇ ਸੱਜਣ ਕੁਰਸੀਆਂ ਨਾ ਮਿਲਣ ਕਾਰਨ ਧੁਪ ਵਿੱਚ ਖੜਕੇ ਉਹਨਾਂ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੁੰਦੇ ਰਹੇ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਮਾਤਾ ਜੀ ਦੇ ਜੀਵਨ ਤੇ ਚਾਨਣਾ ਪਾਉਦਿਆਂ ਉਹਨਾਂ ਨੂੰ ਇਕ ਯੋਗ ਅਧਿਆਪਕ, ਅਦ੍ਰਸ਼ ਪਤਨੀ, ਸਫ਼ਲ ਮਾਤਾ ਅਤੇ ਉਘੀ ਸਮਾਜਸੇਵੀ ਗਰਦਾਨਿਆਂ। ਉਹਨਾਂ ਕਿਹਾ ਕਿ ਮਾਤਾ ਜੀ ਨੇ ਤਕਰੀਬਨ ਪੈਂਤੀ ਸਾਲ ਸਕੂਲਾਂ ਵਿੱਚ ਪੜਾਇਆ ਤੇ ਆਪਣੀ ਨੌਕਰੀ ਕਰਦਿਆਂ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹਨਾਂ ਕਿਹਾ ਕਿ ਮਾਤਾ ਮੁਖਤਿਆਰ ਕੌਰ ਨੇ ਆਪਣੇ ਪਰਿਵਾਰ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਲਈ ਵਡਮੁੱਲਾ ਯੋਗਦਾਨ ਪਾਇਆ ਅਤੇ ਮਾਤਾ ਮੁਖਤਿਆਰ ਕੌਰ ਦੇ ਜਾਣ ਨਾਲ ਜਿਥੇ ਫਰਿਜ਼ਨੋ ਏਰੀਏ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਥੇ ਮਾਛੀਕੇ ਪਿੰਡ ਵਿੱਚ ਵੀ ਉਦਾਸੀ ਦਾ ਆਲਮ ਹੈ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਵਿੱਚ ਲੇਖਕ ਮੇਜ਼ਰ ਕੁਲਾਰ, ਬੌਬੀ ਬਰਾੜ, ਕਾਲਮ ਨਵੀਸ ਜਗਤਾਰ ਸਿੰਘ ਗਿੱਲ, ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਡਾ. ਮਲਕੀਤ ਸਿੰਘ ਕਿੰਗਰਾ, ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ, ਬਲਵਿੰਦਰ ਕੌਰ ਗਿੱਲ, ਡਾ. ਸਿਮਰਜੀਤ ਸਿੰਘ, ਗਗਨ ਤੇ ਪ੍ਰੀਤ (ਪੋਤੀ ਪੋਤਾ), ਪੱਤਰਕਾਰ ਨੀਟਾ ਮਾਛੀਕੇ, ਗਿਆਨੀ ਹਰਭਜਨ ਸਿੰਘ, ਭਾਈ ਅਵਤਾਰ ਸਿੰਘ, ਡਾ. ਗੁਰਦੀਪ ਸਿੰਘ ਖੰਘੂੜਾ ਅਤੇ ਰਾਜ ਬਰਾੜ ਆਦਿ ਸ਼ਾਮਲ ਸਨ। ਸਟੇਜ ਸੰਚਾਲਨ ਪੱਤਰਕਾਰ ਕੁਲਵੰਤ ਧਾਲੀਆਂ ਨੇ ਕੀਤਾ। ਇਸ ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਹੋਈ। ਇਸ ਸਰਧਾਜ਼ਲੀ ਸਮਾਰੋਹ ਦੇ ਯਾਦਗਾਰੀ ਪਲਾਂ ਨੂੰ ਕੈਮਰਾਬੰਧ ਸ਼ਿਆਰਾ ਸਿੰਘ ਢੀਡਸਾ ਓਮਨੀ ਵੀਡੀਓ ਬੇਰਸਫੀਲਡ ਨੇ ਕੀਤਾ।



# ਸਮਾਰਟ ਸ਼ਹਿਰਾਂ ਵਿੱਚ ਅੰਮ੍ਰਿਤਸਰ ਤੇ ਜਲੰਧਰ ਸਮੇਤ 27 ਸ਼ਹਿਰ ਸ਼ਾਮਲ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਸਦੀ ਖੇਤਰ ਵਾਰਾਣਸੀ, ਸਿੱਖ ਧਰਮ ਦੇ ਪਵਿੱਤਰ ਅਸਥਾਨ ਅੰਮਿ–ਤਸਰ ਅਤੇ ਅਜਮੇਰ ਸਮੇਤ 27 ਸ਼ਹਿਰਾਂ ਦੀ ਸਮਾਰਟ ਸਿਟੀ ਮਿਸ਼ਨ ਤਹਿਤ ਚੋਣ ਕੀਤੀ ਗਈ ਹੈ। ਸਮਾਰਟ ਸਿਟੀ ਮਿਸ਼ਨ ਤਹਿਤ ਸਰਕਾਰ 2022 ਤਕ ਦੇਸ਼ ਦੇ 100 ਸ਼ਹਿਰਾਂ ਦਾ ਵਿਕਾਸ ਕਰਨਾ ਚਾਹੁੰਦੀ ਹੈ, ਜਿਨ੍ਹਾਂ ਵਿੱਚੋਂ ਹੁਣ ਤਕ 60 ਸ਼ਹਿਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ। ਇਸ ਤੋਂ ਪਹਿਲਾਂ ਜਨਵਰੀ ਵਿੱਚ 20 ਸ਼ਹਿਰਾਂ ਦੀ ਚੋਣ ਕੀਤੀ ਗਈ ਸੀ ਅਤੇ ਬਾਕੀ ਸ਼ਹਿਰਾਂ ਦੀ ਚੋਣ 2018 ਤਕ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਇਸ ਮਿਸ਼ਨ ਤਹਿਤ ਚੁਣੇ ਗਏ ਸ਼ਹਿਰਾਂ ਵਿੱਚ ਨਿਰਵਿਘਨ ਬਿਜਲੀ ਤੇ ਪਾਣੀ ਸਪਲਾਈ, ਇੰਟਰਨੈੱਟ ਕੁਨੈਕਟੀਵਿਟੀ, ਈ-ਗਵਰਨੈਂਸ ਅਤੇ ਮਿਆਰੀ ਢਾਂਚਾ ਮੁਹੱਈਆ ਕਰਾਉਣਾ ਸ਼ਾਮਲ ਹੈ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਐਮ ਵੈਂਕਈਆ ਨਾਇਡੂ ਨੇ ਅੱਜ ਇਥੇ ਸਮਾਰਟ ਸਿਟੀ ਚੈਲੇਂਜ ਮੁਕਾਬਲੇ ਦੇ ਤੀਜੇ ਗੇੜ ਦੇ ਨਤੀਜੇ ਐਲਾਨਦਿਆਂ ਕਿਹਾ ਕਿ ਇਸ ਮੁਕਾਬਲੇ ਵਿੱਚ ਇਸ ਮਿਸ਼ਨ ਹੇਠਲੇ 63 ਸ਼ਹਿਰਾਂ ਨੇ ਹਿੱਸਾ ਲਿਆ ਸੀ, ਜਿਨ੍ਹਾਂ ਵਿੱਚੋਂ 12 ਸੂਬਿਆਂ ਦੇ 27 ਸ਼ਹਿਰ ਚੁਣੇ ਗਏ ਹਨ ਅਤੇ ਇਨ੍ਹਾਂ ਵਿੱਚੋਂ ਅੰਮ੍ਰਿਤਸਰ ਨੂੰ ਪਹਿਲਾਂ ਸਥਾਨ ਮਿਲਿਆ ਹੈ। ਮਹਾਰਾਸ਼ਟਰ ਪੰਜ ਸ਼ਹਿਰਾਂ ਦੀ ਚੋਣ ਨਾਲ ਇਸ ਸੂਚੀ ਵਿੱਚ ਸਿਖ਼ਰਲੇ ਸਥਾਨ ਉਤੇ ਰਿਹਾ। ਚਾਰ ਸ਼ਹਿਰਾਂ ਦੀ ਚੋਣ ਨਾਲ ਤਾਮਿਲ ਨਾਡੂ ਦੂਜੇ ਅਤੇ ਤਿੰਨ ਸ਼ਹਿਰਾਂ ਦੀ ਚੋਣ ਨਾਲ ਉੱਤਰ ਪ੍ਰਦੇਸ਼ ਤੀਜੇ ਸਥਾਨ ਉਤੇ ਰਿਹਾ।

ਪੰਜਾਬ ਦੇ ਅੰਮ੍ਰਿਤਸਰ ਤੇ ਜਲੰਧਰ ਜਦੋਂ ਕਿ ਰਾਜਸਥਾਨ ਦੇ ਅਜਮੇਰ ਤੇ ਕੋਟਾ ਦੀ ਚੋਣ ਹੋਈ ਹੈ। ਸ੍ਰੀ ਨਾਇਡੂ ਨੇ ਦੱਸਿਆ ਕਿ ਚੁਣੇ ਗਏ ਇਨ੍ਹਾਂ 27 ਸ਼ਹਿਰਾਂ ਦੇ ਵਿਕਾਸ ਲਈ ਕੁੱਲ੍ਹ 66,883 ਕਰੋੜ ਰੁਪਏ ਦੇ ਨਿਵੇਸ਼ ਦਾ ਪ੍ਰਸਤਾਵ ਹੈ।


TANDOOR Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

- ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
- 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
- ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
- ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
- ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

- ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax


Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਯੁਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕੀਆਂ

ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'





ਯੁਨਾਈਟਿਡ ਸਪੋਰਟਸ ਕਲੱਬ ਦੇ 12ਵੇਂ ਵਿਸ਼ਵ ਕਬੱਡੀ ਕੱਪ ਦੇ ਮੈਚਾਂ ਦਰਮਿਆਨ ਖਿਡਾਰੀ ਆਪਣੇ ਜੌਹਰ ਦਿਖਾਉਂਦੇ ਹੋਏ।



ਸ. ਅਮੋਲਕ ਸਿੰਘ ਗਾਖਲ ਅਤੇ ਹੋਰ ਸੱਜਣ ਜੇਤੂ ਟੀਮ ਦੇ ਖਿਡਾਰੀਆਂ ਨਾਲ



ਸ. ਅਮੋਲਕ ਸਿੰਘ ਗਾਖਲ ਅਤੇ ਹੋਰ ਸੱਜਣ ਉਪ-ਜੇਤੂ ਟੀਮ ਦੇ ਖਿਡਾਰੀਆਂ ਨਾਲ



ਸ. ਮੱਖਣ ਸਿੰਘ ਬੈਂਸ (ਚੇਅਰਮੈਨ) ਅਤੇ ਇਕਬਾਲ ਸਿੰਘ ਗਾਖਲ (ਉਪ ਚੇਅਰਮੈਨ) ਅਤੇ ਹੋਰ ਸੱਜਣ ਅੰਡਰ 21-ਜੇਤੂ ਟੀਮ ਦੇ ਖਿਡਾਰੀਆਂ ਨਾਲ



ਟੋਨੀ ਅਕੋਸਟਾ ਤੇ ਹੋਰ ਖਿਡਾਰੀਆਂ ਨੂੰ ਮਿਲਦੇ ਹੋਏ



ਮੱਖਣ ਸਿੰਘ ਬੈਂਸ ਤੇ ਹੋਰ ਖਿਡਾਰੀਆਂ ਨੂੰ ਮਿਲਦੇ ਹੋਏ



ਉਘੇ ਪੰਜਾਬੀ ਕਮਿਊਨਿਟੀ ਆਗੂ ਪਾਲ ਸਹੋਤਾ ਤੇ ਹੋਰ ਖਿਡਾਰੀਆਂ ਨੂੰ ਮਿਲਦੇ ਹੋਏ




ਯੁਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਸ੍ਰੀ ਅਮੋਲਕ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਹੋਰ ਸੱਜਣ ਉਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ।










# ਯੂਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕੀਆਂ
















ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'










# ਯੁਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕੀਆਂ









ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'
















# ਯੁਨਾਈਟਡ ਸਪੋਰਟਸ ਕਲੱਬ ਦਾ 12ਵਾਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕੀਆਂ










ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'




















# ਆਟਾ-ਦਾਲ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਦਲਿਤ ਸਮਾਜ ਦੇ ਬੱਚਿਆਂ ਨੂੰ ਸਿੱਖਿਆ ਦੇਣਾ- ਸ੍ਰੀ ਰਮੇਸ਼ ਬਾਹਗਾ

## ਅਮਰੀਕਾ ਦੇ ਪ੍ਰਵਾਸੀਆਂ ਵੱਲੋਂ ਭਲਾਈ ਲਈ ਦਿੱਤੀ ਜਾ ਰਹੀ ਸਹਾਇਤਾ ਸ਼ਲਾਘਾਯੋਗ- ਧਾਮੀ















**ਨਵਾਂ ਸ਼ਹਿਰ (ਬਿਊਰੋ)–** ਡਾ. ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ (ਰਜਿ:) ਪੰਜਾਬ, ਇੰਡੀਆ ਵੱਲੋਂ ਇਲਾਕੇ ਦੇ ਗਰੀਬ ਵਰਗ ਦੀਆਂ ਲੜਕੀਆਂ ਨੂੰ ਸਿਖਲਾਈ ਦੇਣ ਲਈ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ (ਰਜਿ) ਯੂ. ਐਸ. ਏ. ਦੇ ਸਹਿਯੋਗ ਨਾਲ ਖੋਲ੍ਹੇ ਕਟਿੰਗ, ਟੇਲਰਿੰਗ ਐਂਡ ਐਮਬਰਾਇਡਰੀ ਇੰਸਟੀਚਿਊਟ ਬਲੱਡ ਡੋਨਰਜ਼ ਕਾਲੋਨੀ, ਸਲੋਹ ਰੋਡ, ਬੱਧਣ ਨਿਵਾਸ ਨਵਾਂ ਸ਼ਹਿਰ ਵਿਖੇ ਸਿਖਲਾਈ ਪ੍ਰਾਪਤ 31 ਲੜਕੀਆਂ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਵੰਡਣ ਸਬੰਧੀ ਆਯੋਜਿਤ ਸਮਾਗਮ ਵਿਚ ਸ੍ਰੀ ਰਾਜੇਸ਼ ਬਾਹਗਾ ਚੇਅਰਮੈਨ ਪੰਜਾਬ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਬਤੌਰ ਮੁੱਖ ਮਹਿਮਾਨ ਸ਼ਾਮਲ ਹੋ ਕੇ ਸਰਟੀਫਿਕੇਟ, ਸਿਲਾਈ ਮਸ਼ੀਨਾਂ ਅਤੇ ਵਿਸ਼ੇਸ਼ ਇਨਾਮ ਤਕਸੀਮ ਕੀਤੇ ਅਤੇ ਸੁਸਾਇਟੀ ਦੇ ਮਾਨਵਵਾਦੀ ਕਾਰਜਾਂ ਦੀ ਸ਼ਲਾਘਾ ਕੀ ਤੀ। ਸ. ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈਡ ਤੇ ਹਲਕਾ ਇੰਚਾਰਜ ਨਵਾਂ ਸ਼ਹਿਰ ਨੇ ਸਮਾਗਮ 'ਚ ਵਿਸ਼ੇਸ਼ ਸ਼ਿਰਕਤ ਕੀਤੀ ਅਤੇ ਪੰਜਾਬ ਸਰਕਾਰ ਦੀਆਂ ਗਰੀਬ ਸਮਾਜ ਲਈ ਸ਼ੁਰੂ ਕੀਤੀਆਂ ਭਲਾਈ ਸਕਮਾਂ ਅਤੇ ਵਿਕਾਸ ਕਾਰਜਾਂ ਬਾਰੇ ਦੱਸਿਆ। ਸ੍ਰੀ ਬਾਹਗਾ ਅਤੇ ਸ. ਵਾਅਦ ਨੇ ਤੇ ਮਹੀਨੇ ਦੌਰਾਨ ਸੰਸਥਾ ਦੀਆਂ ਲੜਕੀਆਂ ਵੱਲੋਂ ਤਿਆਰ ਕੀਤੇ ਪਹਿਰਾਵਿਆਂ ਦੀ ਪ੍ਰਦਰਸ਼ਨੀ ਵੀ ਵੇਖੀ ਅਤੇ ਲੜਕੀਆਂ ਨੂੰ ਮਿਲੀ ਸਿਖਲਾਈ ਦੀ ਸ਼ਲਾਘਾ ਕੀਤੀ। ਸੁਸਾਇਟੀ ਦੇ ਕਨਵੀਨਰ ਸ. ਐਮ. ਐਸ. ਧਾਮੀ, ਐਨ. ਆਰ. ਆਈ. ਸੁਸਾਇਟੀ ਦੇ ਅਹੁਦੇਦਾਰ, ਮੈਂਬਰ ਅਤੇ ਆਗੂ ਇਸ ਸਮੇਂ ਉਹਨਾਂ ਨਾਲ ਸਨ। ਇਸ ਸੰਸਥਾ ਦੀਆਂ ਟੀਚਰ ਨਿਰਮਲ ਕੌਰ ਅਤੇ ਸੰਦੀਪ ਕੌਰ, ਵਿਦਿਆਰਥਣ ਪੂਨਮ ਹਿਾ ਅਤੇ ਸੀਨੀਅਰ ਸਕੈਂਡਰੀ ਸਕੂਲ ਨਵਾਂ ਸ਼ਹਿਰ ਦੀ ਵਿਦਿਆਰਥਣ ਅੰਸ਼ੂ ਦਾ ਵੀ ਸਨਮਾਨ ਕੀਤਾ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਰਮੇਸ਼ ਬਾਹਗਾ ਨੇ ਕਿਹਾ ਕਿ ਆਟਾ-ਦਾਲ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਦਲਿਤ ਸਮਾਜ ਦੇ ਬੱਚਿਆਂ ਨੂੰ ਸਿੱਖਿਆ ਦੇਣਾ ਅਤੇ ਸਕੂਲਾਂ 'ਚ ਟੀਚਰਾਂ ਦੀ ਘਾਟ ਨੂੰ ਪੂਰਾ ਕਰਨਾ ਹੈ। ਉਹਨਾਂ ਕਿਹਾ ਕਿ ਡਾ. ਬੀ. ਆਰ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਪੰਜਾਬ ਦੀਆਂ ਛੇ ਯੂਨੀਵਰਸਿਟੀਆਂ 'ਚ ਸੈਮੀਨਾਰ ਕਰਵਾਏ ਜਾਣਗੇ ਅਤੇ ਪੰਜਾਬ ਅਤੇ ਹਰਿਆਣਾ ਵਿਧਾਨ ਸਭਾਵਾ ਸਾਹਮਣੇ ਡਾ. ਅੰਬੇਡਕਰ ਦੇ ਬੁੱਤ ਸਥਪਾਤ ਕੀਤੇ ਜਾਣਗੇ। ਉਹਨਾਂ ਜਾਤ ਪਾਤ 'ਤੇ ਆਧਾਰਿਤ ਵਿਤਕਰਾ ਖਤਮ ਕਰਨ ਦੀ ਲੋੜ ਬਾਰੇ ਆਖਦਿਆਂ ਦਲਿਤ ਸਮਾਜ ਨੂੰ ਚੰਗੇਰੇ ਕਿੱਤੇ ਅਪਣਾਉਣ ਦੀ ਲੋੜ ਬਾਰੇ ਕਿਹਾ। ਉਹਨਾਂ ਕਿਹਾ ਕਿ ਅਜਿਹੇ ਨੌਜਵਾਨਾਂ ਨੂੰ ਲੋੜੀਂਦੀ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਹਨਾਂ ਪੋਸਟ ਮੈਟਰਿਕ ਸਕਾਲਰਸ਼ਿਪ ਦੀਆਂ ਕਾਲਜਾਂ 'ਚ ਧਾਂਦਲੀਆਂ ਦੀ ਜਾਂਚ ਬਾਰੇ ਵੀ ਦੱਸਿਆ। ਉਹਨਾਂ ਦੇਸ਼ ਭਰ 'ਚ ਦਲਿਤ ਉਦਮੀਆਂ ਦੀਆਂ ਸਫਲ ਕਹਾਣੀਆਂ ਬਾਰੇ ਵੀ ਜਾਣਕਾਰੀ ਦਿੱਤੀ। ਸ੍ਰੀ ਬਾਹਗਾ ਨੇ ਕਿਹਾ ਕਿ ਪੰਜਾਬ ਵਿਚ ਜਾਤ-ਪਾਤ ਦੀ ਭਾਵਨਾ ਨਹੀਂ ਹੋਣੀ ਚਾਹੀਦੀ ਕਿਉਂਕਿ ਗੁਰ ਸਾਹਿਬਾਨ ਨੇ ਇਸ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਉਹਨਾਂ ਕਮਿਸ਼ਨ ਵੱਲੋਂ ਅਨੁਸੂਚਿਤ ਜਾਤੀਆਂ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਦੱਸਿਆ।

ਇਸ ਮੌਕੇ 'ਤੇ ਡਾ. ਅੰਬੇਡਕਰ ਫਾਊਂਡੇਸ਼ਨ ਦੇ ਮੈਂਬਰ ਸ੍ਰੀ ਮਨਜੀਤ ਬਾਲੀ ਨੇ ਫਾਊਂਡੇਸ਼ਨ ਦੀਆਂ ਸਕੀਮਾਂ ਬਾਰੇ ਦੱਸਿਆ।

ਸੁਸਾਇਟੀ ਦੇ ਕਨਵੀਨਰ ਸ. ਐਮ. ਐਸ. ਧਾਮੀ, ਐਨ. ਆਰ. ਆਈ. ਨੇ ਭਵਿੱਖੀ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਅਮਰੀਕਾ ਦੇ ਪ੍ਰਵਾਸੀਆਂ ਵੱਲੋਂ ਇਹਨਾਂ ਕਾਰਜਾਂ ਲਈ ਦਿੱਤੀ ਜਾ ਰਹੀ ਸਹਾਇਤਾ ਬਾਰੇ ਦੱਸਿਆ ਅਤੇ ਕਿਹਾ ਕਿ ਇਹ ਟਰੇਨਿਗ ਸੰਸਥਾ ਹੁਣ ਹੁਸ਼ਿਆਰਪੁਰ ਵਿਖੇ ਖੋਲ੍ਹੀ ਜਾਵੇਗੀ ਅਤੇ ਕੰਢੀ ਏਰੀਏ ਦੀਆਂ ਆਰਥਿਕ ਤੌਰ ਤੇ ਕਮਜ਼ੋਰ ਲੜਕੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਸੁਸਾਇਟੀ ਦੇ ਪ੍ਰਧਾਨ ਸ੍ਰੀ ਟੀ. ਆਰ. ਗੰਗੜ, ਮੁੱਖ ਸਲਾਹਕਾਰ ਪ੍ਰੋ. ਬੀ. ਆਰ. ਬੱਲੀ, ਸ. ਦਿਲਬਾਗ ਸਿੰਘ ਜ਼ਿਲ੍ਹਾ ਸਿੱਖਿਆ ਅਧਿਕਾਰੀ, ਸ੍ਰੀ ਸੋਹਨ ਲਾਲ ਦੀਵਾਨਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਨਵਾਂ ਸ਼ਹਿਰ ਯੂਨਿਟ, ਸ੍ਰੀ ਸੋਮਨ ਾਥ ਮਾਸਟਰ ਸੀਨੀਅਰ ਸਕੈਂਡਰੀ ਸਕੂਲ ਗੁਸਾਪੁਰ ਅਤੇ ਸ੍ਰੀ ਜੈ ਰਾਮ ਬੱਧਣ ਟਰੱਸਟੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੈਨੇਜਰ ਸ. ਬਲਦੇਵ ਬਤਰਾ ਨੇ ਵੀ ਵਿਚਾਰ ਪੇਸ਼ ਕੀਤੇ।

ਮੈਡਮ ਸੁਦੇਸ਼ ਸ਼ਰਮਾ, ਉਪ ਪ੍ਰਧਾਨ ਬੀ. ਜੇ. ਪੀ. ਪੰਜਾਬ ਸ੍ਰੀ ਸੰਜੀਵ ਭਾਰਦਵਾਜ, ਜ਼ਿਲ੍ਹਾ ਪ੍ਰਧਾਨ ਬੀ. ਜੇ. ਪੀ. ਸ਼ਹੀਦ ਭਗਤ ਸਿੰਘ ਨਗਰ ਸ. ਪਰਮ ਸਿੰਘ ਖਾਲਸਾ ਸਰਕਲ ਪ੍ਰਧਾਨ, ਸ. ਸੁੱਚਾ ਸਿੰਘ ਮੈਂਬਰ ਸੁਸਾਇਟੀ, ਸ੍ਰੀ ਗੁਰਮੀਤ ਰਾਮ ਮੈਂਬਰ ਸੁਸਾਇਟੀ, ਸ. ਸੰਤੋਖ ਸਿੰਘ ਸਰਪੰਚ, ਸ. ਸੁਰਜੀਤ ਸਿੰਘ ਨੰਗਲ ਆਦਿ ਹਾਜ਼ਰ ਸਨ।

ਖਜਾਨਚੀ ਤੇ ਕਨਵੀਨਰ ਸ. ਧਾਮੀ ਨੇ ਦੱਸਿਆ ਕਿ ਯੂ. ਐਸ. ਏ. ਵਿੰਗ ਪ੍ਰਧਾਨ ਸ੍ਰੀ ਜੁਗਿੰਦਰ ਪਾਲ ਚੁੰਬਰ, ਮੀਤ ਪ੍ਰਧਾਨ ਸ੍ਰੀ ਦਰਸ਼ਨ ਵਿਰਕ, ਜਨਰਲ ਸਕੱਤਰ ਸ੍ਰੀ ਜਸਵੰਤ ਸ਼ੀਂਹਮਾਰ, ਸਲਾਹਕਾਰ ਸ੍ਰੀ ਕਰਨੈਲ ਸਿੰਘ ਬੱਧਣ, ਮੈਂਬਰ, ਤ੍ਰੇਸ਼ੀ ਸੁਭਾਸ਼ ਬੰਗਾ ਮੈਂਬਰ ਇੱਧਰ ਪੰਜਬ 'ਚ ਕਮਜ਼ੋਰ ਵਰਗਾਂ ਦੇ ਵਿਅਕਤੀਆਂ, ਲੜਕੀਆਂ ਦੀ ਸਹਾਇਤਾ ਲਈ ਵਿਸ਼ੇਸ਼ ਯੋਗਦਾਨ ਪਾ ਰਹੇ ਹਨ

# ਬੇਗਮਪੁਰਾ ਕਲਚਰਲ ਐਜੂਕੇਸ਼ਨ ਏਡ ਸੁਸਾਇਟੀ ਦੀ ਮੀਟਿੰਗ ਸੈਕਰਾਮੈਂਟੋ ਵਿਖੇ ਹੋਈ

**ਸੈਕਰਾਮੈਂਟੋ–** ਬੀਤੇ ਸ਼ਨੀਵਾਰ 9 ਸਤੰਬਰ ਨੂੰ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਦੀ ਮੀਟਿੰਗ ਸੈਕਰਾਮੈਂਟੋ ਵਿਚ ਹੋਈ, ਜਿਸ ਵਿਚ ਮਹਿੰਦਰ ਸਿੰਘ ਧਾਮੀ, ਜਸਵੰਤ ਸ਼ੀਮਾਰ, ਜੋਗਿੰਦਰ ਚੁੰਬਰ, ਕਰਨੈਲ ਵਿਰਕ, ਦਰਸ਼ਨ ਵਿਰਕ, ਲਸ਼ਕਰ ਸਿੰਘ ਬੱਧਣ, ਇੰਦਰਜੀਤ ਪੱਗਵੱਗਾ, ਪ੍ਰੇਮ ਚੁੰਬਰ ਨੇ ਸ਼ਮੂਲੀਅਤ ਕੀਤੀ।

ਇਸ ਵਿਚ ਮਹਿੰਦਰ ਸਿੰਘ ਧਾਮੀ ਨੇ ਭਾਰਤ ਵਿਚ ਜੋ ਕਾਰਜ ਕਰਕੇ ਆਏ ਹਨ, ਵਿਸਥਾਰ ਪੂਰਵਕ ਉਹਨਾਂ ਬਾਰੇ ਜਾਣਕਾਰੀ ਦਿੱਤੀ। ਜੋ ਸੁਸਾਇਟੀ ਵੱਲੋਂ ਨਵਾਂ ਸ਼ਹਿਰ ਵਿਖੇ ਪਹਿਲਾ ਕੈਂਪ ਕਰਵਾਇਆ ਗਿਆ ਸੀ, ਉਥੇ ਗਰੀਬ ਲੜਕੀਆਂ ਨੂੰ ਗ੍ਰੈਜੂਏਟ ਹੋਣ 'ਤੇ ਸਰਟੀਫਿਕੇਟ ਦਿੱਤੇ ਗਏ ਅਤੇ ਨਵਾਂ ਲੜਕੀਟਾਂ ਦਾ ਸਕੂਲ ਮੱਲ੍ਹਮਜਾਰਾ ਹੁਸ਼ਿਆਰਪਰ ਵਿਚ ਖੋਲ੍ਹਿਆ ਗਿਆ, ਜਿੱਥੇ ਉਹ ਸਿਲਾਈ, ਕਢਾਈ ਦੀ ਟਰੇਨਿੰਗ ਲੈਣਗੀਆਂ। ਇਹਨਾਂ ਸਾਰੇ ਕੰਮਾਂ ਲਈ ਭੱਜ ਨੱਠ ਕਰਨ ਲਈ ਸਭਾ ਦੇ ਬਾਕੀ ਮੈਂਬਰਾਂ ਨੇ ਮਹਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ।

ਇਸ ਸਭਾ ਨੂੰ ਹੋਰ ਕਾਮਯਾਬ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।



**– ਜਸਵੰਤ ਜੱਸੀ ਸ਼ੀਮਾਰ**

**916-293-6030**

# 'ਗੈਬੀ ਸ਼ਕਤੀਆਂ, ਕਾਲਾ ਇਲਮ ਤੇ ਜੋਤਿਸ਼, ਨਿਰੇ ਅੰਧ-ਵਿਸ਼ਵਾਸੀ ਝੂਠ ਦੀ ਪੰਡ'



ਪ੍ਰੋ: ਐਚ.ਐਲ.ਕਪੂਰ
001- 916- 587-4002

ਵਿਗਿਆਨ ਨੇ ਇੱਕੀਵੀਂ ਸਦੀ ਦੇ ਯੁੱਗ ਤੱਕ ਪਹੁੰਚਦਿਆਂ ਭਾਵੇਂ ਕੰਪਿਊਟਰ, ਆਈ. ਟੀ. ਤੇ ਹੋਰ ਅਨੇਕਾਂ ਖੇਤਰਾਂ 'ਚ ਲਾਸਾਨੀ ਤਰੱਕੀ ਕਰ ਲਈ ਹੈ। ਮਨੁੱਖ ਨੇ ਵਿਗਿਆਨ ਨਾਲ ਜਨਮ, ਮੌਤ, ਬਿਮਾਰੀਆਂ ਤੇ ਇਹਨਾਂ ਦੇ ਕਾਰਨ ਭੁਚਾਲ, ਰੁੱਤਾਂ ਤੇ ਮੌਸਮ ਤੇ ਕੁਦਰਤ ਦੇ ਅਨੇਕ ਰਹੱਸਾਂ ਦੀ ਜਾਣਕਾਰੀ ਹਾਸਲ ਕਰ ਲਈ ਹੈ। ਅੱਜ ਦਾ ਮਨੁੱਖ ਆਧੁਨਿਕਵਾਦ ਦੇ ਵੱਡੇ-ਵੱਡੇ ਦਾਅਵੇ ਕਰ ਰਿਹਾ ਹੈ ਪਰ ਉਸ ਦੀ ਸੋਚ ਅੰਦਰੋਂ ਅਜੇ ਵੀ ਆਦਿ ਮਾਨਵੀ ਪਰਛਾਵੇਂ ਵਾਲੀ ਹੈ। ਇਸ ਦਾ ਉਘੜਦਾ ਰੂਪ ਸਾਡੇ ਸਾਹਮਣੇ ਉਸ ਸਮੇਂ ਆਉਂਦਾ ਹੈ ਜਦੋਂ ਉਹ ਆਪਣੇ ਬੱਚੇ-ਬੱਚੀਆਂ ਦੀ ਸ਼ਾਦੀ ਜੋਤਸ਼ੀਆਂ ਤੋਂ ਪੁੱਛ ਕੇ ਚੰਗੇ ਮਾੜੇ ਦਿਨਾਂ ਦਾ ਪਤਾ ਕਰਕੇ ਸਾਹਾ ਪੱਕਾ ਕਰਦਾ ਹੈ। ਕਿਸੇ ਬਿਮਾਰੀ ਜਾਂ ਦੁੱਖ ਤਕਲੀਫ਼ ਸਮੇਂ ਡਾਕਟਰੀ ਇਲਾਜ ਦੀ ਥਾਂ ਤਾਂਤਰਿਕਾਂ ਦੀ ਬਰੂਹਾਂ 'ਤੇ ਜਾ ਖੜ੍ਹਾ ਹੁੰਦਾ ਹੈ ਤੇ ਉਹਨਾਂ ਦੇ ਦੱਸੇ ਹੋਏ ਟੂਣੇ, ਦਾਨ-ਪੁੰਨ ਤੇ ਤਰ੍ਹਾਂ ਤਰ੍ਹਾਂ ਦੇ ਉਪਾਅ ਕਰਵਾਉਂਦਾ ਹੈ। ਉਹ ਤਾਂ ਹੀ ਅਜਿਹਾ ਕਰਦਾ ਹੈ ਕਿਉਂਕਿ ਉਸ ਦੀ ਅਜੇ ਵੀ ਸੋਚ ਅਣਵਿਗਿਆਨਕ ਆਦਿ ਕਾਲੀਨ ਮਨੁੱਖ ਵਰਗੀ ਹੀ ਹੈ।

ਮਨੁੱਖ ਭਾਵੇਂ ਜਿੰਨਾ ਮਰਜ਼ੀ ਵਿਗਿਆਨਕ ਸੋਚ ਦਾ ਧਾਰਨੀ ਬਣ ਗਿਆ ਹੈ ਪਰ ਉਸਦੇ ਮਨ ਅੰਦਰ ਅਦੁੱਤੀ ਤੇ ਰਹੱਸਮਈ ਸ਼ਕਤੀਆਂ ਦਾ ਡਰ ਸੁਤੇ-ਸਿੱਧ ਹੀ ਜਾਗ ਪੈਂਦਾ ਹੈ। ਉਸ ਅੰਦਰ ਡਰ ਦੀ ਮਾਤਰਾ 'ਚ ਵਾਧਾ ਹੁੰਦਾ ਹੈ ਤੇ ਇਸੇ ਡਰ ਕਾਰਨ ਹੀ ਕਿਤੇ ਮੇਰਾ ਕੋਈ ਨੁਕਸਾਨ ਨਾ ਹੋ ਜਾਵੇ, ਬੇਵੱਸ ਹੋ ਕੇ ਜਾਦੂ-ਟੂਣਿਆਂ, ਭਰਮਾਂ-ਵਹਿਮਾਂ ਤੇ ਅੰਧ-ਵਿਸ਼ਵਾਸਾਂ 'ਚ ਫਸ ਜਾਂਦਾ ਹੈ। ਉਹ ਆਪਣੇ ਅੰਦਰ ਭੂਤਾਂ-ਪ੍ਰੇਤਾਂ ਦੀ ਰੂਪ-ਰੇਖਾ ਦੀ ਕਲਪਨਾ ਘੜ ਲੈਂਦਾ ਹੈ, ਉਹਨਾਂ ਪ੍ਰਤੀ ਸਨਮਾਨ ਤੇ ਡਰ ਪੈਦਾ ਕਰ ਲੈਂਦਾ ਹੈ ਤੇ ਫਿਰ ਉਹਨਾਂ ਤੋਂ ਡਰਦਾ ਹੋਇਆ ਉਹਨਾਂ ਦੀ ਪੂਜਾ ਕਰਨੀ ਅਰੰਭ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਅੱਜ ਦਾ ਮਨੁੱਖ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਖੋਜ ਕੰਪਿਊਟਰ 'ਤੇ ਬੈਠਾ ਵਿਦੇਸ਼ਾਂ 'ਚ ਬੈਠੇ ਲੋਕਾਂ ਨਾਲ ਚੈਟਿੰਗ ਕਰ ਰਿਹਾ ਹੁੰਦਾ ਹੈ ਤੇ ਦੂਸਰੇ ਪਾਸੇ ਭੂਤਾਂ-ਪ੍ਰੇਤਾਂ ਦੇ ਮਾਨਸਿਕ ਡਰ ਕਰਕੇ ਫੋਨ 'ਤੇ ਜੋਤਸ਼ੀਆਂ ਤੇ ਤਾਂਤਰਿਕਾਂ ਤੋਂ ਉਪਾਅ ਪੁੱਛ ਰਿਹਾ ਹੁੰਦਾ ਹੈ। ਹਸਪਤਾਲਾਂ 'ਚ ਇਲਾਜ ਲਈ ਅਤੀ-ਆਧੁਨਿਕ ਮਸ਼ੀਨਾਂ ਉਪਲਬਧ ਹੋਣ ਦੇ ਬਾਵਜੂਦ ਸਾਡੀਆਂ ਮਾਨਸਿਕ ਬਿਮਾਰੀਆਂ ਦਾ ਇਲਾਜ ਦੇਵਾ ਜੀ, ਸਾਧ ਬਾਬੇ ਤੇ ਪੁੱਛਾਂ ਦੇਣ ਵਾਲੇ ਅਨਪੜ੍ਹ ਲੋਕ ਕਰਦੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਸਾਡਾ ਮੀਡੀਆ ਭਾਵ ਦੂਰਦਰਸ਼ਨਾਂ ਦੇ ਚੈਨਲ ਆਪਣੇ ਵਿਉਪਾਰਕ ਹਿੱਤਾਂ ਦੀ ਖਾਤਰ, ਇਹਨਾਂ 'ਤੇ ਬੰਦੇ ਦਾ ਕਾਲ-ਕਲਪ ਕਰਨ ਦੀਆਂ ਕਿਰਿਆਵਾਂ ਦਿਖਾ ਰਹੇ ਹੁੰਦੇ ਹਨ। ਅਖ਼ਬਾਰਾਂ 'ਚ ਛਪਦੇ ਇਹਨਾਂ ਬਾਬਿਆਂ ਤੇ ਝਾੜ-ਫੂਕ ਕਰਨ ਵਾਲਿਆਂ ਦੇ ਵੱਡੇ-ਵੱਡੇ ਇਸ਼ਤਿਹਾਰ ਇਲਾਜ ਦੇ ਸ਼ਰਤੀਆਂ ਨੁਸਖੇ ਦਰਸਾਉਂਦੇ ਹਨ। ਟੀ. ਵੀ. 'ਤੇ ਭੂਤ-ਪ੍ਰੇਤਾਂ ਦੀਆਂ ਕਹਾਣੀਆਂ 'ਤੇ ਆਧਾਰਿਤ ਸੀਰੀਅਲ ਤੇ ਨੂੰਹਾਂ ਤੇ ਸੱਸ ਟੂਣਿਆਂ ਦਾ ਪ੍ਰਦਰਸ਼ਨ ਕਰਕੇ, ਅੰਧ ਵਿਸ਼ਵਾਸ ਫੈਲਾ ਕੇ, ਘਰਾਂ ਦੀ ਸੁੱਖ-ਸ਼ਾਂਤੀ ਨੂੰ ਡੈਣ ਬਣ ਕੇ ਖਾ ਰਹੀਆਂ ਹਨ। ਪ੍ਰਸ਼ਾਸਨ ਵੱਲੋਂ ਇਹਨਾਂ 'ਤੇ ਕੋਈ ਰੋਕ-ਟੋਕ ਨਹੀਂ ਹੈ ਤੇ ਨਾ ਹੀ ਕੋਈ ਇਹਨਾਂ 'ਤੇ ਸੈਂਸਰ ਲਾਗੂ ਹੁੰਦਾ ਹੈ। ਇਸ ਤਰ੍ਹਾਂ ਦਾ ਮੀਡੀਆ, ਸਾਡੇ ਸਮਾਜ ਨੂੰ ਵਿਗਿਆਨਕ ਦਿਸ਼ਾ-ਨਿਰਦੇਸ਼ ਦੇਣ ਦੀ ਥਾਂ ਅੰਧ-ਵਿਸ਼ਵਾਸ ਫੈਲਾਉਣ 'ਚ ਭਰਪੂਰ ਯੋਗਦਾਨ ਪਾ ਰਿਹਾ ਹੈ। ਇਸ ਪਿੱਛੇ ਉਹਨਾਂ ਦਾ ਵਿਉਪਾਰਕ ਹਿੱਤ ਹੈ ਜੋ ਸਮਾਜ ਦੀ ਸੁੱਖ-ਸ਼ਾਂਤੀ ਤੇ ਗਿਰਾਵਟ ਲਈ ਬੜਾ ਘਾਤਕ ਸਿੱਧ ਹੋ ਰਿਹਾ ਹੈ। ਮੀਡੀਏ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ, ਇਹਨਾਂ ਸਮਾਜ ਦੇ ਦੁਸ਼ਮਣਾਂ ਦਾ ਸਾਥ ਨਾ ਦਿੰਦਿਆਂ, ਅਜਿਹੇ ਵਿਸ਼ਿਆਂ ਵਾਲੇ ਪ੍ਰੋਗਰਾਮ ਪੇਸ਼ ਕਰਨ, ਜਿਹੜੇ ਸਮਾਜ ਨੂੰ ਵਿਗਿਆਨਕ ਤੇ ਅਗਾਂਹ ਵਧੂ ਸੋਚ ਵੱਲ ਪ੍ਰੇਰਿਤ ਕਰਨ।

ਮਨੁੱਖ ਸਮਾਜ 'ਚ ਆਪਣੀ ਹੋਂਦ ਨੂੰ ਦੋ ਤਰੀਕਿਆਂ ਨਾਲ ਬਣਾਈ ਰੱਖਦਾ ਹੈ- ਪਹਿਲਾ ਤਰੀਕਾ ਹੈ ਕੁਦਰਤੀ ਤੇ ਦੂਸਰਾ ਹੈ ਗੈਰ-ਕੁਦਰਤੀ ਤਰੀਕਾ। ਕੁਦਰਤੀ ਤਰੀਕੇ ਨਾਲ ਬਣੀ ਹੋਂਦ ਨੂੰ ਮਨੁੱਖ ਰੱਬ ਦੀ ਰਜ਼ਾ ਜਾਂ ਪ੍ਰਮਾਤਮਾ ਦਾ ਭਾਣਾ ਅਤੇ ਗੈਰ-ਕੁਦਰਤੀ ਤਰੀਕੇ ਨੂੰ ਅਸੀਂ ਪ੍ਰਮਾਤਮਾ ਜਾਂ ਰੱਬ ਦੀ ਰਜ਼ਾ ਦੇ ਵਿਰੁੱਧ ਕਰਮ ਕਰਦਿਆਂ, ਆਪਣੇ ਤਰੀਕੇ ਨਾਲ ਰਜ਼ਾ ਨੂੰ ਮੋੜਨ ਦੀ ਕੋਸ਼ਿਸ਼ ਕਰਦਿਆਂ, ਜਾਦੂ-ਟੂਣਿਆਂ ਤੇ ਅੰਧ ਵਿਸ਼ਵਾਸਾਂ ਦਾ ਸਹਾਰਾ ਲੈਂਦੇ ਹਾਂ। ਪ੍ਰਸਿੱਧ ਲੋਕਧਾਰਾ ਚਿੰਤਕ ਡਾ: ਸੁਰਿੰਦਰ ਸਿੰਘ ਵਣਜਾਰਾ ਬੇਦੀ ਵੀ ਇਸ ਗੱਲ ਦੀ ਹਾਮੀ ਭਰਦਿਆਂ ਕਹਿੰਦੇ ਹਨ- "ਪ੍ਰਕਿਰਤੀ ਨੂੰ ਕੁਦਰਤੀ ਤਰੀਕੇ ਨਾਲ ਸੰਸਕ੍ਰਿਤੀ 'ਚ ਬਦਲਣਾ ਤਾਂ ਵਿਗਿਆਨਕ ਹੈ ਪਰ ਰਹੱਸਮਈ ਤਰੀਕੇ ਨਾਲ ਬਦਲਣਾ ਜਾਦੂ-ਟੂਣਾ ਹੈ।" ਜਾਦੂ ਦਾ ਅਰਥ ਤਲਿਸਮ ਜਾਂ ਇੰਦਰਜਾਲ ਹੈ ਅਤੇ ਟੂਣਾ ਉਪਚਾਰ ਜਾਂ ਇਲਾਜ ਨਾਲ ਮਿਲਦਾ-ਜੁਲਦਾ ਹੈ। ਟੂਣਾ ਅੰਧ-ਵਿਸ਼ਵਾਸ ਨਾਲ ਸਬੰਧਤ ਉਪਚਾਰ ਵਿਧੀ ਹੈ ਜਦੋਂ ਕਿ ਜਾਦੂ ਦਾ ਉਪਚਾਰ ਨਾਲ ਕੋਈ ਸਬੰਧ ਨਹੀਂ ਹੈ। ਜਾਦੂ-ਟੂਣੇ ਦਾ ਕਿਤੇ ਨਾ ਕਿਤੇ ਸਬੰਧ ਧਰਮ ਤੇ ਸਾਡੇ ਸਮਾਜ ਦੇ ਰੀਤੀ-ਰਿਵਾਜਾਂ ਨਾਲ ਵੀ ਹੈ। ਇਹ ਦੇਖਿਆ ਗਿਆ ਹੈ ਕਿ ਕਈ ਵਾਰ ਸਮਾਜਿਕ ਰੀਤੀ ਰਿਵਾਜ ਹੀ ਟੂਣਾ ਬਣ ਜਾਂਦੇ ਹਨ। ਰੀਤੀ-ਰਿਵਾਜਾਂ ਜਾਂ ਰਸਮਾਂ ਦੀ ਪੂਜਾ ਦਾ ਕੋਈ ਵਿਧਾਨ ਜਾਂ ਨਿਯਮ ਸਥਾਪਤ ਹੁੰਦਾ ਹੈ ਪਰ ਕਈ ਵਾਰ ਇਹਨਾਂ 'ਚ ਤਬਦੀਲੀ ਵੀ ਆ ਜਾਂਦੀ ਹੈ। ਪੁਰਾਣੇ ਸਮੇਂ 'ਚ ਯੱਗਾਂ 'ਚ ਨਰਬਲੀ, ਪਸ਼ੂਬਲੀ (ਜਿਵੇਂ ਬੱਕਰੇ ਦੀ ਬਲੀ ਅੱਜ ਵੀ ਪ੍ਰਚੱਲਿਤ ਹੈ), ਅਨਾਜ ਬਲੀ ਆਦਿ ਬੜੀ ਪ੍ਰਚੱਲਿਤ ਸੀ। ਜਿਉਂ-ਜਿਉਂ ਸਮਾਂ ਬੀਤਦਾ ਗਿਆ ਨਰਬਲੀ ਦੀ ਜਗ੍ਹਾ ਨਾਰੀਅਲ ਬਲੀ ਨੇ ਲੈ ਲਈ। ਪ੍ਰੰਤੂ ਲੁਕ-ਛਿਪ ਕੇ ਸੰਤਾਨ ਦੀ ਪ੍ਰਾਪਤੀ ਲਈ ਕਿਸੇ ਦੇ ਬੱਚੇ ਨੂੰ ਅਗਵਾ ਕਰਕੇ ਅੱਜ ਵੀ ਇਸ ਬਲੀ ਦਾ ਕੁਕਰਮ, ਅਗਿਆਨੀ ਮਾਨਸਿਕਤਾ ਕਿਤੇ ਨਾ ਕਿਤੇ ਜਰੂਰ ਕਰ ਰਹੀ ਹੈ। ਕਿਸੇ ਦੇ ਬੱਚੇ ਅਗਵਾ ਕਰਕੇ ਚੁੱਕਣਾ ਤੇ ਉਸਦੀ ਹੱਤਿਆ, ਇਸ ਲਈ ਕਰ ਦੇਣੀ ਕਿ ਮੇਰੇ ਸੰਤਾਨ ਪੈਦਾ ਹੋਵੇ, ਇਹ ਕਿੱਥੋਂ ਦੀ ਅਕਲਮੰਦੀ ਹੈ? ਇਸ ਨਾਲ ਉਦੇਸ਼ ਦੀ ਪ੍ਰਾਪਤੀ ਹੋਵੇ ਜਾਂ ਨਾ, ਇਸ ਨਾਲ ਕੋਈ ਸਰੋਕਾਰ ਨਹੀਂ ਹੈ।

ਇਸ ਉਕਤ ਉਪਚਾਰ ਤੋਂ ਇਲਾਵਾ ਹੋਰ ਉਪਚਾਰਿਕ ਵਿਧੀ ਜਿਸ ਨੂੰ ਫਾਂਡਾ ਕਹਿੰਦੇ ਹਨ। ਕਈ ਵਾਰ ਇਹ ਵਹਿਮ ਵੀ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਪਸ਼ੂ ਬਿਮਾਰ ਹੋ ਜਾਵੇ ਤਾਂ ਲੋਕ ਕਹਿ ਦਿੰਦੇ ਹਨ ਕਿ ਇਸ ਡੰਗਰ ਦੇ ਉਪਰ ਵੀ ਕੋਈ 'ਉੱਗੂ' ਭਾਵ ਕੋਈ ਜਾਨਵਰ ਜੋ ਦਿਸਦਾ ਨਹੀਂ ਹੈ, ਲੰਘ ਗਿਆ ਹੈ। ਪਸ਼ੂ ਇੱਕਦਮ ਜ਼ਮੀਨ 'ਤੇ ਡਿੱਗ ਪੈਂਦਾ ਹੈ। ਦਰਅਸਲ 'ਚ ਇਹ ਪਸ਼ੂਆਂ ਨੂੰ ਪੈਣ ਵਾਲਾ ਦਿਲ ਦਾ ਦੌਰਾ ਹੈ। ਜਿਸ ਨਾਲ ਪਸ਼ੂ ਬੇਸੁਰਤ ਹੋ ਜਾਂਦਾ ਹੈ ਤੇ ਆਪਣੀਆਂ ਲੱਤਾਂ ਜੋਰ-ਜੋਰ ਦੀ ਜ਼ਮੀਨ 'ਤੇ ਡਿੱਗ ਕੇ ਮਾਰਦਾ ਹੈ, ਮਾਨੋਂ ਜਿਵੇਂ ਉਹ ਤੜਫ ਰਿਹਾ ਹੋਵੇ ਕਿਉਂਕਿ ਉਸ ਦੇ ਦਿਲ ਤੇ ਦਰਦ ਹੋ ਰਿਹਾ ਹੁੰਦਾ ਹੈ। ਪਰ ਅਗਿਆਨੀ ਲੋਕ ਕਿਸੇ ਡਾਕਟਰ ਨੂੰ ਬੁਲਾਉਣ ਦੀ ਬਜਾਏ ਕਹਿੰਦੇ ਹਨ ਕਿ ਇਸ ਉਪਰ ਦੀ ਕੋਈ ਉੱਗੂ ਲੰਘ ਗਿਆ ਹੈ ਤੇ ਉਹ ਫਾਂਡਾ ਕਰਨ ਲਈ, ਕਿਸੇ ਫਾਂਡੇ ਵਾਲੇ ਵਿਅਕਤੀ ਨੂੰ ਬੁਲਾ ਕੇ ਉਸ ਦਾ ਇਲਾਜ, ਧੂਣੀ 'ਚ ਕੁਝ ਮਿਲਾਅ ਕੇ ਧੂੰਏਂ ਨਾਲ ਘੇਰਾ ਕੱਢ ਕੇ ਕੀਤਾ ਜਾਂਦਾ ਹੈ ਤੇ ਪਸ਼ੂ ਦਿਲ ਦੇ ਦੌਰੇ ਉਪਰੰਤ ਜਾਂ ਤਾਂ ਉੱਠ ਖੜ੍ਹਦਾ ਹੈ ਜਾਂ ਫਿਰ ਮਰ ਜਾਂਦਾ ਹੈ।

ਸੱਪ ਦੇ ਡੰਗ ਮਾਰ ਜਾਣ 'ਤੇ ਉਂਝ ਬੇਸ਼ੱਕ ਦਵਾਈ ਲੈ ਲੈਂਦੇ ਹਨ ਪਰ ਕਿਸੇ ਸਿਆਣੇ ਤੋਂ ਫਾਂਡਾ ਕਰਵਾ ਕੇ ਵੀ ਲੋਕ ਬੇਫਿਕਰ ਹੋ ਜਾਂਦੇ ਹਨ। ਜਦੋਂ ਕਿਸੇ ਵਿਅਕਤੀ ਦੇ ਕੱਖ ਲੱਗ ਜਾਵੇ ਤਾਂ ਜ਼ਿਆਦਾਤਰ ਲੋਕ ਫਾਂਡਾ ਹੀ ਕਰਵਾਉਂਦੇ ਹਨ। ਸੀਤਲਾ ਜਾਂ ਮਾਤਾ (ਚਿਕਨ ਪੌਕਸ) ਇਸ ਨੂੰ ਚੇਚਕ ਦੀ ਬਿਮਾਰੀ ਵੀ ਕਿਹਾ ਜਾਂਦਾ ਹੈ, ਦੇ ਨਿਕਲਣ 'ਤੇ ਵੀ ਲੋਕ 'ਰੱਖ' ਰਖਵਾਉਂਦੇ ਹਨ, ਫਾਂਡਾ ਕਰਵਾਉਂਦੇ ਹਨ ਤੇ ਕਈ ਤਾਂ ਇਸ ਬਿਮਾਰੀ ਦੀ ਦਵਾਈ ਵੀ ਨਹੀਂ ਲੈਂਦੇ ਸਗੋਂ ਮਾਤਾ ਦੇ ਮੰਦਰ ਜਾ ਕੇ ਮੱਥਾ ਟੇਕ ਕੇ ਹੀ ਬਿਮਾਰੀ ਤੋਂ ਨਿਜਾਤ ਭਾਲਦੇ ਹਨ। ਕਈਆਂ ਦੇ ਸਰੀਰ 'ਤੇ ਇਸ ਬਿਮਾਰੀ ਨਾਲ ਜ਼ਖਮ ਹੋ ਜਾਂਦੇ ਹਨ ਤੇ



ਮੂੰਹ ਤੇ ਡੂੰਘ ਪੈਣ ਨਾਲ ਬੰਦਾ ਬਦਸੂਰਤ ਹੋ ਜਾਂਦਾ ਹੈ।

ਸਰੀਰ ਦੇ ਜੋੜਾਂ ਦੀਆਂ ਦਰਦਾਂ ਦਾ ਮਰੀਜ਼, ਜਿਸ ਨੂੰ ਐਲੋਪੈਥੀ 'ਚ ਅਰਥੇਰਾਈਟਸ ਦੀ ਬਿਮਾਰੀ ਵੀ ਕਹਿੰਦੇ ਹਨ, ਅੱਜ ਵੀ ਲੋਕ ਸਰੀਰ 'ਤੇ ਰਾਖ ਮਲ਼ ਕੇ ਜ਼ਮੀਨ ਉਪਰ ਸੌਂਦੇ ਹਨ। ਸਾਧੂ-ਸੰਤ ਰਾਖ ਦੀ ਚੁਟਕੀ ਮੱਥੇ ਤੇ ਲਾਉਣ ਲਈ ਤੇ ਚੱਟਣ ਲਈ ਵੀ ਦਿੰਦੇ ਹਨ ਤੇ ਕਹਿੰਦੇ ਹਨ- 'ਬੱਚਾ ਤੂੰ ਬਿਲਕੁਲ ਠੀਕ ਹੋ ਜਾਏਂਗਾ'। ਇਹ ਸਾਰੇ ਇਲਾਜ ਜਾਂ ਉਪਚਾਰ ਮਨੁੱਖਤਾ ਦੇ ਵਿਸ਼ਵਾਸ ਨਾਲ ਆਦਿ ਕਾਲ ਤੋਂ ਜੁੜੇ ਹੋਏ ਹਨ ਜੋ ਪੀੜ੍ਹੀ ਦਰ ਪੀੜ੍ਹੀ ਮਨੁੱਖ ਨਾਲ ਚੱਲਦੇ-ਚੱਲਦੇ, ਅੱਜ ਸਾਡੇ ਨਾਲ ਵਿਗਿਆਨ ਦੇ ਆਧੁਨਿਕ ਯੁੱਗ 'ਚ ਪ੍ਰਵੇਸ਼ ਕਰ ਚੁੱਕੇ ਹਨ ਤੇ ਮਾਨਵਤਾ ਦੇ ਨਾਲ ਚਿੰਬੜੇ, ਲੱਥਦੇ ਵੀ ਨਹੀਂ ਹਨ। ਚੇਤਨ ਜਾਂ ਅਵਚੇਤਨਾ ਤੌਰ 'ਤੇ ਮਨੁੱਖ ਇਹਨਾਂ ਤੋਂ ਛੁਟਕਾਰਾ ਵੀ ਨਹੀਂ ਪਾਉਣਾ ਚਾਹੁੰਦਾ ਹੈ ਕਿਉਂਕਿ ਇਹ ਰਹੱਸਮਈ ਭਰਮ-ਭੁਲੇਖੇ, ਉਹ ਭਰਮ-ਭੁਲੇਖੇ ਹਨ ਜੋ ਸਾਡੀ ਜ਼ਿੰਦਗੀ ਅਤੇ ਸਭਿਆਚਾਰ ਦਾ ਅੰਗ ਬਣ ਗਏ ਹਨ। ਵਿਗਿਆਨ ਦੀ ਲਾਸਾਨੀ ਤਰੱਕੀ ਦੇ ਬਾਵਜੂਦ ਵੀ ਅਸੀਂ ਇਹਨਾਂ ਨਾਲ ਚਿਪਕੇ ਹੋਏ ਹਾਂ ਕਿਉਂਕਿ ਮਾਲਿਨੋਵਸਕੀ ਨੇ ਆਪਣੀ ਪੁਸਤਕ 'ਮੈਜਿਕ, ਸਾਇੰਸ, ਰਿਲੀਜਨ ਤੇ ਐਸੇਜ' ਵਿਚ ਲਿਖਿਆ ਹੈ- 'ਜਾਦੂ ਤੇ ਵਿਗਿਆਨ 'ਚ ਦਿਖਾਵਟੀ ਪੱਧਰ 'ਤੇ ਸਮਾਨਤਾ ਹੈ। ਜਾਦੂ ਦੀ ਵਰਤੋਂ ਚਿੰਤਾ ਤੇ ਅਸੁਰੱਖਿਆ ਨੂੰ ਘੱਟ ਕਰਨ ਵਾਸਤੇ ਕੀਤੀ ਜਾਂਦੀ ਹੈ।" ਇਸ ਦਾ ਇਹੀ ਕਾਰਨ ਹੈ ਕਿ ਜਿਸ ਚੀਜ਼ ਨੂੰ ਅਸੀਂ ਨਾ ਦੇਖਿਆ ਹੋਵੇ, ਉਸ ਦੀ ਕਾਲਪਨਿਕ ਤਸਵੀਰ ਬਣਾ ਕੇ ਉਸ ਤੋਂ ਡਰਨਾ ਤੇ ਉਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਾਂ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਬਾਬਿਆਂ, ਜੋਤਸ਼ੀਆਂ, ਤਾਂਤਰਿਕਾਂ ਤੇ ਹੋਰ ਝਾੜ-ਫੂਕ ਕਰਨ ਵਾਲਿਆਂ ਦੇ ਚੱਕਰਾਂ 'ਚ ਫਸ ਜਾਂਦੇ ਹਾਂ ਤੇ ਸਾਰੀ ਉਮਰ ਉਹਨਾਂ ਦੇ ਚੱਕਰਾਂ 'ਚੋਂ ਬਾਹਰ ਨਹੀਂ ਨਿਕਲਦੇ। ਅੱਜ ਭਾਵੇਂ ਵਿਗਿਆਨ ਨੇ ਬੜੀ ਤਰੱਕੀ ਕਰ ਲਈ ਹੈ ਤੇ ਹਰ ਬਿਮਾਰੀ ਨੂੰ ਡਾਕਟਰੀ ਇਲਾਜ ਨਾਲ ਠੀਕ ਕਰਨ ਦਾ ਸਫਲ ਯਤਨ ਵੀ ਹੋ ਰਿਹਾ ਹੈ। ਪਰ ਫਿਰ ਵੀ ਮਾਨਸਿਕ ਰੋਗੀਆਂ ਦੀ ਗਿਣਤੀ ਹਰ ਸਾਲ ਵੱਧਦੀ ਹੀ ਜਾਂਦੀ ਹੈ ਤੇ ਬਹੁਤ ਵੱਡੀ ਗਿਣਤੀ 'ਚ ਲੋਕ ਆਪਣੇ ਵਾਲ਼ ਖਿਲਾਰ ਕੇ ਢੋਲਕੀਆਂ, ਛੈਣਿਆਂ ਦੀ ਤਾਲ 'ਤੇ ਡੋਲ਼ੀਆਂ ਖੇਡ ਰਹੇ ਹਨ ਤੇ ਆਪਣਾ ਮਾਨਸਿਕ ਤੇ ਆਰਥਿਕ ਸ਼ੋਸ਼ਣ ਕਰਵਾ ਰਹੇ ਹਨ।

ਮਨੁੱਖ ਦੀ ਮਾਨਸਿਕਤਾ ਇੰਨੀ ਕਮਜ਼ੋਰ ਹੋ ਗਈ ਹੈ ਕਿ ਅਸੀਂ ਹਰ ਵੇਲੇ, ਹਰ ਮੌਕੇ 'ਤੇ ਟੂਣਿਆਂ ਤੇ ਝਾੜ-ਫੂਕ ਦਾ ਸਹਾਰਾ ਭਾਲਦੇ ਹਾਂ। ਬੱਚਾ ਜਦੋਂ ਪੈਦਾ ਹੁੰਦਾ ਹੈ ਤਾਂ ਅਸੀਂ ਉਸ ਨੂੰ ਜਨਮ ਤੋਂ ਹੀ ਟੂਣਿਆਂ ਨਾਲ ਉਸ ਦਾ ਸਵਾਗਤ ਕਰਦੇ ਹਾਂ। ਉਸ ਨੂੰ ਭੂਤਾਂ-ਪ੍ਰੇਤਾਂ ਤੇ ਬਦਰੂਹਾਂ ਤੋਂ ਦੂਰ ਰੱਖਣ ਲਈ, ਬੱਚੇ ਵਾਲੇ ਕਮਰੇ ਦੀਆਂ ਬਰੂਹਾਂ ਨੂੰ ਸਰੀਂਹ ਜਾਂ ਨਿੰਮ ਦੇ ਪੱਤੇ ਬੰਨ੍ਹ ਦਿੰਦੇ ਹਾਂ। ਵੈਸੇ ਤਾਂ ਇਸ ਦਾ ਵਿਗਿਆਨਕ ਪੱਖ ਇਹ ਹੈ ਕਿ ਇਹ ਪੱਤੇ ਕੀਟਾਣੂ ਨਾਸ਼ਕ ਹੁੰਦੇ ਹਨ ਤੇ ਬਿਮਾਰੀਆਂ ਫੈਲਣ ਤੋਂ ਰੋਕਦੇ ਹਨ। ਬੱਚਿਆਂ ਦੇ ਗਲ਼ੇ 'ਚ ਕੌਡੀ ਪਿਰੋਅ ਕੇ ਪਾਈ ਜਾਂਦੀ ਹੈ। ਬੱਚਾ ਜੇ ਦੁੱਧ ਵੱਧ ਪੀ ਲੈਣ ਕਰਕੇ ਦੁੱਧ ਸੁੱਟ ਦੇਵੇ ਤਾਂ ਵੀ ਸਿਆਣੇ ਕੋਲੋਂ ਟੂਣਾ ਕਰਵਾਇਆ ਜਾਂਦਾ ਹੈ। ਜੇਕਰ ਬੱਚਾ ਬਿਮਾਰ ਹੋ ਜਾਵੇ ਤਾਂ ਨਜ਼ਰ ਲੱਗ ਗਈ ਸਮਝ ਕੇ ਮੱਥੇ ਕਾਲਾ ਟਿੱਕਾ ਲਾਇਆ ਜਾਂਦਾ ਹੈ ਤਾਂ ਜੋ ਉਸ ਨੂੰ ਬੁਰੀ ਨਜ਼ਰ ਨਾ ਲੱਗੇ। ਸਿਆਣੇ ਜਾਂ ਬਜ਼ੁਰਗ ਦੀ ਅਰਥੀ ਤੋਂ ਸੁੱਟਿਆ ਪੈਸਾ ਜਾਂ ਛੁਹਾਰਾ ਬੱਚੇ ਦੇ ਗਲ਼ੇ 'ਚ ਪਿਰੋਅ ਕੇ ਪਾਇਆ ਜਾਂਦਾ ਹੈ ਤਾਂ ਜੋ ਉਹ ਬੁਰੀ ਨਜ਼ਰ ਤੋਂ ਬਚ ਸਕੇ।

ਜਿੱਥੇ ਮਨੁੱਖ ਨੇ ਆਪਣੇ ਨਾਲ ਟੂਣੇ ਜੋੜ ਲਏ ਹਨ, ਇਸੇ ਤਰ੍ਹਾਂ ਉਸ ਨੇ ਪਸ਼ੂਆਂ ਨੂੰ ਵੀ ਨਹੀਂ ਬਖਸ਼ਿਆ ਤੇ ਉਹਨਾਂ ਨਾਲ ਵੀ ਕਈ ਤਰ੍ਹਾਂ ਦੇ ਟੂਣੇ ਜੋੜ ਲਏ ਹਨ। ਦੁਧਾਰੂ ਪਸ਼ੂ ਮੱਝ-ਗਾਂ ਜੇ ਦੁੱਧ ਵੱਧ ਦਿੰਦੀ ਹੈ ਤਾਂ ਓਪਰੇ ਮਨੁੱਖ ਕੋਲੋਂ ਦੁੱਧ ਨੂੰ ਪਰਦਾ ਕੀਤਾ ਜਾਂਦਾ ਹੈ। ਕਿਸੇ ਸਿਆਣੇ ਤੋਂ ਪੇੜਾ ਕਰਵਾ ਕੇ ਪਸ਼ੂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਉਸ ਨੂੰ ਨਜ਼ਰ ਲੱਗਣ ਤੋਂ ਬਚਾਇਆ ਜਾ ਸਕੇ। ਕਈ ਵਾਰ ਪਿੰਡਾਂ 'ਚ ਪਸ਼ੂਆਂ 'ਚ ਬਿਮਾਰੀ ਫੈਲ ਜਾਂਦੀ ਹੈ ਤਾਂ ਕਈ ਬੰਦੇ ਨੰਗੇ ਪੈਰੀਂ ਜਾ ਕੇ ਸਿਆਣੇ ਕੋਲੋਂ ਤਬੀਤ ਕਰਵਾ ਕੇ ਲਿਆਉਂਦੇ ਹਨ। ਤਵੀਤ ਦੀ ਇਕ ਪਰਚੀ ਕੋਈ ਠੂਠੀ 'ਚ ਗੂੰਦ ਨਾਲ ਚਿਪਕਾ ਕੇ ਮੁੰਜ ਦੀ ਰੱਸੀ ਨਾਲ ਦਰਵਾਜ਼ੇ ਮੂਹਰੇ ਬੰਨ੍ਹ ਦਿੱਤੀ ਜਾਂਦੀ ਹੈ। ਦੂਜੀ ਪਰਚੀ ਕੜਾਹੇ ਦੇ ਪਾਣੀ 'ਚ ਘੋਲ ਕੇ ਟੂਣੇ ਦਾ ਪਾਣੀ ਤਿਆਰ ਕੀਤਾ ਜਾਂਦਾ ਹੈ। ਸਵੇਰੇ ਹੀ ਪਿੰਡ ਦੇ ਸਾਰੇ ਲੋਕਾਂ ਨੂੰ ਚੁੱਲ੍ਹੇ ਨਾ ਬਾਲਣ ਦੀ ਤਕੀਦ 'ਤੇ ਪਿੰਡ ਤੋਂ ਬਾਹਰ ਜਾਣ ਦੀ ਮਨਾਹੀ ਕੀਤੀ ਜਾਂਦੀ ਹੈ। ਸਰੀਰ ਦੀ ਤੰਦਰੁਸਤੀ ਅਤੇ ਅਰੋਗਤਾ ਲਈ ਵੀ ਟੂਣੇ ਕੀਤੇ ਜਾਂਦੇ ਹਨ। ਅਗਰ ਕੋਈ ਕੁੱਤਾ ਕੱਟ ਜਾਵੇ ਤਾਂ ਉਸ ਦੇ ਮਾਲਕ ਕੋਲੋਂ ਜ਼ਖਮ ਉਤੇ ਲਾਲ ਮਿਰਚਾਂ ਦੀ ਲੇਪ ਕਰਵਾਈ ਜਾਂਦੀ ਹੈ। ਸ਼ਨੀਵਾਰ ਵਾਲੇ ਦਿਨ ਕਾਲੇ ਕੁੱਤੇ ਜਾਂ ਕਾਲੀ ਗਊ ਨੂੰ ਰੋਟੀ ਪਾਉਣੀ ਵੀ ਸਰੀਰਕ ਤੰਦਰੁਸਤੀ ਸਬੰਧਤ ਟੂਣੇ ਹਨ। ਮਿਰਗੀ ਪੈਣ 'ਤੇ ਰੋਗੀ ਨੂੰ ਜੁੱਤੀ ਸੁੰਘਾਈ ਜਾਂਦੀ ਹੈ। ਸੋਕੜੇ ਤੋਂ ਪੀੜਤ ਬੱਚੇ ਨੂੰ ਤੰਦਰੁਸਤ ਕਰਨ ਲਈ ਖੋਤੇ ਉਪਰ ਬਿਠਾ ਕੇ ਚੌਰਾਹੇ 'ਚ ਨੁਹਾਇਆ ਜਾਂਦਾ ਹੈ।

ਕਈ ਹੋਰ ਬਿਮਾਰੀਆਂ ਨੂੰ ਦੂਰ ਕਰਨ ਲਈ ਮੱਸਿਆ ਦੀ ਰਾਤ ਨੂੰ ਕਿਸੇ ਟੋਭੇ ਜਾਂ ਦਰਿਆ ਦੇ ਕੰਢੇ ਚੌਮੁੱਖਾ ਦੀਵਾ ਬਾਲ ਕੇ ਰੱਖਿਆ ਜਾਂਦਾ ਹੈ ਤੇ ਮਰੀਜ਼ ਦੇ ਕੱਪੜੇ ਤੇ ਸਤਨਾਜਾ ਆਦਿ ਉਥੇ ਸੁੱਟ ਦਿੱਤਾ ਜਾਂਦਾ ਹੈ। ਗੁੱਟ ਨੂੰ ਮਰੋੜਾ ਪੈਣ 'ਤੇ ਜਿਸ ਦਾ ਨਾਨਾ-ਨਾਨੀ ਤੇ ਦਾਦਾ-ਦਾਦੀ ਦੋਵੇਂ ਜਿਉਂਦੇ ਹੋਣ, ਕੋਲੋਂ ਗੁੱਟ 'ਤੇ ਕਾਲਾ ਧਾਗਾ ਬੰਨ੍ਹਵਾਇਆ ਜਾਂਦਾ ਹੈ। ਕਈ ਟੂਣੇ ਜਾਂ ਰੱਖਾਂ ਦਿਨਾਂ ਦੇ ਨਾਲ ਵੀ ਜੁੜੀਆਂ ਹੋਈਆਂ ਹਨ ਜਿਵੇਂ: ਮੀਟ-ਸ਼ਰਾਬ ਆਦਿ ਮੰਗਲਵਾਰ, ਵੀਰਵਾਰ ਤੇ ਐਤਵਾਰ ਦੇ ਦਿਨਾਂ 'ਚ ਖਾਣੇ-ਪੀਣੇ ਮਨਾਹੀ ਹਨ ਕਿਉਂਕਿ ਇਹ ਦਿਨ ਪੀਰਾਂ ਦੇ ਪਹਿਰੇ ਦੇ ਹੁੰਦੇ ਹਨ। ਬਿੱਲੀ ਰਸਤਾ ਕੱਟ ਜਾਏ ਤਾਂ ਕੰਮ ਨਹੀਂ ਬਣਦਾ, ਘਰੋਂ ਮਿੱਠਾ ਮੂੰਹ ਕਰਕੇ ਜਾਓ ਤਾਂ ਕੰਮ ਬਣ ਜਾਂਦਾ ਹੈ, ਨਿੱਛ ਆਉਣ 'ਤੇ ਜ਼ਰਾ ਰੁਕ ਜਾਓ ਕਿਉਂਕਿ ਛਿੱਕ ਆਉਣ 'ਤੇ ਤੁਰਨਾ ਬਦਸ਼ਗਨੀ ਸਮਝੀ ਜਾਂਦੀ ਹੈ। ਕੁਝ ਨੰਬਰ ਲੱਕੀ ਜਾਂ ਅਣਲੱਕੀ ਕਹੇ ਜਾਂਦੇ ਹਨ। ਚੰਡੀਗੜ੍ਹ 'ਚ 13 ਨੰਬਰ ਦਾ ਸੈਕਟਰ ਨਹੀਂ ਹੈ ਕਿਉਂਕਿ 13 ਨੰਬਰ ਨੂੰ ਨਮਰੌਲੋਜੀ ਦੇ ਹਿਸਾਬ ਨਾਲ ਅਣਲੱਕੀ ਸਮਝਿਆ ਜਾਂਦਾ ਹੈ।

ਇਹ ਸਾਰੇ ਉਕਤ ਟੂਣੇ ਆਪਣੇ ਭਲੇ ਲਈ ਹੀ ਕੀਤੇ ਜਾਂਦੇ ਹਨ। ਇਸ ਦੇ ਮੁਕਾਬਲੇ 'ਚ ਕੁਝ ਟੂਣੇ ਅਜਿਹੇ ਵੀ ਹਨ ਜੋ ਦੂਸਰੇ ਦਾ ਨੁਕਸਾਨ ਕਰਨ ਲਈ ਵੀ ਕੀਤੇ ਜਾਂਦੇ ਹਨ।

ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਦੇ ਵੱਸ ਹੋ ਕੇ ਭਾਰਤ ਇਕੱਲਾ ਦੇਸ਼ ਨਹੀਂ ਹੈ ਜਿੱਥੇ ਅਜਿਹੇ ਟੂਣੇ ਕਰਨ ਦੇ ਪ੍ਰਚਲਨ ਚੱਲ ਰਹੇ ਹਨ ਸਗੋਂ ਸੰਸਾਰ ਦੇ ਸਾਰੇ ਦੇਸ਼ਾਂ 'ਚ ਅਜਿਹੇ ਅੰਧ-ਵਿਸ਼ਵਾਸਾਂ ਤੇ ਟੂਣਿਆਂ ਦਾ ਬੋਲਬਾਲਾ ਹੈ। ਜਰਮਨੀ 'ਚ ਵੀ ਲੋਕ ਡੈਣਾਂ ਤੇ ਰਾਖਸ਼ਾਂ ਦੀ ਹੋਂਦ ਨੂੰ ਮੰਨਦੇ ਹਨ। ਜਿਸ ਦਾ ਪ੍ਰਤੱਖ ਪ੍ਰਮਾਣ, ਉਥੇ ਮਨਾਇਆ ਜਾਂਦਾ 'ਵਾਲ ਪੁਰਗਿਸ ਨਾਈਟ' ਦਾ ਤਿਉਹਾਰ ਹੈ। ਬਾਹਰ ਆਉਣ 'ਤੇ ਉਥੋਂ ਦੇ ਲੋਕ ਡੈਣਾਂ ਤੇ ਰਾਕਸ਼ਾਂ ਦਾ ਰੂਪ ਧਾਰ ਕੇ ਇਕੱਠੇ ਹੁੰਦੇ ਹਨ ਤੇ ਵੱਡੀ ਪਾਰਟੀ ਦਾ ਆਯੋਜਨ ਕਰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਹਰ ਵਰ੍ਹੇ ਦੀ ਤੀਹ ਅਪ੍ਰੈਲ ਨੂੰ ਡੈਣਾਂ ਤੇ ਰਾਖਸ਼ ਹਾਰਜ ਪਹਾੜਾਂ ਦੀਆਂ ਚੋਟੀਆਂ 'ਤੇ ਇਕੱਤਰ ਹੁੰਦੇ ਹਨ ਅਤੇ ਮੀਟਿੰਗ ਕਰਦੇ ਹਨ। ਇਹਨਾਂ ਡੈਣਾਂ ਤੇ ਰਾਖਸ਼ਾਂ ਵੱਲੋਂ ਪਹੁੰਚਾਏ ਜਾਣ ਵਾਲੇ ਨੁਕਸਾਨ ਤੋਂ ਬਚਣ ਲਈ ਇਸ ਦਿਨ ਲੋਕ 'ਵਾਲ ਪੁਰਗਿਸ' ਦਾ ਆਯੋਜਨ ਕਰਦੇ ਹਨ। ਰਾਤ ਨੂੰ ਲੋਕ ਰਾਖਸ਼ਾਂ ਤੇ ਡੈਣਾਂ ਦੀਆਂ ਪੁਸ਼ਾਕਾਂ ਪਾ ਕੇ ਲੱਕੜਾਂ ਦੇ ਢੇਰ ਨੂੰ ਅੱਗ ਲਾ ਕੇ ਉਸ ਦੁਆਲੇ ਨੱਚਦੇ ਹਨ। ਚਿਹਰਿਆਂ ਤੇ ਨਕਾਬ ਤੇ ਡਰਾਉਣੇ ਮਖੌਟੇ ਪਾ ਕੇ ਮਾਹੌਲ ਨੂੰ ਡਰਾਉਣਾ ਬਣਾ ਦਿੰਦੇ ਹਨ। ਅੱਧੀ ਰਾਤ ਤੋਂ ਕੁਝ ਪਲ ਪਹਿਲਾਂ ਡੈਣਾਂ ਤੇ ਰਾਖਸ਼ਾਂ ਦੇ ਪੁਤਲਿਆਂ ਨੂੰ ਅੱਗ 'ਚ ਸੁੱਟ ਦਿੱਤਾ ਜਾਂਦਾ ਹੈ।ਇਸ ਤੋਂ ਉਪਰੰਤ ਬਹਾਰ ਦੀ ਰਾਣੀ 'ਮੇ ਕੁਈਨ' ਦੇ ਰੂਪ 'ਚ ਇਕ ਛੋਟੀ ਬੱਚੀ ਰਾਤ ਦੇ ਬਾਰਾਂ ਵਜੇ ਪ੍ਰਵੇਸ਼ ਕਰਦੀ ਹੈ ਤੇ ਬਦੀ ਦੇ ਖ਼ਾਤਮੇ ਉਪਰੰਤ ਖੁਸ਼ਹਾਲੀ ਤੇ ਤਰੱਕੀ ਦਾ ਸੁਨੇਹਾ ਦਿੰਦੀ ਹੈ। ਇਸ ਤੋਂ ਇਲਾਵਾ ਤਕਰੀਬਨ ਇਸ ਜਰਮਨ ਦੇ ਤਿਉਹਾਰ ਨਾਲ ਮਿਲਦਾ-ਜੁਲਦਾ ਤਿਉਹਾਰ ਜਿਸ ਨੂੰ 'ਹੈਲੋ ਵਿਨ' ਦਾ ਤਿਉਹਾਰ ਕਹਿੰਦੇ ਹਨ ਹਰ ਸਾਲ ਅਕਤੂਬਰ ਮਹੀਨੇ 'ਚ 31 ਤਾਰੀਕ ਨੂੰ ਅਮਰੀਕਾ 'ਚ ਮਨਾਇਆ ਜਾਂਦਾ ਹੈ। ਦੁਨੀਆਂ ਦਾ ਸਭ ਤੋਂ ਅਗਾਂਹਵਧੂ ਦੇਸ਼ ਹੋਣ ਦੇ ਬਾਵਜੂਦ ਵੀ ਇੱਥੋਂ ਦੇ ਲੋਕ ਭੂਤਾਂ-ਪ੍ਰੇਤਾਂ ਤੇ ਅੰਧ-ਵਿਸ਼ਵਾਸ ਰੱਖਦੇ ਹਨ।

ਅੰਧ-ਵਿਸ਼ਵਾਸ, ਜਾਦੂ-ਟੂਣੇ, ਮੰਤਰ, ਫਾਂਡੇ, ਚੌਂਕੀਆਂ ਭਰਨਾ, ਸਿਰ ਘੁਮਾਅ ਕੇ ਖੇਡਾਂ ਦੇਣਾ, ਪੁੱਛਾਂ ਦੇਣੀਆਂ ਆਦਿ ਵਿਗਿਆਨਕ ਸੋਚ ਦੇ ਵਿਰੁੱਧ ਹੈ ਤੇ ਅੱਜ ਦੇ ਕੰਪਿਊਟਰ ਦੇ ਯੁੱਗ ਵਿਚ ਇਹਨਾਂ ਦੀ ਕੋਈ ਸਾਰਥਕ ਜਗ੍ਹਾ ਹੈ ਪਰ ਫਿਰ ਵੀ ਅਜੋਕਾ ਮਨੁੱਖ ਇਹਨਾਂ ਕਿਰਿਆਵਾਂ ਦੇ ਦੁਆਲੇ ਪਰਿਕਰਮਾ ਕਰਦਾ ਇਹਨਾਂ ਤੋਂ ਆਪਣਾ ਮੂੰਹ ਮੋੜਨ ਲਈ ਤਿਆਰ ਨਹੀਂ ਹੋ ਰਿਹਾ। ਮਨੁੱਖ ਪ੍ਰਕਿਰਤੀ ਦੀ ਰਚਨਾ ਹੈ ਪਰ ਇਹਨਾਂ ਅੰਧ-ਵਿਸ਼ਵਾਸਾਂ 'ਚ ਘਿਰਿਆ ਮਨੁੱਖ ਇਸ ਵਿਗਿਆਨਕ ਸੋਚ ਨੂੰ ਮੰਨਣ ਲਈ ਤਿਆਰ ਨਹੀਂ ਹੈ। ਉਹ ਆਦਿ ਕਾਲ ਤੋਂ ਹੀ ਇਸ ਦਾ ਗੁਲਾਮ ਬਣਿਆ ਹੋਇਆ ਹੈ ਤੇ ਉਸ ਦਾ ਪ੍ਰਥਮ ਫਰਜ਼ ਇਹੀ ਬਣਦਾ ਹੈ ਕਿ ਉਹ ਪ੍ਰਕਿਰਤੀ ਦੀ ਰਜ਼ਾ 'ਚ ਰਹੇ। ਪ੍ਰਕਿਰਤੀ ਨਾਲ ਛੇੜ-ਛਾੜ ਕਰਕੇ ਮਨੁੱਖ ਨੇ ਆਪਣੇ ਲਈ ਔਕੜਾਂ ਹੀ ਸਹੇੜੀਆਂ ਹਨ। ਸਮਲਿੰਗੀ ਵਿਆਹ, ਕੁੱਖ 'ਚ ਧੀਆਂ ਨੂੰ ਕਤਲ ਕਰਨਾ, ਰੁੱਖਾਂ ਨੂੰ ਵੱਢਣਾ, ਪਾਣੀਆਂ ਦੀ ਬਰਬਾਦੀ ਆਦਿ ਕਰਕੇ ਪ੍ਰਕਿਰਤੀ ਨੂੰ ਵੰਗਾਰਿਆ ਹੈ। ਮਨੁੱਖ ਨੇ ਇਹਨਾਂ ਸਭ ਕਰਤੂਤਾਂ ਦਾ ਖਮਿਆਜ਼ਾ ਵੀ ਭੁਗਤਣਾ ਸ਼ੁਰੂ ਕਰ ਦਿੱਤਾ ਹੈ। ਬੇਮੌਸਮੀ ਵਰਖਾ, ਤੂਫਾਨ, ਭੂਚਾਲ, ਪਾਣੀ ਦੀ ਕਮੀ, ਆਲਮੀ ਤਪਸ਼ ਤੇ ਖਾਣ-ਪੀਣ ਦੀਆਂ ਵਸਤਾਂ 'ਚ ਮਿਲਾਵਟ ਆਦਿ ਤਕਲੀਫ਼ਾਂ ਨੇ ਮਨੁੱਖਤਾ ਨੂੰ ਚੁਫੇਰਿਉਂ ਘੇਰ ਲਿਆ ਹੈ। ਇਹ ਤਕਲੀਫ਼ਾਂ ਮਨੁੱਖਤਾ ਨੂੰ ਹੜੱਪਣ ਲਈ ਮੂੰਹ ਅੱਡੀ ਖੜ੍ਹੀਆਂ ਹਨ।

ਇਹ ਮਨੁੱਖ ਦੇ ਪ੍ਰਕਿਰਤੀ ਨੂੰ ਵੰਗਾਰਨ ਦੇ ਹੀ ਨਤੀਜੇ ਹਨ। ਵਿਗਿਆਨ ਨੂੰ ਮਨੁੱਖ ਨੇ ਆਪਣੀ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦਾ ਗਵਾਹ ਤਾਂ ਬਣਾਇਆ ਹੈ ਪਰ ਆਦਿ ਕਾਲੀਨ ਸਮੇਂ ਤੋਂ ਮਨੁੱਖੀ ਪ੍ਰਵਿਰਤੀਆਂ ਉਪਰ ਰਾਜ ਕਰ ਰਹੀਆਂ ਅਖੌਤੀ ਤੇ ਪ੍ਰਾਭੌਤਿਕ ਸ਼ਕਤੀਆਂ, ਇੰਨੀ ਜਲਦੀ ਮਨੁੱਖਤਾ ਨੂੰ ਆਜ਼ਾਦ ਕਰਨ ਦੇ ਰੌਂਅ 'ਚ ਨਹੀਂ ਹਨ। ਤਰਕਸ਼ੀਲ ਵਿਚਾਰਧਾਰਾ ਵਾਲੇ ਲੋਕਾਂ ਨੇ ਇਸ ਨੂੰ ਇਕ ਵੰਗਾਰ ਵਜੋਂ ਲੈ ਕੇ ਮੁਹਿੰਮ ਸ਼ੁਰੂ ਤਾਂ ਕੀਤੀ ਹੈ ਪਰ ਮਨੁੱਖ ਪ੍ਰਕਿਰਤੀ ਦੀ ਸਚਾਈ ਤੇ ਵਿਗਿਆਨ ਨੂੰ ਮੰਨਣ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹੈ ਤੇ ਨਾ ਹੀ ਇਹਨਾਂ ਜਾਦੂ-ਟੂਣਿਆਂ ਤੇ ਅੰਧ-ਵਿਸ਼ਵਾਸਾਂ ਤੋਂ ਮੁਕਤੀ ਪਾਉਣ ਦਾ ਉਸ ਦਾ ਹੌਸਲਾ ਅਜੇ ਬਣਿਆ ਹੈ।

ਪਿਆਰੇ ਪਾਠਕ ਵੀਰੋ! ਇਹਨਾਂ ਅੰਧ-ਵਿਸ਼ਵਾਸਾਂ ਤੇ ਟੂਣਿਆਂ ਤੋਂ ਇਨਸਾਨ ਪੂਰੀ ਤਰ੍ਹਾਂ ਨਿਜਾਤ ਪਾ ਸਕਦਾ ਹੈ ਜੇਕਰ ਉਹ 'ਕੀ, ਕਿਉਂ ਤੇ ਕਿਵੇਂ' ਦੇ ਫਾਰਮੂਲੇ ਨੂੰ ਅਪਣਾ ਕੇ ਆਪਣਾ ਜੀਵਨ-ਪੰਧ ਤਹਿ ਕਰੇ ਤਾਂ? ਇਹ ਤਿੰਨੋਂ ਅਜਿਹੇ ਪ੍ਰਸ਼ਨ ਹਨ ਜਿਹਨਾਂ ਦੇ ਕਾਰਨਾਂ ਨੂੰ ਜਾਨਣ ਨਾਲ ਮਨੁੱਖ ਆਪਣੇ ਦੁੱਖਾਂ-ਤਕਲੀਫ਼ਾਂ, ਕਲੇਸ਼ਾਂ ਤੇ ਬਿਮਾਰੀਆਂ ਪ੍ਰਤੀ ਜਾਗਰੂਪ ਹੁੰਦਾ ਹੈ। ਪਹਿਲਾ ਪ੍ਰਸ਼ਨ ਹੈ ਕੀ, ਇਸ ਨਾਲ ਪਤਾ ਲੱਗਦਾ ਹੈ ਕਿ ਦੁੱਖ-ਕਲੇਸ਼ ਆਦਿ ਕੀ ਹਨ? ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ? ਦੂਸਰਾ ਪ੍ਰਸ਼ਨ ਹੈ ਕਿਉਂ, ਇਸ ਨਾਲ ਜਾਨਣ ਦੀ ਕੋਸ਼ਿਸ਼ ਕਰੋ ਕਿ ਇਹ ਦੁੱਖ-ਕਲੇਸ਼ ਤੇ ਤਕਲੀਫ਼ ਕਿਉਂ ਆਈ ਹੈ? ਇਸ ਦੇ ਆਉਣ ਦੇ ਕਿਹੜੇ-ਕਿਹੜੇ ਕਾਰਨ ਹਨ ਤੇ ਤੀਸਰਾ ਪ੍ਰਸ਼ਨ ਹੈ ਕਿ ਇਹਨਾਂ ਤਕਲੀਫ਼ਾਂ ਦਾ ਹੱਲ ਕਿਵੇਂ ਕਰਨਾ ਹੈ? ਸਰੀਰਕ ਬਿਮਾਰੀ ਹੈ ਤਾਂ ਡਾਕਟਰੀ ਇਲਾਜ, ਮਾਨਸਿਕ ਰੋਗ ਹੈ ਤਾਂ ਇਸ ਦਾ ਇਲਾਜ ਮਨੋਵਿਗਿਆਨਕ ਡਾਕਟਰ ਤੋਂ ਇਲਾਜ, ਅਗਰ ਗਰੀਬੀ ਹੈ ਤਾਂ ਇਸ ਦਾ ਇਲਾਜ ਪਹਿਲਾਂ ਪੜ੍ਹਾਈ-ਲਿਖਾਈ ਕਰਕੇ ਗਿਆਨ ਹਾਸਲ ਕਰਨਾ ਤੇ ਬਾਅਦ 'ਚ ਚੰਗੀ ਨੌਕਰੀ ਜਾਂ ਕੋਈ ਕਾਰੋਬਾਰ ਕਰਨਾ ਆਦਿ। ਇਸ ਤਰ੍ਹਾਂ ਕਰਨ ਨਾਲ ਇਨਸਾਨ ਚਿੰਤਾ ਮੁਕਤ ਹੋ ਜਾਂਦਾ ਹੈ ਤੇ ਉਸ ਨੂੰ ਆਪਣੀਆਂ ਮੁਸੀਬਤਾਂ ਦੀ ਪੂਰੀ ਜਾਣਕਾਰੀ ਤੇ ਕਾਰਨਾਂ ਦਾ ਪਤਾ ਚੱਲ ਜਾਂਦਾ ਹੈ। ਫਿਰ ਸਾਨੂੰ ਤਾਂਤਰਿਕਾਂ, ਜੋਤਸ਼ੀਆਂ, ਬਾਬਿਆਂ, ਪੁੱਛਾਂ ਤੇ ਝਾੜੂ-ਫੂਕ ਕਰਨ ਵਾਲਿਆਂ ਕੋਲ ਜਾਣ ਦੀ ਲੋੜ ਨਹੀਂ ਪੈਂਦੀ।

ਇਹਨਾਂ ਲੋਕਾਂ ਨੂੰ ਵੀ ਤਕਲੀਫ਼ਾਂ ਆਉਂਦੀਆਂ ਹਨ ਤੇ ਇਹ ਵੀ ਉਕਤ ਦੱਸੇ ਫਾਰਮੂਲੇ ਮੁਤਾਬਕ ਹੀ ਚੱਲ ਕੇ ਸਮੱਸਿਆਵਾਂ ਦਾ ਹੱਲ ਲੱਭਦੇ ਹਨ। ਪਰ ਇਹ ਕਿੱਤਾ ਤਾਂ ਇਹਨਾਂ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਆਰਥਿਕ ਲੁੱਟ-ਖਸੁੱਟ ਕਰਨ ਲਈ, ਆਪਣੇ ਰੁਜ਼ਗਾਰ ਵਜੋਂ ਅਪਣਾਇਆ ਹੋਇਆ ਹੈ। ਪ੍ਰਾਭੌਤਿਕ ਸ਼ਕਤੀਆਂ ਨਾਮ ਦੀ ਕੋਈ ਚੀਜ਼ ਦਾ ਵਜੂਦ ਇਸ ਸੰਸਾਰ 'ਚ ਹੈ ਹੀ ਨਹੀਂ। ਸਿਰਫ ਪ੍ਰਕਿਰਤੀ ਦੀ ਸਚਾਈ 'ਚ ਵਿਸ਼ਵਾਸ ਰੱਖਣ ਨਾਲ ਹੀ ਜ਼ਿੰਦਗੀ ਦਾ ਆਨੰਦ ਮਾਣਿਆ ਜਾ ਸਕਦਾ ਹੈ ਤੇ ਜਾਂ ਮਿਹਨਤ ਨਾਲ ਗਿਆਨ ਪ੍ਰਾਪਤ ਕਰਕੇ ਜਾਂ ਉਕਤ ਦੱਸੇ ਫਾਰਮੂਲੇ ਨੂੰ ਅਪਣਾਉਣ ਤੇ ਵਿਗਿਆਨਕ ਸੋਚ ਬਣਾਉਣ ਨਾਲ ਹੀ ਸੰਸਾਰਕ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਲਈ ਗੈਬੀ-ਸ਼ਕਤੀਆਂ, ਕਾਲਾ ਇਲਮ ਤੇ ਜੋਤਿਸ਼ ਨੂੰ ਅੰਧ-ਵਿਸ਼ਵਾਸ ਦੀ, ਨਿਰੀ ਝੂਠ ਦੀ ਪੰਡ ਕਿਹਾ ਜਾ ਸਕਦਾ ਹੈ।

## 24 ਸਤੰਬਰ ਪੂਨਾ ਪੈਕਟ 'ਤੇ ਵਿਸ਼ੇਸ਼

# ਇੱਕ ਯੁੱਗ ਪਲਟਾਊ ਦਸਤਾਵੇਜ਼ - ਪੂਨਾ ਪੈਕਟ

ਕੁਲਵੰਤ ਸਿੰਘ ਟਿੱਬਾ (91-92179-71379)

ਪੂਨਾ ਦੀ ਯਰਵੜਾ ਜੇਲ੍ਹ ਅੰਦਰ 24 ਸਤੰਬਰ 1932 ਨੂੰ ਮਹਾਤਮਾ ਗਾਂਧੀ ਅਤੇ ਡਾ. ਭੀਮ ਰਾਉ ਅੰਬੇਡਕਰ ਵਿਚਕਾਰ ਹੋਏ ਸਮਝੌਤੇ ਨੂੰ 'ਪੂਨਾ ਪੈਕਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੇਸ਼ੱਕ ਇਹ ਸਮਝੌਤਾ ਡਾ. ਅੰਬੇਡਕਰ ਨੇ ਅਣਮੰਨੇ ਮਨ ਭਾਵ ਮਜਬੂਰੀ ਵੱਸ ਕੀਤਾ ਪਰ ਫਿਰ ਵੀ ਇਸਦੀ ਇਤਿਹਾਸਕ ਮਹੱਤਤਾ ਨੂੰ ਛੁਟਿਆਇਆ ਨਹੀਂ ਜਾ ਸਕਦਾ। ਕਿਉਂਕਿ ਇਹ ਸਮਝੌਤਾ ਜਾਤੀ ਅਧਾਰ 'ਤੇ ਭੇਦਭਾਵ, ਛੂਆਛਾਤ ਅਤੇ ਉਚ-ਨੀਚ ਕਾਰਣ ਆਰਥਿਕ, ਸਮਾਜਿਕ, ਰਾਜਨੀਤਿਕ ਤੌਰ 'ਤੇ ਪਛੜ ਚੁੱਕੇ ਦਲਿਤਾਂ ਲਈ ਰਾਜਨੀਤਿਕ, ਸਿੱਖਿਆ ਅਤੇ ਨੌਕਰੀਆਂ ਦੇ ਖੇਤਰ ਵਿੱਚ ਰਾਖਵਾਂਕਰਨ ਦੀ ਵਿਵਸਥਾ ਲਾਗੂ ਕਰਨ ਦਾ ਅਧਾਰ ਬਣਿਆ ਅਤੇ ਇਸ ਪਿੱਛੋਂ ਹੀ ਦਲਿਤਾਂ ਨੂੰ ਕਾਨੂੰਨੀ ਤੌਰ ਤੇ ਹੱਕ ਪ੍ਰਾਪਤ ਹੋਏ। ਜੇਕਰ ਇਸ ਸਮਝੌਤੇ ਨੂੰ ਇੱਕ ਯੁੱਗ ਪਲਟਾਊ ਦਸਤਾਵੇਜ਼ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗਾ,ਕਿਉਂਕਿ ਇਸ ਸਮਝੌਤੇ ਸਦਕਾ ਹੀ ਮਨੂੰਵਾਦੀ ਸਮਾਜਿਕ ਵਿਵਸਥਾ ਰਾਹੀਂ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਦਲਿਤ ਸਮਾਜ ਲਈ ਪੜਾਈ, ਨੌਕਰੀਆਂ ਅਤੇ ਰਾਜਭਾਗ ਦੇ ਬੰਦ ਪਏ ਦਰਵਾਜੇ ਖੁੱਲ ਗਏ। ਦਲਿਤਾਂ ਨੂੰ ਇਹ ਸਭ ਖ਼ੈਰਾਤ ਵਿੱਚ ਨਹੀਂ ਮਿਲਿਆ ਸਗੋਂ ਉਨ੍ਹਾਂ ਨੇ ਪੂਨਾ ਪੈਕਟ ਦੇ ਇਵਜ਼ ਵਜੋਂ 'ਕਮਿਊਨਲ ਅਵਾਰਡ' ਦੇ ਰੂਪ ਵਿੱਚ ਬਹੁਤ ਵੱਡੀ ਕੀਮਤ ਅਦਾ ਕੀਤੀ ਹੈ, ਜੋ ਉਨ੍ਹਾਂ ਨੂੰ ਵੱਖਰੀ ਚੋਣ ਪ੍ਰਣਾਲੀ ਅਤੇ ਦੋਹਰੀ ਵੋਟ ਦਾ ਅਧਿਕਾਰ ਗੋਲਮੇਜ਼ ਕਾਨਫ਼ਰੰਸਾਂ ਤੋਂ ਬਾਅਦ ਪ੍ਰਾਪਤ ਹੋਏ ਸਨ।

ਅੰਗਰੇਜ਼ ਹਕੂਮਤ ਦੌਰਾਨ ਗੌਰਮਿੰਟ ਐਕਟ 1919 ਦੇ ਉਪਬੰਧ 84 ਏ ਤਹਿਤ ਭਾਰਤ ਅੰਦਰ ਹਰ 10 ਸਾਲਾਂ ਬਾਅਦ ਕਾਨੂੰਨ ਵਿੱਚ ਸਮੇਂ ਅਨੁਸਾਰ ਲੋੜੀਦੇ ਪਰਿਵਰਤਨ ਕਰਨ ਲਈ ਇੱਕ ਕਮਿਸ਼ਨ ਬਣਾਉਣ ਦੀ ਤਜਵੀਜ਼ ਸੀ। ਜਿਸ ਤਹਿਤ ਪੜਤਾਲ ਕਰਨ ਲਈ ਬਰਤਾਨੀਆ ਸਰਕਾਰ ਨੇ 1928 ਵਿੱਚ ਸਰ ਜਾਨ ਸਾਈਮਨ ਦੀ ਅਗਵਾਈ ਹੇਠ ਇੱਕ 7 ਮੈਂਬਰੀ ਕਮਿਸ਼ਨ ਦਾ ਗਠਨ ਕੀਤਾ, ਜੋ ਡਾ. ਬੀ.ਆਰ.ਅੰਬੇਡਕਰ ਦੇ ਇਸ ਦਾਅਵੇ ਦੀ ਜਾਂਚ ਕਰਨ ਲਈ ਭਾਰਤ ਆਇਆ ਕਿ ਭਾਰਤ ਵਿੱਚ ਜਾਤੀ ਅਧਾਰ 'ਤੇ ਛੂਆਛਾਤ, ਭੇਦਭਾਵ ਅਤੇ ਉਚ ਨੀਚ ਕਰਕੇ ਦਲਿਤਾਂ ਨੂੰ ਦੋਹਰੀ ਗੁਲਾਮੀ ਝੱਲਣੀ ਪੈ ਰਹੀ ਹੈ ਅਤੇ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਕੋਈ ਵੀ ਅਧਿਕਾਰ ਨਹੀਂ ਹੈ। ਜਿਸ ਕਰਕੇ ਦਲਿਤ ਸਮਾਜ ਲਈ ਵਿਸ਼ੇਸ਼ ਅਧਿਕਾਰਾਂ ਦੀ ਲੋੜ ਹੈ। ਪਰ ਸਾਈਮਨ ਕਮਿਸ਼ਨ ਦੀ ਇਸ ਜਾਂਚ 'ਤੇ ਮਹਾਤਮਾ ਗਾਂਧੀ ਅਤੇ ਲਾਲਾ ਹਰਦਿਆਲ ਸਮੇਤ ਅਨੇਕ ਆਗੂਆਂ ਨੇ ਵਿਰੋਧ ਕੀਤਾ ਜਦਕਿ ਡਾ.ਅੰਬੇਡਕਰ ਨੇ ਸਾਈਮਨ ਕਮਿਸ਼ਨ ਅੱਗੇ ਜਾਤੀ ਵਿਵਸਥਾ ਦੀ ਮਾਰ ਝੱਲ ਰਹੇ ਦਲਿਤਾਂ ਦਾ ਦਲੀਲ ਪੂਰਵਕ ਪੱਖ ਰੱਖਿਆ। ਇਸ ਕਮਿਸ਼ਨ ਦੀ ਰਿਪੋਰਟ ਦੇ ਅਧਾਰ 'ਤੇ ਲੰਦਨ ਵਿੱਚ ਤਿੰਨ ਗੋਲਮੇਜ਼ ਕਾਨਫ਼ਰੰਸਾਂ ਹੋਈਆਂ, ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਅਤੇ ਰਿਆਸਤਾਂ ਦੇ ਪ੍ਰਤੀਨਿਧੀ ਸ਼ਾਮਿਲ ਹੋਏ ਅਤੇ ਦਲਿਤਾਂ ਵੱਲੋਂ ਡਾ.ਬੀ.ਆਰ. ਅੰਬੇਡਕਰ ਅਤੇ ਬਹਾਦਰ ਰਾਓ ਸ੍ਰੀਨਿਵਾਸਨ ਨੇ ਸ਼ਮੂਲੀਅਤ ਕੀਤੀ ਪਰ ਇਨ੍ਹਾਂ ਕਾਨਫ਼ਰੰਸਾਂ ਦੌਰਾਨ ਦਲਿਤਾਂ ਦਾ ਜ਼ਿਆਦਾਤਰ ਪੱਖ ਡਾ.ਅੰਬੇਡਕਰ ਨੇ ਹੀ ਰੱਖਿਆ ਅਤੇ ਵਰਨ ਵੰਡ ਅਤੇ ਜਾਤੀ ਵਿਵਸਥਾ ਦੀ ਮਾਰ ਝੱਲ ਰਹੇ ਦਲਿਤਾਂ ਦੀ ਦਰਦਨਾਕ ਸਥਿਤੀ ਨੂੰ ਅੰਗਰੇਜ਼ ਹਕੂਮਤ ਸਾਹਮਣੇ ਪੇਸ਼ ਕੀਤਾ। ਬਰਤਾਨੀਆ ਸਰਕਾਰ ਦੇ ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਕਾਨਫ਼ਰੰਸ ਵਿੱਚ ਸਾਰੇ ਭਾਰਤੀ ਪ੍ਰਤੀਨਿਧੀਆਂ ਤੋਂ ਇਹ ਲਿਖਤੀ ਭਰੋਸਾ ਲਿਆ ਕਿ ਗੋਲਮੇਜ਼ ਕਾਨਫ਼ਰੰਸਾਂ ਦੌਰਾਨ ਅੰਗਰੇਜ਼ ਹਕੂਮਤ ਦਾ ਜੋ ਫ਼ੈਸਲਾ ਕਰੇਗੀ, ਉਹ ਸਭ ਨੂੰ ਮਨਜ਼ੂਰ ਹੋਵੇਗਾ। ਅੰਤ 1932 ਵਿੱਚ ਅੰਗਰੇਜ਼ ਹਕੂਮਤ ਨੇ ਡਾ. ਅੰਬੇਡਕਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਕਮਿਊਨਲ ਐਵਾਰਡ ਦਾ ਐਲਾਨ ਕਰ ਦਿੱਤਾ ਅਤੇ ਈਸਾਈਆਂ,ਮੁਸਲਮਾਨਾਂ,ਸਿੱਖਾਂ,ਐਂਗਲੋ ਇੰਡੀਅਨਾਂ ਵਾਂਗ ਦਲਿਤਾਂ ਨੂੰ ਵੱਖਰੇ ਚੋਣ ਖੇਤਰਾਂ ਦਾ ਅਧਿਕਾਰ ਦੇ ਦਿੱਤਾ ਗਿਆ ਅਤੇ ਦਲਿਤਾਂ ਨੂੰ ਦੋਹਰੀ ਵੋਟ ਦਾ ਅਧਿਕਾਰ ਵੀ ਦਿੱਤਾ ਗਿਆ। ਜਦੋਂ ਕਮਿਊਨਲ ਐਵਾਰਡ ਦਾ ਐਲਾਨ ਹੋਇਆ ਮਹਾਤਮਾ ਗਾਂਧੀ ਉਸ ਸਮੇਂ ਪੂਨਾ ਦੀ ਯਰਵੜਾ ਜੇਲ੍ਹ ਵਿੱਚ ਬੰਦ ਸਨ। ਮਹਾਤਮਾ ਗਾਂਧੀ ਨੇ ਈਸਾਈਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਵੱਖਰੇ ਅਧਿਕਾਰ ਦੇਣ ਦਾ ਵਿਰੋਧ ਨਹੀਂ ਕੀਤਾ ਪਰ ਮਹਾਤਮਾ ਗਾਂਧੀ ਦਲਿਤਾਂ ਨੂੰ ਵੱਖਰੇ ਅਧਿਕਾਰ ਦੇਣ ਦੇ ਸਖ਼ਤ ਵਿਰੁੱਧ ਸਨ ਪਰ ਉਹ ਅੰਗਰੇਜ਼ ਹਕੂਮਤ ਪਾਸ ਫ਼ੈਸਲਾ ਮੰਨਣ ਦਾ ਲਿਖਤੀ ਭਰੋਸਾ ਦੇ ਚੁੱਕੇ ਸਨ। ਜਦੋਂ ਗਾਂਧੀ ਨੂੰ ਅੰਗਰੇਜ਼ ਹਕੂਮਤ ਦੇ ਇਸ ਫ਼ੈਸਲੇ ਦਾ ਪਤਾ ਲੱਗਿਆ ਤਾਂ ਉਸ ਨੇ ਜੇਲ੍ਹ ਵਿੱਚ ਹੀ 20 ਸਤੰਬਰ 1932 ਨੂੰ ਮਰਨ ਵਰਤ ਰੱਖ ਲਿਆ। ਪੰਜਾਬ ਅੰਦਰ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਕਮਿਉਨਲ ਅਵਾਰਡ ਦੇ ਪੱਖ ਵਿੱਚ ਅਤੇ ਮਹਾਤਮਾ ਗਾਧੀ ਦੇ ਵਿਰੁੱਧ ਮਰਨ ਵਰਤ ਸ਼ੁਰੂ ਕਰ ਦਿੱਤਾ।





ਡਾ.ਅੰਬੇਡਕਰ ਨੂੰ ਧਮਕੀਆਂ ਮਿਲਣ ਲੱਗੀਆਂ ਕਿ ਜੇਕਰ ਮਹਾਤਮਾ ਗਾਂਧੀ ਦੀ ਮੌਤ ਹੋ ਗਈ ਤਾਂ ਉਹ ਵੀ ਜਿਊਂਦਾ ਨਹੀਂ ਰਹੇਗਾ ਪਰ ਬਾਬਾ ਸਾਹਿਬ ਅਡੋਲ ਰਹੇ ਪਰ ਜਦੋਂ ਦਲਿਤਾਂ ਦੀਆਂ ਝੁੱਗੀਆਂ ਝੌਂਪੜੀਆਂ ਨੂੰ ਅੱਗ ਲਗਾ ਦੇਣ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਬਾਬਾ ਸਾਹਿਬ ਫ਼ਿਕਰਮੰਦ ਹੋਏ ਅਤੇ ਇਸ ਪਿੱਛੋਂ ਸਮਾਜਿਕ ਆਗੂਆਂ ਅਤੇ ਮਹਾਤਮਾ ਗਾਂਧੀ ਦੇ ਪਰਿਵਾਰਕ ਮੈਂਬਰਾਂ ਵੱਲੋਂ ਗਾਂਧੀ ਦੀ ਜਾਨ ਬਚਾਉਣ ਦੇ ਤਰਲਿਆਂ ਕਾਰਨ ਅੰਬੇਡਕਰ ਆਖ਼ਿਰਕਾਰ ਮੰਨ ਗਏ। ਮਰਨ ਵਰਤ ਦੇ ਚੌਥੇ ਦਿਨ 24 ਸਤੰਬਰ 1932 ਨੂੰ ਮਹਾਤਮਾ ਗਾਂਧੀ ਅਤੇ ਡਾ.ਬੀ.ਆਰ.ਅੰ-ਬੇਡਕਰ ਵਿੱਚ ਸਮਝੌਤਾ ਹੋਇਆ, ਜਿਸ ਨੂੰ ਪੂਨਾ ਪੈਕਟ ਕਰਕੇ ਜਾਣਿਆ ਜਾਂਦਾ ਹੈ। ਇਸ ਇਤਿਹਾਸਕ ਸਮਝੌਤੇ 'ਤੇ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਡਾ. ਰਾਜਿੰਦਰ ਪ੍ਰਸਾਦ, ਸੀ.ਰਾਜ ਗੋਪਾਲਚਾਰੀ, ਰਾਉ ਬਹਾਦਰ, ਦੇਵ ਦਾਸ ਗਾਂਧੀ ਆਦਿ ਆਗੂਆਂ ਨੇ ਵੀ ਦਸਤਖ਼ਤ ਕੀਤੇ। ਦਲਿਤਾਂ ਨੂੰ ਪੂਨਾ ਪੈਕਟ ਦੀ ਥਾਂ ਕਮਿਊਨਲ ਅਵਾਰਡ ਰਾਹੀਂ ਮਿਲੇ ਅਧਿਕਾਰ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਸਨ । ਭਾਵੇਂ ਇਸ ਐਕਟ ਸਦਕਾ ਦਲਿਤਾਂ ਦੀਆਂ ਰਿਜ਼ਰਵ ਸੀਟਾਂ ਦੀ ਗਿਣਤੀ ਵਧ ਗਈ ਪਰ ਵੱਖਰੀ ਚੋਣ ਪ੍ਰਣਾਲੀ ਦੀ ਥਾਂ ਸਾਂਝੀ ਚੋਣ ਪ੍ਰਣਾਲੀ ਦੇ ਮਾੜੇ ਨਤੀਜਿਆਂ ਸਬੰਧੀ ਡਾ. ਅੰਬੇਡਕਰ ਨੂੰ ਕੁੱਝ ਸਮੇਂ ਬਾਅਦ ਹੀ ਅਹਿਸਾਸ ਹੋ ਗਿਆ ਸੀ। ਜੋ ਹੁਣ ਮੌਜੂਦਾ ਦੌਰ ਵਿੱਚ ਸੱਚ ਸਾਬਤ ਹੋ ਰਿਹਾ ਹੈ। ਦਲਿਤ ਨੇਤਾ ਸ੍ਰੀ ਕਾਂਸੀ ਰਾਮ ਅਨੁਸਾਰ ਪੂਨਾ ਪੈਕਟ ਦਲਿਤਾਂ ਲਈ ਨੁਕਸਾਨਦਾਇਕ ਵੀ ਸਾਬਤ ਹੋਇਆ ਅਤੇ ਇਸ ਸਮਝੌਤੇ ਨੇ ਚਮਚਾ ਯੁੱਗ ਦਾ ਮੁੱਢ ਬੰਨ੍ਹਿਆ। ਕਹਿਣ ਤੋਂ ਭਾਵ ਸਾਂਝੀ ਚੋਣ ਪ੍ਰਣਾਲੀ ਤਹਿਤ ਰਿਜ਼ਰਵ ਸੀਟਾਂ ਤੋਂ ਦਲਿਤਾਂ ਦੇ ਨੁਮਾਇੰਦੇ ਤਾਂ ਲਏ ਗਏ ਪਰ ਉਹ ਦਲਿਤਾਂ ਦੀ ਮਰਜ਼ੀ ਦੇ ਨਹੀਂ ਸਨ। ਦਲਿਤਾਂ ਦੇ ਨੁਮਾਇੰਦੇ ਹੋਣ ਦੇ ਬਾਵਜੂਦ ਮਰਜ਼ੀ ਨਾਨ ਦਲਿਤ ਦੀ ਚੱਲਦੀ ਹੈ। ਦਲਿਤ ਆਗੂ ਰਾਖਵੀਆਂ ਸੀਟਾਂ ਤੋਂ ਐੱਮ.ਐੱਲ.ਏ ਜਾਂ ਐੱਮ.ਪੀ ਤਾਂ ਬਣ ਜਾਦੇ ਹਨ ਪਰ ਉਹ ਦਲਿਤ ਵਰਗ ਦੀ ਥਾਂ ਵਧੇਰੇ ਆਪਣੀ ਸਿਆਸੀ ਧਿਰ ਪ੍ਰਤੀ ਸੰਜੀਦਾ ਅਤੇ ਜਵਾਬਦੇਹ ਰਹਿੰਦੇ ਹਨ ਤਾਂ ਕਿ ਉਨ੍ਹਾਂ ਦੇ ਨਿੱਜੀ ਹਿਤਾਂ ਨੂੰ ਕੋਈ ਠੇਸ ਨਾ ਪੁੱਜੇ ਜਦਕਿ ਵੱਖਰੀ ਚੋਣ ਪ੍ਰਣਾਲੀ ਦਲਿਤਾਂ ਨੂੰ ਅਜਿਹੀ ਵਿਵਸਥਾ ਤੋਂ ਖਹਿੜਾ ਛੁਡਵਾਉਣ ਦੇ ਸਮਰੱਥ ਸੀ। ਪਰ ਫਿਰ ਵੀ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੂਨਾ ਪੈਕਟ ਸਦਕਾ ਹੀ ਇਸ ਦੇਸ ਵਿਚ ਜਾਤੀ ਵਿਵਸਥਾ ਦਾ ਅਕਹਿ ਅਤੇ ਅਸਹਿ ਤਸ਼ੱਦਦ ਆਪਣੇ ਪਿੰਡੇ 'ਤੇ ਹੰਢਾਉਣ ਵਾਲੇ ਕਰੋੜਾਂ ਹੀ ਦਲਿਤ ਲੋਕਾਂ ਨੂੰ ਜਾਨਵਰਾਂ ਵਰਗੀ ਜ਼ਿੰਦਗੀ ਤੋ ਛੁਟਕਾਰਾ ਪ੍ਰਾਪਤ ਹੋਇਆ। ਪੂਨਾ ਪੈਕਟ ਰਾਹੀਂ ਦਲਿਤਾਂ ਨੂੰ ਵਿਧਾਨ ਸਭਾਵਾਂ ਵਿੱਚ ਪਹਿਲੀ ਵਾਰ ਆਪਣੇ ਨੁਮਾਇੰਦੇ ਆਪ ਚੁਣ ਕੇ ਭੇਜਣ ਦਾ ਹੱਕ ਮਿਲਿਆ, ਰਾਖਵਾਂਕਰਨ ਤਹਿਤ ਸਿੱਖਿਆ, ਨੌਕਰੀਆਂ ਅਤੇ ਰਾਜਨੀਤੀ ਵਿੱਚ ਰਿਜ਼ਰਵ ਸੀਟਾਂ ਤੋਂ ਇਲਾਵਾ ਵੋਟ ਦੇ ਅਧਿਕਾਰ ਸਮੇਤ ਹੋਰ ਵੀ ਅਨੇਕ ਅਧਿਕਾਰ ਪ੍ਰਾਪਤ ਹੋਏ, ਜਿਸ ਸਦਕਾ ਦਲਿਤਾਂ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਬਦਲਾਅ ਦਾ ਮੁੱਢ ਬੰਨ੍ਹਿਆ ਗਿਆ।

ਇਸ ਸਮਝੌਤੇ ਨੂੰ ਬਾਅਦ ਵਿੱਚ ਕਾਨੂੰਨੀ ਰੂਪ ਵਿੱਚ ਗਵਰਨਮਿੰਟ ਆਫ਼ ਇੰਡੀਆ ਦੇ ਐਕਟ 1935 ਵਿੱਚ ਪ੍ਰਵਾਨ ਕੀਤਾ ਗਿਆ। ਦੇਸ ਦੀ ਆਜ਼ਾਦੀ ਤੋਂ ਬਾਅਦ ਇਹ ਐਕਟ ਹੀ ਭਾਰਤ ਦੇ ਨਵੇਂ ਸੰਵਿਧਾਨ ਦੇ ਨਿਰਮਾਣ ਲਈ ਸਹਾਈ ਸਿੱਧ ਹੋਇਆ ਅਤੇ ਭਾਰਤੀ ਸੰਵਿਧਾਨ ਦੇ ਆਰਟੀਕਲ 330, 332 ਅਤੇ 335 ਅਧੀਨ ਸਿੱਖਿਆ, ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਵਿੱਚ ਤਿੰਨ ਤਰਾਂ ਦਾ ਰਾਖਵਾਂਕਰਨ ਲਾਗੂ ਕੀਤਾ ਗਿਆ। ਇਨ੍ਹਾਂ ਵਿਚੋਂ ਸਿਰਫ਼ ਰਾਜਨੀਤਿਕ ਰਾਖਵਾਂਕਰਨ ਮੁੱਢਲੇ 10 ਸਾਲਾਂ ਲਈ ਸੀ, ਜਿਸਦੀ ਮਿਆਦ ਹਰ 10 ਸਾਲਾਂ ਬਾਅਦ ਵਧਾ ਦਿੱਤੀ ਜਾਂਦੀ ਹੈ ਪਰ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੀ ਕੋਈ ਕਾਨੂੰਨਨ ਸਮਾਂ ਸੀਮਾ ਨਹੀਂ ਹੈ।

# ਪੂਨਾ ਪੈਕਟ

ਭਾਰਤ ਵਿਚ ਉਸ ਵਕਤ ਨਿਰਾਸ਼ਾ ਦੀ ਤੇਜ਼ ਲਹਿਰ ਦੌੜ ਗਈ, ਜਦੋਂ ਬ੍ਰਿਟੇਨ ਦੀ ਸੱਤਾ ਤੇ ਲੇਬਰ ਪਾਰਟੀ ਦੀ ਥਾਂ ਟੋਰੀ ਪਾਰਟੀ ਨੇ ਲੈ ਲਈ। ਸੰਨ 1932 ਈਸਵੀ ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਭਾਰਤ ਵਿਚ ਘੱਟ ਗਿਣਤੀਆਂ ਦੀ ਸਮੱਸਿਆ ਦਾ ਹੱਲ ਕਰਨ ਦੇ ਲਈ ਕਮਿਊਨਲ ਐਵਾਰਡ ਦਾ ਐਲਾਨ ਕਰ ਦਿੱਤਾ ਸੀ।

26 ਮਈ, ਸੰਨ 1932 ਵਿਚ ਅੰਬੇਡਕਰ ਨੇ ਲੰਡਨ ਦੀ ਯਾਤਰਾ ਕੀਤੀ, ਤਾਂ ਜੋ ਅਛੂਤਾਂ ਨੂੰ ਵੱਖਰੀ ਪ੍ਰਤੀਨਿਧਤਾ ਦੀ ਮੰਗ 'ਤੇ ਜ਼ੋਰ ਦੇ ਕੇ ਉਸਨੂੰ ਸਵੀਕਾਰ ਕਰਵਾ ਸਕੀਏ। ਉਹਨਾਂ ਦੀ ਉਹ ਯਾਤਰਾ ਅਸਫਲ ਨਹੀਂ ਗਈ। ਉਹ ਆਪਣੇ ਉਦੇਸ਼ਾਂ ਵਿਚ ਸਫਲ ਰਹੇ। 7 ਅਗਸਤ, ਸੰਨ 1932 ਈਸਵੀ ਨੂੰ ਉਹ ਬੰਬਈ (ਮੁੰਬਈ) ਵਾਪਸ ਪਰਤੇ।

ਠੀਕ ਦੋ ਦਿਨ ਬਾਅਦ ਯਾਨਿ 20 ਅਗਸਤ, ਸੰਨ 1932 ਈਸਵੀ ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਅਛੂਤਾਂ ਦੇ ਲਈ ਵੱਖਰੀ ਪ੍ਰਤੀਨਿਧਤਾ ਅਤੇ ਚੋਣਾਂ ਵਿਚ ਖੜ੍ਹੇ ਹੋਣ ਦਾ ਅਧਿਕਾਰ ਦੇ ਕੇ ਇਸਦੀ ਜਨਤਕ ਤੌਰ ਤੇ ਘੋਸ਼ਣਾ ਕਰ ਦਿੱਤੀ। ਡਾ. ਅੰਬੇਡਕਰ ਦੀ ਇਹ ਪਹਿਲੀ ਜ਼ਬਰਦਸਤ ਜਿੱਤ ਸੀ। ਜਿਸ ਉਦੇਸ਼ ਦੀ ਪੂਰਤੀ ਦੇ ਲਈ ਉਹਨਾਂ ਨੇ ਲਗਾਤਾਰ ਸੰਘਰਸ਼ ਕਰਨ ਦਾ ਫੈਸਲਾ ਲਿਆ ਸੀ, ਉਹ ਪੂਰਾ ਹੋ ਗਿਆ ਸੀ। ਅਛੂਤਾਂ ਨੂੰ ਉਹ ਅਧਿਕਾਰ ਪ੍ਰਾਪਤ ਹੋ ਗਏ ਸਨ, ਜੋ ਸਵਰਣਾਂ ਨੂੰ ਸਨ।

ਉਹਨਾਂ ਦਿਨਾਂ ਵਿਚ ਗਾਂਧੀ ਜੀ ਯਰਵਦਾ ਦੀ ਜੇਲ੍ਹ ਵਿਚ ਸਨ। ਅਛੂਤਾਂ ਨੂੰ ਇਹ ਅਧਿਕਾਰ ਮਿਲਣ ਦੀ ਖ਼ਬਰ ਸੁਣ ਕੇ ਗਾਂਧੀ ਜੀ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਧਮਕੀ ਭਰਿਆ ਪੱਤਰ ਲਿਖਿਆ- "ਅਛੂਤਾਂ ਨੂੰ ਵੱਖਰੇ ਚੋਣ ਖੇਤਰ ਦਾ ਅਧਿਕਾਰ ਜੋ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਦਿੱਤਾ ਹੈ, ਜੇਕਰ ਉਸਨੂੰ ਵਾਪਸ ਨਾ ਲਿਆ ਗਿਆ ਤਾਂ ਮੈਂ ਉਦੋਂ ਤੱਕ ਭੁੱਖ ਹੜਤਾਲ ਕਰਾਂਗਾ ਜਦੋਂ ਤੱਕ ਕਿ ਇਸ ਅਧਿਕਾਰ ਨੂੰ ਵਾਪਸ ਨਹੀਂ ਲੈ ਲਿਆ ਜਾਂਦਾ।"

20 ਸਤੰਬਰ, ਸੰਨ 1932 ਈਸਵੀ ਨੂੰ ਗਾਂਧੀ ਜੀ ਨੇ ਆਪਣੀ ਧਮਕੀ ਦੇ ਮੁਤਾਬਕ ਮਰਨ ਵਰਤ ਆਰੰਭ ਕਰ ਦਿੱਤਾ। ਇੱਧਰ ਭੀਮਰਾਓ ਅੰਬੇਡਕਰ ਨੂੰ ਉਹਨਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵਾਲੇ ਪੱਤਰ ਅਤੇ ਤਾਰਾਂ ਮਿਲਣ ਲੱਗੀਆਂ। ਦੇਖਦੇ ਹੀ ਦੇਖਦੇ ਸਥਿਤੀ ਅਤਿਅੰਤ ਤਣਾਅਪੂਰਨ ਹੋ ਗਈ। ਦੇਖਦੇ ਹੀ ਦੇਖਦੇ ਉਧਰ ਪੰਜਾਬ ਅੰਦਰ ਆਦਿ ਧਰਮ ਮੰਡਲ ਪੰਜਾਬ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਡਾ. ਅੰਬੇਡਕਰ ਦੇ ਹੱਕ ਵਿਚ ਤਾਰਾਂ ਭੇਜੀਆਂ ਅਤੇ ਕਮਿਊਨਲ ਐਵਾਰਡ ਦੇ ਪੱਖ ਵਿਚ ਗਾਂਧੀ ਦੇ ਮੁਕਾਬਲੇ, ਅਛੂਤਾਂ ਦੇ ਹੱਕਾਂ ਵਿਚ ਮਰਨ ਵਰਤ ਰੱਖ ਲਿਆ।

ਇਸ ਸਥਿਤੀ ਨਾਲ ਨਿਪਟਣ ਦੇ ਲਈ ਪੰਡਤ ਮਦਨ ਮੋਹਨ ਮਾਲਵੀਆ ਦੀ ਪ੍ਰਧਾਨਗੀ ਵਿਚ ਇਕ ਬੈਠਕ ਹੋਈ। ਇਸ ਬੈਠਕ ਵਿਚ ਡਾ. ਅੰਬੇਡਕਰ ਦੇ ਨਾਲ-ਨਾਲ ਡਾ. ਮੁੰਜੇ, ਡਾ. ਸੋਲੰਕੀ, ਡਾ. ਰਾਜਿੰਦਰ ਪ੍ਰਸਾਦ, ਡਾ. ਸੀ. ਡੀ. ਦੇਸ਼ਮੁਖ, ਠੱਕਰ ਬਾਪਾ, ਪੀ. ਬਾਲੂ, ਤੇਜ ਬਹਾਦਰ ਸਪਰੂ, ਵੀਰ ਸਾਵਰਕਰ, ਐਮ. ਸੀ. ਰਾਜਾ, ਸੀ. ਐਚ. ਸ਼ੀਤਲਵਾੜ, ਸੀ. ਭਿਡਵਾਨੀ ਅਤੇ ਕਮਲਾ ਨਹਿਰੂ ਨੇ ਵੀ ਭਾਗ ਲਿਆ।

ਡਾ. ਅੰਬੇਡਕਰ ਨੇ ਕਿਹਾ- 'ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਪਵਿੱਤਰ ਕਰਤੱਵ ਤੋਂ ਪਿੱਛੇ ਨਹੀਂ ਹਟਾਂਗਾ ਅਤੇ ਆਪਣੇ ਲੋਕਾਂ ਦੇ ਸੱਚੇ ਅਤੇ ਨਿਆਂ ਪੱਖੀ ਹਿਤਾਂ 'ਤੇ ਕਦਮ ਪਿੱਛੇ ਨਹੀਂ ਹਟਾਵਾਂਗਾ। ਬੇਸ਼ੱਕ ਹੀ ਤੁਸੀਂ ਮੈਨੂੰ ਸੜਕ ਦੇ ਨੇੜੇ ਲੈਂਪ ਪੋਸਟ 'ਤੇ ਲਟਕਾ ਦਿਓ। ਚੰਗਾ ਹੋਵੇਗਾ ਕਿ ਤੁਸੀਂ ਗਾਂਧੀ ਜੀ ਨੂੰ ਬੇਨਤੀ ਕਰੋ ਕਿ ਉਹ ਆਪਣਾ ਵਰਤ ਤਿਆਗ ਕੇ ਇਸ ਸਮੱਸਿਆ ਦਾ ਹੱਲ ਲੱਭਣ।"

ਮਰਨ ਵਰਤ ਤੇ ਬੈਠੇ ਗਾਂਧੀ ਜੀ ਦੇ ਜੀਵਨ 'ਤੇ ਵੀ ਸੰਕਟ ਦੇ ਬੱਦਲ ਮੰਡਰਾ ਰਹੇ ਸਨ। ਉਹ ਅਛੂਤਾਂ ਨੂੰ ਸੁਰੱਖਿਅਤ ਸੀਟ ਦੇਣ ਲਈ ਤਿਆਰ ਤਾਂ ਸੀ, ਪਰ ਪ੍ਰਤੀਨਿਧਤਾ ਦੇਣ ਦੀ ਗੱਲ ਉਹਨਾਂ ਨੂੰ ਸਵੀਕਾਰ ਨਹੀਂ ਸੀ। ਸਮਾਂ ਬੀਤਣ ਦੇ ਨਾਲ-ਨਾਲ ਗਾਂਧੀ ਜੀ ਦੀ ਹਾਲਤ ਨਾਜ਼ਕ ਹੁੰਦੀ ਗਈ। ਪੂਰੇ ਮੁਲਕ ਵਿਚ ਹਾ-ਹਾ-ਕਾਰ ਮੱਚ ਗਈ।

ਡਾ. ਅੰਬੇਡਕਰ ਦਾ ਮੰਨਣਾ ਸੀ ਕਿ ਜੇਕਰ ਗਾਂਧੀ ਜੀ ਗੋਲਮੇਜ ਸੰਮੇਲਨ ਵਿਚ ਇਸ ਸਮੱਸਿਆ ਦਾ ਹੱਲ ਲੱਭਦੇ ਤਾਂ ਜ਼ਿਆਦਾ ਠੀਕ ਹੁੰਦਾ। ਕਾਸ਼ ਗਾਂਧੀ ਜੀ ਹਿੰਦੂ ਸਮਾਜ ਦੇ ਅਛੂਤ ਵਰਗ ਦੇ ਲਈ ਇਸ ਤਰ੍ਹਾਂ ਆਵਾਜ਼ ਉਠਾਉਂਦੇ।

ਇਸ ਸੰਕਟ ਤੋਂ ਬਚਣ ਦਾ ਰਸਤਾ ਤੇਜ ਬਹਾਦਰ ਸਪਰੂ ਨੇ ਸੋਚ ਲਿਆ। ਉਹ ਉਪਾਅ ਸੀ ਸੁਰੱਖਿਅਤ ਸੀਟਾਂ ਦੀ ਚੋਣ ਦੀ ਪ੍ਰਮੁੱਖ ਅਤੇ ਚੋਣ ਵਿਵਸਥਾ ਦਾ ਵਿਕਾਸ ਕੀਤਾ ਜਾਣਾ। ਨਤੀਜੇ ਵਜੋਂ ਹਰੇਕ ਸੁਰੱਖਿਅਤ ਸੀਟ ਲਈ ਸਾਰੀਆਂ ਜਾਤੀਆਂ ਤਿੰਨ ਸੂਚੀਆਂ ਤਿਆਰ ਕਰਨਗੀਆਂ। ਉਹਨਾਂ ਵਿਚੋਂ ਕਿਸੇ ਇਕ ਨੂੰ ਸਵੀਕਾਰ ਕਰਕੇ ਚੋਣ ਸਾਂਝੀ ਪ੍ਰਣਾਲੀ ਨਾਲ ਕੀਤੀ ਜਾਵੇ, ਜਿਸ ਵਿਚ ਦਲਿਤ ਅਤੇ ਸਵਰਨ ਹਿੰਦੂ ਮਿਲ ਕੇ ਭਾਗ ਲੈਣਗੇ। ਇਸ ਉਪਾਅ ਨੂੰ ਡਾ. ਅੰਬੇਡਕਰ ਨੇ ਵੀ ਸਵੀਕਾਰ ਕਰ ਲਿਆ, ਨਾਲ ਹੀ ਇਹ ਡਾ. ਰਾਜਿੰਦਰ ਪ੍ਰਸਾਦ, ਸੀ. ਰਾਜਗੋਪਾਲਾਚਾਰੀਆ ਆਦਿ ਨੂੰ ਵੀ ਪਸੰਦ ਆਇਆ ਪਰ ਗਾਂਧੀ ਨੇ ਇਸਨੂੰ ਅਸਵੀਕਾਰ ਕਰ ਦਿੱਤਾ। ਤਾਂ ਡਾ. ਅੰਬੇਡਕਰ ਨੇ ਕਿਹਾ-

"ਮੈਂ ਆਪਣੇ ਪ੍ਰਸਤਾਵ ਨੂੰ ਵਾਪਸ ਲੈ ਸਕਦਾ ਹਾਂ, ਬਸ਼ਰਤੇ ਮੈਨੂੰ ਇਹ ਪਤਾ ਲੱਗ ਜਾਵੇ ਕਿ ਵੱਖਰੀ ਚੋਣ ਦਾ ਵਿਕਲਪ ਕੀ ਹੈ?'

ਇੱਧਰ ਗਾਂਧੀ ਜੀ ਨੇ ਧਮਕੀ ਦਿੱਤੀ- "ਜੇਕਰ ਵੱਖਰੇ ਚੋਣ ਦੀ ਮੰਗ ਸਫਲ ਹੋਈ ਤਾਂ ਹਿੰਦੂ ਸਮਾਜ ਦੇ ਨਾਲ-ਨਾਲ ਰਾਸ਼ਟਰਵਾਦ ਦਾ ਵੀ ਅੰਤ ਹੋ ਜਾਵੇਗਾ।"

ਗਾਂਧੀ ਜੀ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਸੀ। ਸਾਰੇ ਗਾਂਧੀ ਦਾ ਜੀਵਨ ਬਚਾਉਣ ਵਿਚ ਲੱਗ ਗਏ। ਅਜਿਹੇ ਕਠਿਨ ਸਮੇਂ ਵਿਚ ਹਿੰਦੂ ਨੇਤਾਵਾਂ ਦੇ ਸਮਝਾਉਣ ਤੇ ਡਾ. ਅੰਬੇਡਕਰ ਜੀ ਨਾਲ ਜੇਲ੍ਹ ਵਿਚ ਮੁਲਾਕਾਤ ਕਰਨ ਲਈ ਤਿਆਰੀ ਹੋ ਗਏ। ਗਾਂਧੀ ਜੀ ਦੇ ਕੋਲ ਉਸ ਵਕਤ ਸਰੋਜਨੀ ਨਾਇਡੂ ਅਤੇ ਸਰਦਾਰ ਪਟੇਲ ਮੌਜੂਦ ਸਨ।

ਡਾ. ਅੰਬੇਡਕਰ ਨੇ ਅਤਿਅੰਤ ਧੀਮੇ ਸੁਰ ਵਿਚ ਕਿਹਾ- "ਮਿਸਟਰ ਗਾਂਧੀ ਜੀ, ਤੁਸੀਂ ਸਾਡੇ ਪ੍ਰਤੀ ਚੰਗਾ ਕੰਮ ਨਹੀਂ ਕੀਤਾ।"

ਇਸ 'ਤੇ ਗਾਂਧੀ ਜੀ ਨੇ ਉਹਨਾਂ ਦੀ ਗੱਲ ਖਤਮ ਕਰਨ ਦੀ ਗਰਜ਼ ਵਿਚ ਕਿਹਾ- 'ਅਜਿਹਾ ਤਾਂ ਹਮੇਸ਼ਾ ਹੀ ਮੇਰੇ ਨਾਲ ਹੋਇਆ ਹੈ। ਮੈਂ ਇਸ ਵਿਚ ਕੁਝ ਨਹੀਂ ਕਰ ਸਕਦਾ।'

ਇਸ ਤੋਂ ਬਾਅਦ ਡਾ. ਅੰਬੇਡਕਰ ਨੇ ਗਾਂਧੀ ਜੀ ਦੇ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਦੇ ਵਿਚਾਰਾਂ 'ਤੇ ਆਪਣੀ ਸਹਿਮਤੀ ਦੀ ਮੋਹਰ ਲਗਾਉਂਦੇ ਹੋਏ ਗਾਂਧੀ ਜੀ ਨੇ ਕਿਹਾ- 'ਵਿਸ਼ਵਾਸ ਕਰੋ, ਮੇਰੀ ਪੂਰਨ ਹਮਦਰਦੀ ਤੁਹਾਡੇ ਨਾਲ ਹੈ। ਮੈਂ ਤੁਹਾਡੇ ਨਾਲ ਹਾਂ। ਜੋ ਕੁਝ ਤੁਸੀਂ ਕਿਹਾ ਹੈ, ਉਸ ਵਿਚੋਂ ਜ਼ਿਆਦਾਤਰ ਗੱਲਾਂ ਦਾ ਮੈਂ ਸਮਰਥਨ ਕਰਦਾ ਹਾਂ। ਪਰ ਤੁਸੀਂ ਕਹਿ ਰਹੇ ਹੋ ਕਿ ਤੁਸੀਂ ਮੇਰੇ ਜੀਵਨ ਨੂੰ ਬਚਾਉਣਾ ਚਾਹੁੰਦੇ ਹੋ?'

'ਜੀ ਹਾਂ।' ਡਾ. ਅੰਬੇਡਕਰ ਬੋਲੇ- ਇਸ ਉਮੀਦ ਦੇ ਨਾਲ ਕਿ ਜੇਕਰ ਤੁਸੀਂ ਸਾਡੇ ਲੋਕਾਂ ਦਾ ਕਲਿਆਣ ਕਰਨ ਲਈ ਪੂਰੀ ਤਰ੍ਹਾਂ ਖੁਦ ਨੂੰ ਸਮਰਪਿਤ ਕਰ ਦਿਓ।'

ਠੀਕ ਹੈ, ਪਰ ਤੁਸੀਂ ਜਾਣਦੇ ਹੋ ਕਿ ਤੁਸੀਂ ਮੇਰਾ ਜੀਵਨ ਬਚਾਉਣ ਲਈ ਕੀ ਕਰਨਾ ਹੈ? ਉਹ ਕੰਮ ਕਰੋ ਅਤੇ ਮੇਰਾ ਜੀਵਨ ਬਚਾਓ। ਮੈਨੂੰ ਪਤਾ ਹੈ, ਤੁਸੀਂ ਉਸਦਾ ਤਿਆਗ ਨਹੀਂ ਕਰ ਸਕਦੇ, ਜੋ ਤੁਹਾਡੇ ਲੋਕਾਂ ਤੋਂ ਤੁਹਾਨੂੰ ਮਿਲਿਆ ਹੈ। ਮੈਂ ਤੁਹਾਡੀ ਪੈਨਲ-ਵਿਵਸਥਾ ਨੂੰ ਸਵੀਕਾਰ ਕਰਦਾ ਹਾਂ। ਪਰ ਤੁਸੀਂ ਉਸਦਾ ਦੋਸ਼ ਦੂਰ ਕਰੋ। ਤੁਹਾਨੂੰ ਆਪਣੀ ਪੈਨਲ ਵਿਵਸਥਾ ਸੀਟਾਂ 'ਤੇ ਲਾਗੂ ਕਰਨੀ ਚਾਹੀਦੀ ਹੈ। ਮੈਂ ਨਹੀਂ ਚਾਹੁੰਦਾ ਕਿ ਹਿੰਦੂ ਸਮਾਜ ਦੀ ਵੰਡ ਹੋਵੇ।

ਅੰਬੇਡਕਰ ਜੀ ਨੇ ਗਾਂਧੀ ਜੀ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ। ਪਰ ਫਿਰ ਸੀਟਾਂ ਨੂੰ ਲੈ ਕੇ ਵਿਵਾਦ ਹੋਇਆ। ਅੰਬੇਡਕਰ ਸੂਬਾਈ ਸਭਾ ਦੇ ਲਈ ਇਕ ਸੌ ਸਤਾਨਵੇਂ ਸੀਟਾਂ ਚਾਹੁੰਦੇ ਸਨ, ਜਦਕਿ ਉਹਨਾਂ ਨੂੰ ਇਕ ਸੌ ਛੱਬੀ ਸੀਟਾਂ ਦਿੱਤੀਆਂ ਜਾ ਰਹੀਆਂ ਸਨ।

ਅੰਬੇਡਕਰ ਚਾਹੁੰਦੇ ਸਨ ਕਿ ਪ੍ਰਮੁੱਖ ਚੋਣ ਵਿਵਸਥਾ ਦਸ ਸਾਲ ਬਾਅਦ ਖਤਮ ਕਰ ਦਿੱਤੀ ਜਾਵੇ ਅਤੇ ਦਲਿਤਾਂ ਦੇ ਸੁਰੱਖਿਅਤ ਸੀਟਾਂ ਦੇ ਸਵਾਲ ਨੂੰ ਜਨਮਤ ਦੁਆਰਾ ਪੰਦਰਾਂ ਸਾਲ ਬਾਅਦ ਤਹਿ ਕਰ ਦਿੱਤਾ ਜਾਵੇ। ਪਰ ਗਾਂਧੀ ਜੀ ਨੂੰ ਉਕਤ ਗੱਲ ਸਵੀਕਾਰ ਨਹੀਂ ਸੀ।

ਡਾ. ਅੰਬੇਡਕਰ ਨੂੰ ਪਾਗਲ ਕਿਹਾ ਗਿਆ, ਬਦਨਾਮ ਕੀਤਾ ਗਿਆ, ਇੱਥੋਂ ਤੱਕ ਕਿ ਉਹਨਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ। ਡਾ. ਅੰਬੇਡਕਰ ਉਸ ਵਕਤ ਭਾਰੀ ਮਾਨਸਿਕ ਤਣਾਅ ਵਿਚੋਂ ਲੰਘ ਰਹੇ ਸਨ। ਇਕੱਲੇਪਣ ਦਾ ਅਹਿਸਾਸ ਉਹਨਾਂ ਤੇ ਬੁਰੀ ਤਰ੍ਹਾਂ ਹਾਵੀ ਸੀ।

ਇੱਧਰ ਗਾਂਧੀ ਜੀ ਸਵਰਣ ਹਿੰਦੂਆਂ ਦੇ ਲਈ ਹੀ ਮਰਨ ਵਰਤ ਲਏ ਪਏ ਸਨ। ਗਾਂਧੀ ਜੀ ਦਾ ਜੀਵਨ ਬਚਾਉਣ ਦੇ ਲਈ ਅੰਬੇਡਕਰ ਨੂੰ ਹਥਿਆਰ ਸੁੱਟਣੇ ਪਏ।

ਸਵਰਣ ਹਿੰਦੂਆਂ ਵੱਲੋਂ ਇਕ ਮਸੌਦੇ 'ਤੇ ਪੰਡਤ ਮਦਨ ਮੋਹਨ ਮਾਲਵੀਆ ਨੇ ਹਸਤਾਖਰ ਕੀਤੇ ਅਤੇ ਦਲਿਤ ਵਰਗ ਵੱਲੋਂ ਡਾ. ਅੰਬੇਡਕਰ ਨੇ ਹਸਤਾਖਰ ਕੀਤੇ। ਇਸ ਸਮਝੌਤਾ ਨੂੰ ਪੂਨਾ ਪੈਕਟ ਦਾ ਨਾਂ ਦਿੱਤਾ ਗਿਆ।

ਇਸ ਵਿਸ਼ੇ ਤੇ ਆਪਣੀ ਸਥਿਤੀ ਸਪਸ਼ਟ ਕਰਦੇ ਹੋਏ ਡਾ. ਅੰਬੇਡਕਰ ਨੇ ਕਿਹਾ- "ਜਿੱਥੋਂ ਤੱਕ ਮੇਰਾ ਸਬੰਧ ਹੈ, ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਕੋਈ ਵੀ ਵਿਅਕਤੀ ਅਜਿਹੇ ਮੁਸ਼ਕਿਲ ਅਤੇ ਗੰਭੀਰ ਸੰਕਟ ਵਿਚ ਨਹੀਂ ਸੀ, ਜਿੰਨਾ ਮੈਂ।

ਉਹ ਸਥਿਤੀ ਭੇਦ ਨਾਲ ਭਰੀ ਸੀ। ਮੇਰੇ ਸਾਹਮਣੇ ਦੋ ਵਿਕਲਪ ਸਨ, ਜਿਹਨਾਂ ਵਿਚੋਂ ਇਕ ਨੂੰ ਚੁਣਨਾ ਸੀ। ਮਾਨਵਤਾ ਦੇ ਪ੍ਰਤੀ ਰਿਣੀ ਹੋਣ ਦੇ ਨਾਤੇ ਇਕ ਪਾਸੇ ਮੈਨੂੰ ਗਾਂਧੀ ਜੀ ਦਾ ਜੀਵਨ ਬਚਾਉਣਾ ਸੀ, ਦੂਜੇ ਪਾਸੇ ਬ੍ਰਿਟਿਸ਼ ਸਰਕਾਰ ਵੱਲੋਂ ਮਿਲੇ ਅਛੂਤਾਂ ਦੇ ਰਾਜਨੀਤਿਕ ਅਧਿਕਾਰ ਸਨ। ਮੈਂ ਮਾਨਵਤਾ ਨੂੰ ਅਹਿਮੀਅਤ ਦੇ ਕੇ ਗਾਂਧੀ ਜੀ ਦੇ ਜੀਵਨ ਨੂੰ ਬਚਾਅ ਕੇ ਆਪਣਾ ਕਰਤੱਵ ਪੂਰਾ ਕੀਤਾ।'

25 ਸਤੰਬਰ 1932 ਦੀ ਸ਼ਾਮ ਪੰਜ ਵਜੇ ਪੂਨਾ ਪੈਕਟ 'ਤੇ ਡਾ. ਅੰਬੇਡਕਰ ਨੇ ਹਸਤਾਖਰ ਕੀਤੇ, ਉਸ ਸਮੇਂ ਉਹਨਾਂ ਤੇ ਦੇਸ਼ ਦੇ ਸਾਰੇ ਲੀਡਰਾਂ ਦਾ ਕਿੰਨਾ ਭਾਰੀ ਦਬਾਅ ਸੀ, ਇਸਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

# ਚੀਫ ਜਸਟਿਸ ਵੀ ਐਮ ਤਾਰਕੁੰਡੇ



ਐੱਸ ਬਲਵੰਤ
s.balwantuk@yahoo.co.uk

ਜਸਟਿਸ ਵੀ ਐਮ ਤਾਰਕੁੰਡੇ (ਵਿੱਠਲ ਮਹਾਦੇਵ ਤਾਰਕੁੰਡੇ) ਦਾ ਜਨਮ ਮਹਾਰਾਸ਼ਟਰ ਦੇ ਇਕ ਕਸਬੇ ਸਸਵਾਦ ਵਿਚ 1909 ਨੂੰ 3 ਜੁਲਾਈ ਦੇ ਦਿਨ ਮਹਾਦੇਵ ਰਾਜਾਰਾਮ ਤਾਰਕੁੰਡੇ ਦੇ ਘਰ ਹੋਇਆ ਜੋ ਕਿ ਖੁਦ ਤਾਂ ਜ਼ਾਤ ਦੇ ਬ੍ਰਾਹਮਣ ਸਨ ਪਰ ਹਰ ਵੇਲੇ ਨਿਮਨ-ਜਾਤੀਆਂ ਦੇ ਮਸਲਿਆਂ ਔਰ ਤਕਲੀਫਾਂ ਸਮੇਂ ਇਕ ਢਾਲ ਬਣ ਖਲੋਂਦੇ ਸਨ। ਉਹ ਖੁਦ ਵੀ ਇਕ ਵਕੀਲ ਸਨ ਤੇ ਕਿਸੇ ਵੀ ਗਰੀਬ ਨਾਲ ਹੋਈ ਅਸਹਿ ਘਟਨਾ ਸਮੇਂ ਉਹ ਤੇ ਉਨ੍ਹਾਂ ਦਾ ਪੂਰ ਪਰਿਵਾਰ ਉਸ ਵਿਅਕਤੀ ਦੇ ਹੱਕ ਵਿਚ ਮਜ਼ਬੂਤੀ ਨਾਲ ਖੜ੍ਹਾ ਹੁੰਦਾ।

ਵਿੱਠਲ ਮਹਾਦੇਵ ਨੇ ਪੂਨੇ ਦੇ ਅੰਗਰੇਜ਼ੀ ਸਕੂਲ ਵਿਚ ਆਪਣੀ ਪੜ੍ਹਾਈ ਸ਼ੁਰੂ ਕੀਤੀ ਤੇ ਹਰ ਇਮਤਿਹਾਨ ਵਿਚ ਅਵੱਲ ਆਉਂਦੇ ਰਹੇ। ਸਕੂਲ ਦੀ ਪੜ੍ਹਾਈ ਖਤਮ ਕਰਕੇ ਪੂਨੇ ਦੇ ਹੀ ਫਰਗੂਸਨ ਕਾਲਜ ਵਿਚੋਂ ਬੀ ਏ ਕੀਤੀ ਤੇ ਅਗਲੀ ਪੜ੍ਹਾਈ ਲਈ ਲੰਡਨ ਚਲੇ ਗਏ ਜਿਥੋਂ ਉਹਨਾਂ ਨੇ 1931 ਵਿਚ ਬਰਿਸਟਰ ਇਨ ਲਾਅ ਦਾ ਇਮਤਿਹਾਨ ਪਾਸ ਕੀਤਾ। ਨਾਲ ਦੀ ਨਾਲ ਉਹ ਲੰਡਨ ਸਕੂਲ ਔਫ ਇਕਨਾਮਿਕਸ ਵਿਚ ਹੋਰ ਵਿਦਵਾਨਾਂ ਦੇ ਲੈਕਚਰਾਂ ਵਿਚ ਭਾਗ ਲੈ ਉਨ੍ਹਾਂ ਦੇ ਵਿਚਾਰ ਸੁਣਦੇ ਰਹੇ। 1933 ਵਿਚ ਉਹ ਭਾਰਤ ਪਰਤ ਆਏ ਤੇ ਪੂਨੇ ਵਿਚ ਆਪਣੀ ਵਕਾਲਤ ਸ਼ੁਰੂ ਕਰ ਲਈ। 1942 ਤੀਕ ਆਪਣੀ ਵਕਾਲਤ ਚਲਾਉਂਦੇ ਰਹੇ ਤੇ ਮਗਰੋਂ ਉਹ ਵਕਾਲਤ ਛੱਡ ਕੇ ਰੈਡੀਕਲ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਬਣ ਕੇ ਪੂਰਾ ਸਮਾਂ ਵਿਚ ਪਾਰਟੀ ਲਈ ਬਿਤਾਉਣ ਲੱਗ ਗਏ।

ਆਜ਼ਾਦੀ ਤੋਂ ਬਾਅਦ ਉਹ ਬੰਬਈ ਆ ਗਏ ਤੇ ਮੁੜ ਕੇ ਪਰੈਕਟਿਸ ਸ਼ੁਰੂ ਕਰ ਦਿਤੀ। 1957 ਵਿਚ ਉਹ ਬੰਬਈ ਦੀ ਹਾਈਕੋਰਟ ਬੈਂਚ ਦੇ ਜਸਟਿਸ ਬਣ ਗਏ। 1968 ਵਿਚ ਉਨ੍ਹਾਂ ਆਪਣੇ ਆਪ ਇਹ ਅਹੁਦਾ ਛੱਡ ਦਿੱਤਾ ਤੇ ਆਪਣੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਹਨਾਂ ਆਪਣੀ ਤੋਰ ਵਿਚ ਇਹ ਗੱਲ ਇਹ ਮੁੱਖ ਰੱਖੀ ਕਿ ਜਾਂ ਤਾਂ ਕੇਸ ਲੜਨ ਦੀ ਕੋਈ ਫੀਸ ਨਹੀਂ ਲੈਣੀ ਤੇ ਜਾਂ ਬਿਲਕੁਲ ਮਾਮੂਲੀ।

ਉਂਜ ਉਹ ਵਕਾਲਤ ਦੇ ਨਾਲ-ਨਾਲ 1933 ਵਿਚ ਹੀ "ਕਾਂਗਰਸ ਸੋਸ਼ਲਿਸਟ ਪਾਰਟੀ" ਵਿਚ ਵੀ ਸ਼ਾਮਲ ਹੋ ਗਏ ਸਨ। 1939 ਵਿਚ ਹੋਈ ਤ੍ਰਿਪੁਰਾ ਕਾਂਗਰਸ ਵਿਚ ਸੁਭਾਸ਼ ਚੰਦਰ ਬੋਸ ਦੀ ਹਾਰ ਦੀ ਜ਼ਿੰਮੇਦਾਰ "ਕਾਂਗਰਸ ਸੋਸ਼ਲਿਸਟ ਪਾਰਟੀ" ਨੂੰ ਮੰਨਦਿਆਂ ਉਹਨਾਂ ਨੇ ਅਸਤੀਫਾ ਦੇ ਦਿਤਾ। ਇਹ ਛੱਡਦਿਆਂ ਹੀ 1939 ਵਿਚ ਹੀ ਉਹ "ਰੈਡੀਕਲ ਕਾਂਗਰਸ" ਵਿਚ ਸ਼ਾਮਲ ਹੋ ਗਏ। ਉਸ ਵੇਲੇ ਐਮ ਐਨ ਰਾਏ ਇਸ ਦੇ ਮੁਖੀ ਸਨ ਤੇ ਤਾਰਕੁੰਡੇ ਉਹਨਾਂ ਤੋਂ ਕਾਫੀ ਪ੍ਰਭਾਵਿਤ ਸਨ। ਉਦੋਂ ਹੀ 1940 ਵਿਚ ਐਮ ਐਨ ਰਾਏ ਤੇ ਤਾਰਕੁੰਡੇ ਨੇ ਦੂਜੀ ਸੰਸਾਰ ਜੰਗ ਦੇ ਮਸਲੇ 'ਤੇ ਵਿਰੋਧਤਾ ਜਤਾਉਂਦਿਆਂ ਤੇ ਆਜ਼ਾਦੀ ਦੀ ਲੜ੍ਹਾਈ ਦੇ ਘੋਲ ਵਿਚ ਹਿੱਸਾ ਪਾਉਣ ਲਈ "ਰੈਡੀਕਲ ਡੈਮੋਕੈਟਿਕ ਪਾਰਟੀ" ਦੀ ਸਥਾਪਨਾ ਕੀਤੀ। 1944 ਵਿਚ ਇਸ ਪਾਰਟੀ ਦੇ ਸਕੱਤਰ ਚੁਣੇ ਗਏ। ਇਸ ਤੋਂ ਬਾਅਦ ਉਹਨਾਂ ਐਮ ਐਨ ਰਾਏ ਦੀ ਫਿਲੌਸਫੀ ਨੂੰ ਅਧਾਰ ਬਣਾ ਕੇ ਰੈਡੀਕਲ ਕਮਿਊਨਿਸਟ ਅਸੋਸੀਏਸ਼ਨ ਬਣਾਈ ਤੇ ਰਾਏ ਦੇ ਵਿਚਾਰਾਂ ਦੇ ਫਲਸਫੇ 'ਤੇ ਅਧਾਰਤ "ਰੈਡੀਕਲ ਹਿਊਮੈਨਿਜ਼ਮ" ਨਾਂਅ ਦੀ ਮੈਗਜ਼ੀਨ ਦੀ ਸੰਪਾਦਨਾ ਸ਼ੁਰੂ ਕਰ ਦਿਤੀ। ਇਸੇ 'ਤੇ ਅਧਾਰਤ ਉਹਨਾਂ "ਇੰਡੀਅਨ ਰੈਡੀਕਲ ਹਿਊਮੈਨਿਜ਼ਮ" ਨਾਂਅ ਦੀ ਪੁਸਤਕ ਵੀ ਲਿਖੀ ਜਿਸ ਨੂੰ ਪ੍ਰਕਾਸ਼ਤ ਕਰਨ ਦਾ ਮੈਨੂੰ ਹੀ ਪ੍ਰਾਪਤ ਹੋਇਆ।

ਮੇਰੀ ਪਬਲੀਕੇਸ਼ਨਜ਼ ਦੀ ਸ਼ੁਰੂਆਤ ਵੀ ਇਕ ਕ੍ਰਿਸ਼ਮਾ ਸੀ। ਮੈਂ ਕਰੀਬ 1974 ਵਿਚ ਕਮਿਊਨਿਸਟ ਪਾਰਟੀ ਵਲੋਂ ਚਲਾਏ ਜਾਂਦੇ ਪੰਜਾਬ ਬੁੱਕ ਸੈਂਟਰ (ਇਸ ਦਾ ਵਿਸਥਾਰ ਵੀ ਮੈਂ ਅਗਲੇ ਪੰਨਿਆਂ ਵਿਚ ਕਰਾਂਗਾ) ਦੇ ਮੁਖ ਅਧਿਕਾਰੀ ਵਜੋਂ ਮਿਲੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਪਰਿਵਾਰਕ ਕਾਰਨਾਂ ਕਰਕੇ ਦਿੱਲੀ ਵਾਪਸ ਚਲਾ ਗਿਆ। ਮੇਰੇ ਦਿੱਲੀ ਆਉਣ ਦੀ ਭਿਣਕ ਉੱਥੇ ਦੇ ਮਸ਼ਹੂਰ ਪ੍ਰਕਾਸ਼ਕ ਨੂੰ ਲਗ ਗਈ। ਉਸ ਨੇ ਮੈਨੂੰ ਬੋਚ ਬੰਬਈ ਵਿਚ ਆਪਣੀ ਬ੍ਰਾਂਚ ਖੋਹਲਣ ਦੀ ਪੇਸ਼ਕਸ਼ ਕੀਤੀ ਤੇ ਮੈਂ ਬੰਬਈ ਦੇ ਚਰਚ ਗੇਟ ਕੋਲ ਥਾਂ ਲੱਭ ਕੇ ਦਫਤਰ ਦੇ ਨਾਲ ਵਿਚੇ ਰਹਿਣ ਦਾ ਠੀਆ ਬਣਾ ਲਿਆ। ਉਥੋਂ ਮੈਂ ਗੁਜਰਾਤ, ਮਹਾਂਰਾਸ਼ਟਰ, ਗੋਆ ਤੇ ਸਾਊਥ ਦੇ ਹੋਰ ਇਲਾਕਿਆਂ ਦੀ ਦੇਖ ਭਾਲ ਤੇ ਕਾਰੋਬਾਰੀ ਮੌਕਿਆਂ 'ਤੇ ਨਜ਼ਰ ਰੱਖਦਾ।

ਪਰ ਥੋੜ੍ਹੇ ਸਮੇਂ ਵਿਚ ਹੀ ਮੈਂ ਦਿੱਲੀ ਵਾਪਸ ਆ ਗਿਆ ਤੇ ਆਪਣਾ ਪ੍ਰਕਾਸ਼ਨ ਸ਼ੁਰੂ ਕਰ ਲਿਆ। ਮੇਰੀ ਜੇਬ੍ਹ ਵਿਚ ਸਿਰਫ ਛੇ ਸੌ ਰੁਪਏ ਹੀ ਸਨ ਪਰ ਪਬਲੀਕੇਸ਼ਨ ਸ਼ੁਰੂ ਕਰ ਕੇ ਉਸ ਨੂੰ ਲਗਾਤਾਰ ਮਜਬੂਤ ਰਖਣ ਲਈ ਬਹੁਤ ਪੈਸੇ ਦੀ ਲੋੜ ਹੁੰਦੀ ਹੈ. ਪਰ ਮੇਰਾ ਪਿਹਲਾਂ ਹੀ ਰਸੂਖ ਬਣਿਆ ਹੋਣ ਕਰਕੇ ਉਸ ਵੇਲੇ ਬਾਜ਼ਾਰ ਨੇ ਮੇਰੀ ਬਹੁਤ ਸਹਾਇਤਾ ਕੀਤੀ। ਚਾਵੜੀ ਬਾਜ਼ਾਰ ਦੇ ਕਾਗਜ਼ੀ ਸਾਗਰ ਚੰਦ ਜੇਨ ਕੋਲ ਗਿਆ। ਮੇਰੀ ਗੱਲਬਾਤ ਮਗਰੋਂ ਉਸ ਨੇ ਕਾਗਜ਼ ਹੀ ਨਹੀਂ, ਗੋਦਾਮ ਦੀ ਚਾਬੀ ਪਕੜਾ ਦਿਤੀ ਕਿ ਜਿੰਨਾ ਚਾਹੀਦਾ ਲੈ ਜਾ ਪਰ ਮਿਲੇਗਾ ਇਕੋ ਵਾਰੀ। ਅਗਲੀ ਵਾਰੀ ਇਹ ਪੈਸੇ ਦੇ ਕੇ ਅੱਗੇ ਫਿਰ ਲੈ ਜਾਈਂ। ਛਪਾਈ ਲਈ ਜਾਮਾ ਮਸਜਿਦ ਵਿਖੇ ਤਾਜ ਆਫਸੈੱਟ ਪ੍ਰੈੱਸ ਦੇ ਮਾਲਕ ਇਸ਼ਹਾਕ ਅਹਿਮਦ ਕੋਲ ਗਿਆ। ਉਸ ਵੀ ਇੰਨੀ ਅਪਣੱਤ ਦਿਖਾਈ ਕਿ ਮੇਰੀਆਂ ਅੱਖਾਂ ਭਰ ਆਈਆਂ। ਕਹਿੰਦਾ, "ਮੈਂ ਤੇਰੇ ਤੋਂ ਪੈਸੇ ਮੰਗੇ ਹਨ?_ ਜ਼ਿੰਦਗੀ ਵਿਚ ਜੇ ਤੇਰਾ ਕੰਮ ਚਲ ਜਾਵੇ ਤੇ ਤੂੰ ਇਹ ਪੈਸੇ ਮੋੜਨ ਜੋਗਾ ਹੋ ਜਾਵੇਂ ਤਾਂ ਮੇਰੀ ਕਿਸਮਤ!" ਇਹੀ ਗੱਲ ਮੇਰੇ ਬਾਈਂਡਰ ਅਹਿਮਦ ਦੀਨ ਨੇ ਕਹੀ। ਅਹਿਮਦ ਦੀਨ ਤੇ ਇਸ਼ਾਕ ਨਾਲ ਤਾਂ ਮਗਰੋਂ ਅਜਿਹੀ ਦੋਸਤੀ ਪਈ ਕਿ ਉਹ ਵੀ ਮੇਰੇ ਹੋਰ ਮੁਸਲਮਾਨ ਦੋਸਤਾਂ ਵਾਂਗ ਉਹ ਵੀ ਦੋਨੋਂ ਹਰ ਬਕਰੀਦ ਤੇ ਮਿਠੀ ਈਦ ਨੂੰ ਮੇਰੇ ਵੱਲ ਸੌਗਾਤਾਂ ਭੇਜਦੇ ਤੇ ਮੇਰੇ ਵਲੋਂ ਉਹਨਾਂ ਨੂੰ ਦਿ-ਵਾਲੀ ਦੀ ਮਿਠਾਈ ਪਹੁੰਚਦੀ. ਅਸੀਂ ਆਪਣੇ ਦੋਸਤਾਂ ਵਿਚ ਵੀ ਵੰਡਦੇ ਤੇ ਮਜ਼ੇ ਮਜ਼ੇ ਨਾਲ ਖੁਦ ਵੀ ਚੱਖਦੇ।

ਜਸਟਿਸ ਤਾਰਕੁੰਡੇ ਨਾਲ ਮੇਰੇ ਜ਼ਾਤੀ ਸੰਬੰਧ ਮੇਰੇ ਪਬਲੀਕੇਸ਼ਨਜ਼ ਸ਼ੁਰੂ ਕਰਦਿਆਂ ਹੀ ਬਣਨੇ ਸ਼ੁਰੂ ਹੋਏ ਤੇ ਜਲਦੀ ਹੀ ਗੂਹੜੇ ਹੋਣੇ ਸ਼ੁਰੂ ਹੋ ਗਏ. ਜਦੋਂ ਮੈਂ ਚੰਡੀਗੜ੍ਹ ਸਾਂ ਤਾਂ ਐਮ ਐਨ ਰਾਏ ਦੀਆਂ ਕਿਤਾਬਾਂ ਰੱਖਣੀਆਂ ਵਰਜਿਤ ਸਨ। ਜਦੋਂ ਮੈਨੂੰ ਇਹ ਪਤਾ ਲੱਗਾ ਤਾਂ ਮੈਂ ਉਥੇ ਹੀ ਹੋਰ ਉਤਸੁਕਤ ਹੋ ਗਿਆ ਤੇ ਲੋਕਾਂ ਕੋਲੋਂ ਐਮ ਐਨ ਰਾਏ ਤੇ ਰੈਡੀਕਲ ਰਾਜਨੀਤੀ ਬਾਰੇ ਉਸ ਦੇ ਵਿਚਾਰਾਂ ਤੇ ਭੂਮਿਕਾ ਨੂੰ ਸਮਝਣ ਦਾ ਯਤਨ ਕਰਦਾ ਰਿਹਾ। ਦਿੱਲੀ ਆ ਕੇ ਮੇਰੀ ਰੀਝ ਸੀ ਕਿ ਐਮ ਐਨ ਰਾਏ ਨੂੰ ਪ੍ਰਕਾਸ਼ਤ ਕੀਤਾ ਜਾਵੇ। ਮੇਰੇ ਕੋਲ ਐਮ ਏਨ ਰਾਇ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਨ ਦੇ ਹੱਕ ਨਹੀਂ ਸਨ. ਉਸ ਵੇਲੇ ਹਿੰਦੁਸਤਾਨ ਵਿਚ ਕਾਪੀਰਾਈਟ ਕਾਨੂੰਨ ਇਹ ਕਹਿੰਦਾ ਸੀ ਕਿ ਲੇਖਕ ਦੀ ਮੌਤ ਤੋਂ ਪੰਜਾਹ ਸਾਲ ਮਗਰੋਂ ਉਹਦੀ ਲਿਖੀ ਕਿਤਾਬ ਪਬਲਿਕ ਡੋਮੇਨ ਵਿਚ ਚਲੀ ਜਾਂਦੀ ਹੈ। ਤੇ ਪਬਲਿਕ ਡੋਮੇਨ ਵਿਚ ਗਈ ਕੋਈ ਵੀ ਲਿਖਤ ਜਾਂ ਕਿਤਾਬ ਲੋਕਾਂ ਦੀ ਪ੍ਰਾਪਰਟੀ ਬਣ ਜਾਂਦੀ ਹੈ, ਜਿਸ ਨੂੰ ਕੋਈ ਵੀ ਪ੍ਰਕਾਸ਼ਤ ਕਰ ਸਕਦਾ ਹੈ। ਪਰ ਉਸ ਲਿਖਤ ਦੇ ਮੋਰਲ ਰਾਈਟਸ ਹਮੇਸ਼ਾ ਬ੍ਰਕਰਾਰ ਰਹਿੰਦੇ ਹਨ ਤਾਂ ਕਿ ਉਸ ਕਿਰਤ ਨੂੰ ਕੋਈ ਤਰੋੜ-ਮਰੋੜ ਕੇ ਜਾਂ ਭੱਦੇਪਨ ਵਾਲੀ ਦਿਖ ਨਾਲ ਮਾਰਕੀਟ ਵਿਚ ਨਾ ਲਿਆਵੇ. ਪਰ ਐਮ ਐਨ ਰਾਏ ਦੀਆਂ ਕਿਤਾਬਾਂ ਨੂੰ ਤਾਂ ਪਬਲਿਕ ਡੋਮੇਨ ਵਿਚ ਜਾਣ ਲਈ ਬਹੁਤ ਸਮਾਂ ਲੱਗਣਾ ਸੀ. ਮੈਨੂੰ ਪਤਾ ਲੱਗਿਆ ਕਿ ਉਸ ਦੀਆਂ ਕਿਤਾਬਾਂ ਰੈਨੇਸਾਂ ਪਬਲਿਸ਼ਰਜ ਨੇ ਕਲਕੱਤੇ ਤੋਂ ਪ੍ਰਕਾਸ਼ਤ ਕੀਤੀਆਂ ਸਨ. ਕਾਪੀਰਾਈਟ ਦਾ ਪਤਾ ਉਸ ਤੋਂ ਹੀ ਲੱਗ ਸਕਦਾ ਸੀ. ਮੈਨੂੰ ਇਹ ਵੀ ਪਤਾ ਲੱਗਾ ਕਿ ਐਮ ਐਨ ਰਾਏ ਤੇ ਉਸ ਦੀ ਪਤਨੀ ਅਲੀਨਾ ਦੇ ਸਵਰਗਵਾਸ ਮਗਰੋਂ ਇਹ ਅਦਾਰਾ ਬੰਦ ਹੋਣਾ ਸ਼ੁਰੂ ਹੋ ਗਿਆ ਸੀ, ਕਿਉਂਕਿ ਇਹ ਅਦਾਰਾ ਐਮ ਐਨ ਰਾਏ ਖੁਦ ਚਲਾਉਂਦਾ ਸੀ। ਪਰ ਹਾਲੇ ਵੀ ਉਥੇ ਰਾਏ ਦੀਆਂ ਇਕਾ-ਦੁੱਕਾ ਪੁਰਾਣੀਆਂ ਪੁਸਤਕਾਂ ਮਿਲ ਸਕਦੀਆਂ ਸਨ।

ਮੈਂ ਦਿੱਲੀ ਤੋਂ ਰਾਜਧਾਨੀ ਐਕਸਪਰੈੱਸ ਦੀ ਟਿਕਟ ਕਟਾਈ ਤੇ ਹਾਵੜਾ ਜਾ ਉਤਰਿਆ. ਹੋਟਲ ਵਿਚ ਸਮਾਨ ਰੱਖ ਕੇ ਆਪਣੀ ਖੋਜੇ ਤੁਰ ਪਿਆ. ਪਤਾ ਲੱਗਾ ਕਿ ਰਾਏ ਦੇ ਕਾਪੀਰਾਈਟ ਬਾਰੇ ਕਲਕੱਤੇ ਤੋਂ ਚਲਾਏ ਜਾ ਰਹੇ ਮਿਨਰਵਾ ਪਬਲੀਕੇਸ਼ਨ ਦੇ ਮਾਲਕ ਮਿਸਟਰ ਮੁਖਰਜੀ ਹੀ ਦੱਸ ਸਕਦੇ ਹਨ, ਕਿਉਂਕਿ ਉਹ ਖੁਦ ਰੈਡੀਕਲ ਵਿਚਾਰਾਂ ਦੇ ਸਨ. ਉਹਨਾਂ ਕੋਲ ਜਾ ਕੇ ਮੈਂ ਉਹਨਾਂ ਵਲੋਂ ਪੇਸ਼ ਕੀਤੀ ਲਿਪਟਨ ਦੀ ਚਾਹ ਪੀਤੀ ਤੇ ਆਪਣੇ ਆਉਣ ਦਾ ਮਕਸਦ ਦਸਿਆ. ਉਹਨਾਂ ਮੈਨੂੰ ਇਤਲਾਹ ਦਿੱਤੀ ਕਿ ਐਮ ਐਨ ਰਾਏ ਆਪਣਾ ਸਾਰਾ ਕੁਝ, ਕਾਪੀਰਾਈਟ ਸਮੇਤ ਇਕ ਟਰੱਸਟ ਨੂੰ ਦੇ ਗਿਆ ਹੈ ਜਿਸ ਦਾ ਨਾਂਅ "ਇੰਡੀਅਨ ਰੈਨਸਾਂ ਇੰਸਟੀਚਿਊਟ" ਹੈ ਤੇ ਉਸ ਦਾ ਹੈੱਡਕੁਆਟਰ ਐਮ ਐਨ ਰਾਏ ਦੇ ਘਰ ਦੇਹਰਾਦੂਨ ਵਿਚ ਸਥਿਤ ਹੈ. ਨਾਲ ਹੀ ਇਹ ਵੀ ਪਤਾ ਲਗਾ ਕਿ ਉਹਦੇ ਚੇਅਰਮੈਨ ਵੀ. ਐਮ. ਤਾਰਕੁੰਡੇ ਹਨ ਜੋ ਕਿ ਹੁਣ ਹਿੰਦੁਸਤਾਨ ਦੇ ਸੇਵਾ-ਮੁਕਤ ਚੀਫ ਜਸਟਿਸ ਵਜੋਂ ਜਾਣੇ ਜਾਂਦੇ ਹਨ. ਬਾਕੀ ਦੇ ਕੰਮ ਨਿਪਟਾਉਂਦਾ, ਮੈਂ ਦਿੱਲੀ ਆ ਗਿਆ ਤੇ ਪਹੁੰਚਦਿਆਂ ਹੀ ਮੈਂ ਜਸਟਿਸ ਤਾਰਕੁੰਡੇ ਨੂੰ ਉਸ ਦੇ ਦੇਹਰਾਦੂਨ ਵਾਲੇ ਸਿਰਨਾਵੇਂ 'ਤੇ ਖਤ ਲਿਖਿਆ. ਤਾਰਕੁੰਡੇ ਦਿੱਲੀ ਵਿਚ ਰਹਿੰਦੇ ਸਨ ਪਰ ਖਤ ਮਿਲਦਿਆਂ ਹੀ ਉਹਨਾਂ ਨੇ ਦੋ ਵਿਅਕਤੀ ਮੇਰੇ ਨਾਲ ਮੀਟਿੰਗ ਕਰਕੇ ਅਗਲਾ ਪ੍ਰੋਗਰਾਮ ਤੈਅ ਕਰਨ ਲਈ ਭੇਜ ਦਿਤੇ. ਉਹਨਾਂ ਵਿਚ ਇਕ ਡਾ ਦਲਵੀ ਸਨ ਜੋ ਕਿ ਉਦੋਂ ਸਭ ਤੋਂ ਵੱਧ ਵਿਕਣ ਵਾਲੀ ਮਰਾਠੀ ਅਖਬਾਰ "ਲੋਕਮਤ" ਦੇ ਸੰਪਾਦਕ ਸਨ ਤੇ ਦੂਸਰੇ ਡਾ. ਆਰ. ਐਮ. ਪਾਲ, ਜੋ ਕਿ ਦਿੱਲੀ ਵਿਚ ਰਾਜਧਾਨੀ ਕਾਲਜ ਦੇ ਪ੍ਰਿੰਸੀਪਲ ਸਨ. (ਉਹਨਾਂ ਦੇ ਵੀ ਕਾਫੀ ਵਿਦਿਆਰਥੀ ਉਪਰਲੀਆਂ ਪੋਸਟਾਂ 'ਤੇ ਬਰਾਜਮਾਨ ਸਨ ਤੇ ਉਹਨਾਂ ਵਿਚੋਂ ਹੀ ਮੇਰੇ ਇਕ ਦੋਸਤ ਜੇ. ਵੀ. ਰਮਨ, ਜੋ ਕਈ ਸਾਲਾਂ ਤੀਕ ਰਾਸ਼ਟਰੀ ਖਬਰਾਂ ਟੈਲੀਵੀਯਨ ਤੋਂ ਰੋਜ਼ ਪੜ੍ਹਦਾ ਹੁੰਦਾ ਸੀ, ਤੇ ਮਗਰੋਂ ਉਹ ਵੀ ਰਾਜਧਾਨੀ ਕਾਲਜ ਦੇ ਹੀ ਟੀਚਰ ਲਗ ਗਏ ਸਨ)।

ਜਦੋਂ ਡਾ. ਦਲਵੀ ਤੇ ਡਾ. ਪਾਲ ਮੇਰੇ ਦਫਤਰ ਵਿਚ ਚਾਹ ਪੀ ਰਹੇ ਸਨ ਤਾਂ ਡਾ. ਪਾਲ ਤੋਂ ਆਪਣੀ ਗੱਲ ਰੋਕ ਨਾ ਹੋਈ ਤੇ ਕਹਿ ਹੀ ਦਿਤੀ. ਉਹ ਕਹਿੰਦੇ, "ਤੁਸੀਂ ਪ੍ਰਕਾਸ਼ਕ ਹੋ ਜਾਂ ਪਾਗਲ! ਅਜਕੱਲ ਐਮ ਐਨ ਰਾਏ ਦੇ ਕੋਲ ਦੀ ਤਾਂ ਹਵਾ ਵੀ ਨਹੀਂ ਲੰਘਦੀ ਤੇ ਤੁਸੀਂ ਉਹਨੂੰ ਪ੍ਰਕਾਸ਼ਤ ਕਰਨ ਦੇ ਸੁਪਨੇ ਲੈ ਰਹੇ ਹੋ!...ਕੌਣ ਪੜ੍ਹੇਗਾ ਅੱਜ ਦੇ ਯੁਗ ਵਿਚ ਉਹਨੂੰ?" "ਹਾਂ, ਮੈਂ ਪਾਗਲ ਹੀ ਹਾਂ ਜੋ ਆਪਣੇ ਪੈਸੇ ਖਰਚ ਕੇ ਉਹਦੀਆਂ ਸਾਰੀਆਂ ਕਿਤਾਬਾਂ ਪ੍ਰਕਾਸ਼ਤ ਕਰਨੀਆਂ ਚਾਹੁੰਦਾ ਹਾਂ।" ਮੈਂ ਉਹਨਾਂ ਨੂੰ ਆਪਣੀ ਗੱਲ ਹੋਰ ਜ਼ੋਰ ਤੇ ਜ਼ੋਰ ਨਾਲ ਜ਼ਾਹਰ ਕੀਤੀ।

ਖੈਰ, ਪਤਾ ਨਹੀਂ ਉਹਨਾਂ ਨੇ ਜਾ ਕੇ ਜਸਟਿਸ ਤਾਰਕੁੰਡੇ ਨੂੰ ਕੀ ਰਿਪੋ੍ਰਟ ਦਿਤੀ ਪਰ ਤੀਸਰੇ-ਚੌਥੇ ਦਿਨ ਉਹਨਾਂ ਦੇ ਪੀ. ਏ. ਦਾ ਫੋਨ ਆ ਗਿਆ. ਉਹ ਮੈਥੋਂ ਜਸਟਿਸ ਤਾਰਕੁੰਡੇ ਨਾਲ ਮੇਰੀ ਮੀਟਿੰਗ ਕਰਾਉਣ ਲਈ ਸਮਾਂ ਮੰਗ ਰਿਹਾ ਸੀ. ਖੈਰ, ਇਕ ਦਿਨ ਸਮਾਂ ਤੈਅ ਹੋ ਗਿਆ ਤੇ ਮੈਂ ਉਹਨਾਂ ਦੇ ਘਰ ਵਿਚ ਹੀ ਉਨ੍ਹਾਂ ਦੇ ਵਕੀਲੀ ਦਫਤਰ ਪਹੁੰਚ ਗਿਆ. ਉਹ ਉਦੋਂ ਦਿੱਲੀ ਦੇ ਇਕ ਵਧੀਆ ਇਲਾਕੇ 'ਫਰੈਂਡਜ਼ ਕਲੋਨੀ' ਵਿਚ ਰਹਿੰਦੇ ਸਨ। ਇਸ ਕਲੋਨੀ ਵਿਚ ਦਿੱਲੀ ਦੇ ਮੋਜ਼ਿਜ਼ ਲੋਕਾ ਦੇ ਘਰ ਸਨ, ਜਿਹਨਾਂ ਵਿਚ ਭਾਰਤ ਦੀ ਮਸ਼ਹੂਰ ਇਤਿਹਾਸਕਾਰ ਰੋਮੀਲਾ ਥਾਪਰ ਤੇ ਮਗਰੋਂ ਬਣੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਰਹਿੰਦੇ ਸਨ। ਥੋੜੀ ਦੇਰ ਵਿਚ ਹੀ ਇਸ ਫੈਸਲੇ ਵਿਚ ਹਿੱਸਾ ਲੈਣ ਲਈ ਕੁਝ ਹੋਰ ਲੋਕ ਵੀ ਆ ਗਏ. ਡਾ. ਪਾਲ ਵੀ ਇਸ ਮੀਟਿੰਗ ਵਿਚ ਸ਼ਾਮਲ ਸਨ। ਬਹੁਤ ਹੀ ਖੁਸ਼ਨੁਮਾ ਮਹੌਲ ਵਿਚ ਤੈਅ ਹੋ ਗਿਆ ਕਿ ਐਮ. ਐਨ. ਰਾਏ ਦੀਆਂ ਬਹੁ-ਚਰਚਿਤ ਪੁਸਤਕਾਂ ਵਿਚੋਂ ਬਾਰਾਂ ਪਹਿਲਾਂ ਪ੍ਰਕਾਸ਼ਤ ਕੀਤੀਆਂ ਜਾਣ।

(ਬਾਅਦ ਵਿਚ ਐਮ. ਐਨ. ਰਾਏ ਦੀਆਂ ਤੇ ਉਸ ਉਪਰ ਲਿਖੀਆਂ ਹੋਰ ਲੇਖਕਾਂ ਦੀਆਂ ਕਿਤਾਬਾਂ ਵੀ ਮੇਰੇ ਵਲੋਂ ਪ੍ਰਕਾਸ਼ਤ ਕੀਤੀਆਂ ਗਈਆਂ।)

ਮੈਂ ਆਪਣੇ ਦਫਤਰ ਵਾਪਸ ਆ ਕੇ ਉਹਨਾਂ ਦੇ ਪ੍ਰਕਾਸ਼ਨ 'ਤੇ ਕੰਮ ਕਰਨਾ ਸ਼ੁਰੂ ਕਰ ਦਿਤਾ। ਉਹਨਾਂ ਦਿਨਾਂ ਵਿਚ ਸਟੈਂਡਿੰਗ ਆਰਡਰ ਸਿਸਟਮ ਹੋਇਆ ਕਰਦਾ ਸੀ. ਯਾਨੀ ਕਿ ਹਿੰਦੁਸਤਾਨ ਭਰ ਦੇ ਵਧੀਆ ਬੁੱਕਸੈਲਰਜ਼ ਨੂੰ ਉਹਨਾਂ ਦੀ ਲੋੜ ਮੁਤਾਬਕ ਕੁਝ-ਕੁਝ ਕਾਪੀਆਂ ਭੇਜ ਦਿਤੀਆਂ ਜਾਂਦੀਆਂ ਸਨ. ਦਿੱਲੀ ਵਿਚ ਵੀ ਕਾਫੀ ਗਿਣਤੀ ਵਿਚ ਪਸਤਕਾਂ ਖਪ ਜਾਇਆ ਕਰਦੀਆਂ ਸਨ. ਇਸ ਤਰੀਕੇ ਸਾਰਾ ਹਿੰਦੁਸਤਾਨ ਹੀ ਮੇਰੀ ਗ੍ਰਿਫਤ ਵਿਚ ਸੀ. ਹਰ ਸ਼ਹਿਰ ਦੇ ਨਾਮੀ-ਗ੍ਰਾਮੀ ਬੁੱਕਸੈਲਰਜ਼ ਮੇਰੀ ਲਿਸਟ ਵਿਚ ਆ ਚੁੱਕੇ ਸਨ. ਬੰਬਈ, ਪੂਨਾ, ਕਲਕੱਤਾ, ਮਦਰਾਸ, ਹੈਦਰਾਬਾਦ, ਗੁਹਾਟੀ ਤੋਂ ਬਿਨਾਂ ਹੋਰ ਛੋਟੇ ਮੋਟੇ ਸ਼ਹਿਰ ਵੀ ਸ਼ਾਮਲ ਸਨ. ਬੰਗਲੌਰ, ਤ੍ਰਿਪੁਤੀ, ਮਦੁਰਾਈ, ਗੋਆ, ਹੁਬਲੀ, ਔਰੰਗਾਬਾਦ, ਨਾਗਪੁਰ, ਬੜੌਦਾ, ਅਹਿਮਦਾਬਾਦ, ਜੈਪੁਰ, ਜੋਧਪੁਰ, ਅਜਮੇਰ, ਚੰਡੀਗੜ੍ਹ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਸ੍ਰੀਨਗਰ, ਜੰਮੂ - ਯਾਨੀ ਕਿ ਜੋ ਵੀ ਕਿਤਾਬ ਮੈਂ ਪ੍ਰਕਾਸ਼ਿਤ ਕਰਦਾ ਉਹ ਸਾਰੇ ਭਾਰਤ ਵਿਚ ਫੈਲ ਜਾਂਦੀ. ਮਗਰੋਂ ਇਹ ਅਮਰੀਕਾ, ਇੰਗਲੈਂਡ ਆਦਿ ਵੀ ਪਹੁੰਚਣ ਲੱਗ ਪਈ. ਤੇ ਸਾਰੇ ਸੰਸਾਰ ਵਿਚ ਲੋਕੀਂ ਮੈਨੂੰ ਜਾਣਨ ਲੱਗ ਪਏ. ਮੈਂ ਐਮ ਐਨ ਰਾਏ ਦੀਆਂ ਪਹਿ-ਲੀਆਂ ਕਿਤਾਬਾਂ ਆਫਸੈਟ ਪ੍ਰਸੈਸ ਰਾਹੀਂ ਛਾਪ ਕੇ ਪ੍ਰਕਾਸ਼ਤ ਕੀਤੀਆਂ. ਇਸ ਦਾ ਕਾਰਨ ਇਹ ਵੀ ਸੀ ਕਿ ਮੈਂ ਸੋਚਿਆ ਕਿ ਜੇ ਕੰਪੋਜ਼ ਕਰਾਵਾਂਗਾ ਤਾਂ ਲੋਕ ਜਾਂ ਪਾਠਕ ਦੇ ਮਨ ਵਿਚ ਇਹ ਖਦਸ਼ਾ ਹੋ ਸਕਦਾ ਕਿ ਇਹਨਾਂ ਵਿਚ ਸੰਪਾਦਕੀ ਕੀਤੀ ਗਈ ਹੈ।

ਪੂਰੇ ਭਾਰਤ ਤੇ ਬਾਹਰਲੇ ਦੇਸ਼ਾਂ ਵਿਚ ਵੀ ਤਰਥੱਲੀ ਪੈ ਗਈ ਕਿਉਂਕਿ ਅਖ਼ਬਾਰਾਂ ਵਿਚ ਇਸ ਬਾਰੇ ਖੂਬ ਚਰਚਾ ਹੋਣੀ ਸ਼ੁਰੂ ਹੋ ਗਈ ਸੀ। "ਹਿੰਦੁਸਤਾਨ ਟਾਈਮਜ਼", "ਟਾਈਮਜ਼ ਔਫ ਇੰਡੀਆ", "ਇੰਡੀਅਨ ਐਕਸਪ੍ਰੈਸ", "ਦੀ ਟ੍ਰਿਬਿਊਨ", "ਪੈਟਰੀਔਟ" ਤੇ ਹੋਰ ਬਹੁਤ ਸਾਰੀਆਂ ਅਖ਼ਬਾਰਾਂ ਤੇ ਮੈਗਜ਼ੀਨਾਂ ਜਿਵੇਂ ਕਿ "ਸੰਡੇ", "ਇੰਡੀਆ ਟੂਡੇ", "ਇਕਨੌਮਿਕ ਐਂਡ ਪੁਲੀਟੀਕਲ ਵੀਕਲੀ", ਇਹਨਾਂ ਸਭ ਵਿਚ ਤਾਂ ਐਮ ਐਨ ਰਾਇ ਦੀਆਂ ਕਿਤਾਬਾਂ ਦੇ ਚਰਚੇ ਹੋ ਹੀ ਰਹੇ ਸਨ. ਇਹਨਾਂ ਵਿਚੋਂ ਕਾਫੀ ਲੋਕਾਂ ਤੀਕ ਮੈਂ ਆਪਣੇ ਵਲੋਂ ਦਿੱਤੇ ਜਾਂਦੇ ਕਿਤਾਬਾਂ ਦੇ ਇਸ਼ਤਿਹਾਰਾਂ ਕਰਕੇ ਵੀ ਪਹੁੰਚਿਆ. ਕੁਮਿਊਨਸਟ ਪਾਰਟੀ ਦੇ 'ਧਾਰਮਿਕ' ਰਵੱਈਏ ਤੇ ਇਹਨਾਂ ਲਿਖਤਾਂ ਦੇ ਨਾ-ਉਪਲੱਬਧ ਹੋਣ ਕਰਕੇ ਵੀ ਐਮ ਐਨ ਰਾਏ ਨੂੰ ਡੈੱਡ ਹੀ ਸਮਝਿਆ ਜਾ ਰਿਹਾ ਸੀ. ਮੇਰੇ ਮਨ ਵਿਚ ਚੰਡੀਗੜ੍ਹ ਹੀ ਸਵਾਲੀਆ ਨਿਸ਼ਾਨ ਪੈਦਾ ਹੋ ਗਿਆ ਸੀ ਕਿ ਜਿਸ ਨੂੰ ਕਮਿਊਨਿਸਟ ਲੜਾਈ ਦਾ ਮੋਢੀ ਲੈਨਿਨ ਜ਼ਾਤੀ ਸੱਦੇ-ਪਤਰ 'ਤੇ ਮਾਸਕੋ ਆਉਣ ਲਈ ਸੱਦਦਾ ਹੈ ਤਾਂ ਉਹ ਕੋਈ ਮਾਮੂਲੀ ਦਿਮਾਗ ਤਾਂ ਨਹੀਂ ਹੋਵੇਗਾ. ਅਸਲ ਵਿਚ ਲੈਨਿਨ ਨੇ ਰੂਸੀ ਇਨਕਲਾਬ ਤੋਂ ਬਾਅਦ ਸੰਸਾਰਕ ਨਕਸ਼ੇ 'ਤੇ ਫੈਲਣ ਦੇ ਢੰਗਾਂ ਦੀ ਯੋਯਨਾ ਬਣਾਈ ਜਿਸ ਵਿਚ ਭਾਰਤ ਨੂੰ ਵੀ ਉਸੇ ਸੂਈ ਵਿਚ ਪਰੋਣ ਦੀ ਸੋਚੀ ਪਰ ਰਾਏ ਨੇ ਲੈਨਿਨ ਦੇ ਤਿਆਰ ਕੀਤੇ ਥੀਸਸ ਵਿਚੋਂ ਕਈ ਗੱਲਾਂ 'ਤੇ ਇਤਰਾਜ਼ ਕੀਤਾ ਤੇ ਸਭ ਤੋਂ ਵੱਡਾ ਸੀ ਉਸ ਵਿਚੋਂ ਧਰਮ ਦਾ ਮਨਫੀ ਹੋਣਾ।

ਰਾਏ ਦੀ ਸੋਚ ਇਹ ਸੀ ਕਿ ਭਾਰਤ ਦੇ ਲੋਕਾਂ ਦੇ ਮਨਾਂ ਵਿਚ ਧਰਮ ਰੂਹ ਵਾਂਗ ਵਸਿਆ ਹੋਇਆ ਹੈ. ਇਹਦੇ ਬਾਰੇ ਨਿੱਗਰ ਵਿਵਾਦ ਕਰਕੇ ਸਮਝਾਉਣ ਬਿਨਾਂ ਲੋਕਾਂ ਦੇ ਮਨਾਂ ਵਿਚ ਧਰਮ-ਰਹਿਤ ਸਮਾਜ ਦੀ ਸਥਾਪਨਾ ਔਖੀ ਹੈ. ਤੇ ਲੈਨਿਨ ਚਾਹੁੰਦਾ ਸੀ ਕਿ ਰਾਏ ਮਾਸਕੋ ਜਾ ਕੇ ਉਸ ਨੂੰ ਹਾਲਤ ਤੋਂ ਜਾਣੂ ਕਰਾਵਾਵੇ ਤੇ ਉਸ ਵੇਲੇ ਲੈਨਿਨ ਨੇ ਸਾਰੀ ਗੱਲ ਸਮਝਣ ਬਾਅਦ ਉਸ ਨੂੰ ਕੌਮਾਂਤਰਨ ਵਿਚ ਸ਼ਾਮਲ ਹੋਣ ਲਈ ਸੱਦਾ ਵੀ ਦਿਤਾ।

ਪੁਸਤਕਾਂ ਦੇ ਛਪਦੇ ਹੀ ਮੈਂ ਦੇਖਿਆ ਕਿ ਬਹੁਤ ਸਾਰੇ ਟੀਚਰਾਂ ਨੇ ਆਪਣੇ ਵਿਦਿਆਰਥੀਆਂ ਨੂੰ ਰਾਏ ਦੀਆਂ ਕਿਤਾਬਾਂ ਦੇ ਵੱਖ ਵੱਖ ਪਹਿਲੂ ਲੈ ਕੇ ਪੀ ਐਚ ਡੀ ਕਰਵਾਉਣੀਆਂ ਸ਼ੁਰੂ ਕਰ ਦਿਤੀਆਂ. ਹਿੰਦੁਸਤਾਨ ਦੇ ਮਸ਼ਹੂਰ ਥਿੰਕਰ ਪ੍ਰੋ ਰਜਨੀ ਕੁਠਾਰੀ (ਜੋ ਮੇਰੇ ਜ਼ਾਤੀ ਦੋਸਤ ਵੀ ਸਨ), ਨੇ ਮੈਨੂੰ ਕਿਤਾਬਾਂ ਦਾ ਇਕ ਸੈੱਟ ਭੇਜਣ ਲਈ ਕਿਹਾ ਕਿਉਂਕਿ ਉਹ ਉਸ ਬਾਰੇ ਲਿਖਣਾ ਚਾਹੁੰਦੇ ਸਨ ਤੇ ਬਾਅਦ ਵਿਚ ਲਿਖਿਆ ਵੀ। ਉਂਜ ਤਾਂ ਤਾਰਕੁੰਡੇ ਤੇ ਮੈਂ ਲਗਾਤਾਰ ਮਿਲਦੇ ਰਹਿੰਦੇ. ਉਹ ਮੇਰੇ ਫੰਕਸ਼ਨਾਂ ਦਾ ਉਦਘਾਟਨ ਕਰਨ ਵੀ ਆਉਂਦੇ ਤੇ ਪੁਸਤਕਾਂ ਰਿਲੀਜ਼ ਕਰਨ ਵੀ. ਮੈਂ ਉਹਨਾਂ ਦੇ ਘਰ ਵੀ ਜਾਂਦਾ। ਜਿਵੇਂ ਹੀ ਰਾਏ ਦੇ ਵਿਚਾਰਾਂ ਦੀ ਚਰਚਾ ਮੇਰੇ ਵਲੋਂ ਦੁਬਾਰਾ ਕਿਤਾਬਾਂ ਛਾਪਣ ਕਾਰਨ ਹੋਈ, ਅਸੀਂ ਇਕ ਦੂਜੇ ਦੇ ਹੋਰ ਵੀ ਨੇੜੇ ਹੁੰਦੇ ਗਏ ਕਿਉਂਕਿ ਇਹਨਾਂ ਕਿਤਾਬਾਂ ਦੇ ਪ੍ਰਕਾਸ਼ਿਤ ਹੋਣ ਕਾਰਣ ਰਾਇ ਵੀ ਮੁੜ ਤੋਂ ਜਿੰਦਾ ਹੋ ਗਿਆ ਸੀ. ਉਹਨਾਂ ਦੇ ਘਰ ਕਿਸੇ ਨੇ ਵੀ ਆਉਣਾ ਹੁੰਦਾ, ਕੋਈ ਪਾਰਟੀ ਹੁੰਦੀ, ਮੈਂ ਘਰ ਦੇ ਮੈਂਬਰਾਂ ਵਾਂਗ ਹਾਜ਼ਰ ਰਹਿੰਦਾ।

ਉਥੇ ਹੀ ਬਹੁਤ ਸਾਰੇ ਸਿਰਕੱਢ ਵਿਅਕਤੀਆਂ ਨਾਲ ਮੁਲਾਕਾਤਾਂ ਵੀ ਹੁੰਦੀਆਂ। "ਇੰਡੀਅਨ ਐਕਪ੍ਰੈਸ" ਤੇ "ਹਿੰਦਸਤਾਨ ਟਾਈਮਜ਼" ਦੇ ਖੋਜੀ ਪਤਰਕਾਰ ਜੋ ਚਰਚਾ ਵਿਚ ਸਨ, ਉਹਨਾਂ 'ਚੋਂ ਵੀ ਕਈਆਂ ਨਾਲ ਉਥੇ ਹੀ ਮੁਲਾਕਾਤ ਹੋਈ। ਉਥੇ ਹੀ ਖੋਜੀ ਪਤਤਰਕਾਰ ਅਰੁਣ ਸ਼ੋਰੀ ਨਾਲ ਜਦ ਮੇਰੀ ਪਹਿਲੀ ਮੁਲਾਕਾਤ ਹੋਈ ਤਾਂ ਮੈਂ ਉਨ੍ਹਾਂ ਨਲ ਆਪਣੇ ਆਪ ਦਾ ਤੁਆਰਫ ਕਰਾਉਣ ਲੱਗਾ। ਉਹਨਾਂ ਮੇਰੀ ਗੱਲ ਨੂੰ ਵਿਚੇ ਝੱਪਟਦਿਆਂ ਕਿਹਾ, "ਮੈਂ ਜਾਣਦਾਂ ਤੁਹਾਨੂੰ!" ਉਹਨਾਂ ਮੇਰੇ ਬਾਰੇ ਕਈ ਗੱਲਾਂ ਦੱਸੀਆਂ। ਮੈਂ ਹੈਰਾਨ ਰਹਿ ਗਿਆ ਕਿ ਮੇਰੇ ਜਿਹੇ ਇਕ ਅਦਨੇ ਜਿਹੇ ਵਿਅਕਤੀ ਦੀ ਜਾਣਕਾਰੀ ਉਸ ਵਿਦਵਾਨ ਪੱਤਰਕਾਰ ਕੋਲ ਵਧੇਰੇ ਸੀ। ਪ੍ਰੋ ਰਜਨੀ ਕੁਠਾਰੀ ਦੇ ਰਾਏ ਬਾਰੇ ਲੇਖ ਨੇ ਵੀ ਲੋਕਾਂ ਧਿਆਨ ਖਿਚਿਆ।

ਪਰ ਤਾਰਕੁੰਡੇ ਦੇ ਸਾਥੀ ਨੌਜਵਾਨ ਪੀੜ੍ਹੀ ਨੂੰ ਔਰਗੇਨਾਈਜ਼ਡ ਤਰੀਕੇ ਨਾਲ ਆਪਣੇ ਨਾਲ ਨਾ ਜੋੜ ਸਕੇ ਤੇ ਬਾਕੀ ਮਰ ਰਹੀਆਂ ਪਾਰਟੀਆਂ ਤੇ ਵਿਚਾਰਾਂ ਦੇ ਨਾਲ ਨਾਲ ਐਮ ਐਨ ਰਾਏ ਦੀ ਸੋਚ ਦਾ ਵੀ ਘਾਣ ਹੋਣ ਲੱਗਾ।



ਚੀਫ ਜਸਟਿਸ ਵੀ ਐਮ ਤਾਰਕੁੰਡੇ

ਜਦੋਂ ਕੇਂਦਰ ਵਿਚ ਤਾਰਕੁੰਡੇ ਦੇ ਸਾਥੀਆਂ ਦੀ ਹਕੂਮਤ ਆਈ ਤਾਂ ਦਿੱਲੀ ਵਿਚ ਚਰਚਾ ਸੀ ਕਿ ਉਹਨਾਂ ਦੀ ਗੱਲ ਕੋਈ ਨਹੀਂ ਮੋੜਦਾ ਤੇ ਕੁਰਸੀਆਂ ਦੇ ਲਾਲਚੀ ਤੇ ਦੂਜੇ ਨੂੰ ਪੌੜੀ ਬਣਾ ਕੇ ਅਗਾਂਹ ਚੜ੍ਹਨ ਵਾਲੇ ਕਈ ਵਿਅਕਤੀ ਮੇਰੇ ਕੋਲ ਆਉਂਦੇ ਕਿ ਮੈਂ ਉਹਨਾਂ ਨੂੰ ਤਾਰਕੁੰਡੇ ਨਾਲ ਮਿਲਾ ਦੇਵਾਂ। ਪਰ ਤਾਰਕੁੰਡੇ ਇਕ ਸੱਚੇ-ਸੁੱਚੇ ਇਨਸਾਨ ਸਨ ਤੇ ਲੱਗ-ਲਬੇੜ ਵਿਚ ਨਹੀਂ ਸਨ ਆਉਂਦੇ। ਜੋ ਸਹੀ ਹੁੰਦਾ ਉਹੀ ਕਰਦੇ। ਇਹੀ ਉਹਨਾਂ ਦੀ ਪਰਵਰਿਸ਼ ਤੇ ਸੰਸਕਾਰਾਂ ਦਾ ਹਿੱਸਾ ਵੀ ਸੀ। ਮੈਨੂੰ ਉਦੋਂ ਹੀ ਪਤਾ ਲੱਗਾ ਸੀ ਕਿ ਤਾਰਕੁੰਡੇ ਦੇ ਪਿਤਾ ਬ੍ਰਾਹਮਣ ਹੁੰਦਿਆਂ ਵੀ ਜਾਤ-ਪਾਤ ਦੇ ਖਿਲਾਫ ਤੇ ਹੋਰ ਸਮਾਜਕ ਊਚ-ਨੀਚ ਲਈ ਲੜਦੇ ਰਹੇ। ਤੇ ਹਰ ਸਮੇਂ ਗਰੀਬਾਂ ਤੇ ਹੋਰ ਨਿਮਨ-ਜ਼ਾਤਾਂ ਦੇ ਲੋਕਾਂ ਦੀ ਮੱਦਦ ਕਰਦੇ ਰਹੇ।

ਜਸਟਿਸ ਤਾਰਕੁੰਡੇ ਨੇ ਵਕਾਲਤ ਵਿਚ ਤਾਂ ਆਪਣੀ ਥਾਂ ਬਣਾਈ ਹੀ ਸੀ ਪਰ ਰਾਜਨੀਤੀ ਵਿਚ ਵੀ ਸੱਚ ਨੂੰ ਨੰਗਿਆਂ ਕਰਨ ਦਾ ਹੀਆ ਰੱਖਦੇ ਸਨ। ਇੰਦਰਾ ਗਾਂਧੀ ਦੇ ਕਤਲ ਮਗਰੋਂ ਸਿੱਖਾਂ ਦੇ ਖਿਲਾਫ ਦੰਗਿਆਂ ਦਾ ਹਿਸਾਬ-ਕਿਤਾਬ ਜੋ ਉਹਨਾਂ ਆਪਣੀ ਰਿਪ੍ਰੋਟ ਵਿਚ ਦਰਜ ਕੀਤਾ ਉਹ ਅੱਖਾਂ ਖੋਹਲਦਾ ਹੈ। ਜੇ ਉਹ ਇਹ ਹਿੰਮਤ ਨਾ ਕਰਦੇ ਤਾਂ ਇਸ ਘੱਲੂਘਾਰੇ ਦੀ ਪੂਰੀ ਜਾਣਕਾਰੀ ਤੋਂ ਲੋਕ ਵਾਂਝੇ ਹੀ ਰਹਿ ਜਾਂਦੇ। ਉਂਜ ਤਾਂ ਮੈਂ ਵੀ ਦਿੱਲੀ ਵਿਚ ਇਹਨਾਂ ਦੰਗਿਆਂ ਦੀ ਲਪੇਟ ਦਾ ਸੇਕ ਝੱਲ ਰਿਹਾ ਸੀ। ਜਦੋਂ ਕਦੇ ਵੀ ਘਰੋਂ ਬਾਹਰ ਨਿਕਲ ਸਕਿਆ ਤਾਂ ਮਨ ਨੂੰ ਸੁੰਨ ਕਰਨ ਵਾਲੇ ਦ੍ਰਿਸ਼ ਦੇਖੇ ਜਿਹੜੇ ਇਨਸਾਨੀਅਤ ਉਪਰ ਲਾਹਨਤਾਂ ਪਾਉਂਦੇ ਸਨ। ਉਦੋਂ ਹੀ ਮੈਂ ਅਸ਼ੀਸ਼ ਨੰਦੀ ਨੂੰ ਵੀ ਆਪਣੇ ਸਾਥੀਆਂ ਨਾਲ ਕਈ ਇਲਾਕਿਆਂ ਵਿਚ ਘੁੰਮਦੇ, ਤੇ ਇਸ ਸਭ ਕਾਸੇ ਦਾ ਜਾਇਜ਼ਾ ਲੈਂਦਿਆਂ ਦੇਖਿਆ।

ਇਕ ਪਾਸੇ ਲੋਕ ਸਿੱਖਾਂ ਦੇ ਕਤਲੇਆਮ ਵਿਚ ਲੱਗੇ ਹੋਏ ਸਨ। ਉਹਨਾਂ ਨੂੰ ਲੱਭ ਲੱਭ ਕੇ ਤੇ ਦੁੜਾ-ਦੁੜਾ ਕੇ, ਥਕਾ ਥਕਾ ਕੇ ਮਾਰ ਰਹੇ ਸਨ ਤੇ ਉਥੇ ਹੀ ਦੂਜੇ ਪਾਸੇ ਈਏਸ ਇਤਿਹਾਸਿਕ ਲੁੱਟ ਵਿਚ ਬੇਸ਼ੁਮਾਰ ਲੋਕ ਲੁਟਮਾਰ ਵਿਚ ਮਸਰੂਫ ਸਨ। ਇਸ ਘੱਲੂਘਾਰੇ ਵਿਚ ਹੋਰ ਵੀ ਬਹੁਤ ਕੁਝ ਲੁੱਟਿਆ ਗਿਆ ਪਰ ਰੰਗਦਾਰ ਟੀ.ਵੀ. ਤੇ ਵੀ. ਸੀ. ਆਰ. ਸਭ ਤੋਂ ਵੱਧ ਸਨ। ਵੀ. ਸੀ. ਆਰ. ਤੇ ਟੀ. ਵੀ. ਹੁਣ ਦਿੱਲੀ ਦੀਆਂ ਸੜਕਾਂ 'ਤੇ ਪੰਜ ਪੰਜ ਸੌ ਵਿਚ ਹੋਕਾ ਦੇ ਕੇ ਵਿਕ ਰਿਹਾ ਸੀ।

ਕੁਝ ਸਮਾਂ ਹੀ ਪਹਿਲਾਂ ਇੰਦਰਾ ਗਾਂਧੀ ਨੇ ਐਲਾਨ ਕੀਤਾ ਸੀ ਕਿ ਦੇਸ਼ ਵਿਚ ਪੰਜ ਸੌ ਟੈਲੀਵੀਯਨ ਕੇਂਦਰ ਇਕ ਸਾਲ ਵਿਚ ਹੀ ਖੋਹਲ ਦਿਤੇ ਜਾਣਗੇ ਜਿਸ ਦਾ ਮਤਲਬ ਸੀ ਕਿ ਡੇਢ ਸਟੇਸ਼ਨ ਹਰ ਰੋਜ਼. ਇਸ ਮੁਹਿੰਮ ਵਿਚ ਉਹ ਖੁਦ ਦਿਲਚਸਪੀ ਲੈ ਰਹੇ ਸੀ ਤੇ ਇਸ ਦਾ ਮਕਸਦ ਆਉਣ ਵਾਲੀਆਂ ਚੋਣਾਂ ਸਨ. ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਹਨਾਂ ਦੀ ਮੌਤ ਤੇ ਉਸ ਮਗਰੋਂ ਵਾਪਰਿਆ ਘੱਲੂਘਾਰਾ ਲੋਕਾਂ ਤੀਕ ਦਿਖਾਉਣ ਵਿਚ ਵੀ ਇਹੀ ਟੈਲੀਵੀਯਨ ਕੰਮ ਆਵੇਗਾ।

ਇਥੇ ਹੀ ਇਕ ਟਿੱਪਣੀ ਉਸ ਵਰਕਰ ਦੀ ਵੀ ਬਹੁਤ ਦਿਲਚਸਪ ਹੈ, ਜਿਹੜਾ ਉਸ ਪ੍ਰੈਸ ਵਿਚ ਕੰਮ ਕਰਦਾ ਸੀ ਜਿਥੇ ਮੇਰਾ ਕੰਮ ਛਪਦਾ ਹੁੰਦਾ ਸੀ, "ਸਭ ਤੋਂ ਵੱਧ ਲੁਟਮਾਰ ਕਾਂਗਰਸ ਦੇ ਵਰਕਰਾਂ ਨੇ ਕੀਤੀ ਤੇ ਘਰ ਘਰ ਟੈਲੀਵੀਯਨ ਭਰ ਦਿਤੇ ਪਰ ਮਸਲਾ ਸੀ ਕਿ ਹੁਣ ਇਸ ਦਾ ਲਾਇਸੰਸ ਕਿਥੋਂ ਆਏਗਾ... ਕਿਉਂਕਿ ਲਾਇਸੰਸ ਲਈ ਰਸੀਦ ਚਾਹੀਦੀ ਹੁੰਦੀ ਹੈ।" ਇਸ ਟਿੱਪਣੀ ਦੇ ਜਵਾਬ ਵਿਚ ਉਸ ਦੇ ਹੀ ਇਕ ਹੋਰ ਸਹਿਕਾਮੇ ਨੇ ਟਿਪੱਣੀ ਕੀਤੀ, "ਜੇ ਕਾਂਗਰਸ ਨੇ ਟੈਲੀਵੀਯਨ ਲੁਟਵਾਏ ਤਾਂ ਕਾਂਗਰਸ ਨੇ ਹੀ ਏਹਦਾ ਹੱਲ ਵੀ ਲੱਭ ਲਿਆ।" ਹੱਲ ਇਹ ਸੀ ਕਿ ਉਨ੍ਹਾਂ ਦਿਨਾਂ ਵਿਚ ਇਕ ਕਾਨੂੰਨ ਪਾਸ ਕਰ ਦਿੱਤਾ ਗਿਆ ਜਿਸ ਨਾਲ ਟੈਲੀਵੀਯਨ ਤੇ ਰੇਡੀਓ ਦੇ ਲਾਇਸੰਸ ਹੀ ਖਤਮ ਕਰ ਦਿੱਤੇ ਗਏ। ਤਾਰਕੁੰਡੇ ਜਦ ਤੀਕ ਫਰੈਂਡਜ਼ ਕਲੋਨੀ ਰਹੇ ਤਾਂ ਉਨ੍ਹਾਂ ਨਾਲ ਮੇਰੀਆਂ ਮੁਲਾਕਾਤਾਂ ਲਗਾਤਾਰ ਹੁੰਦੀਆਂ ਰਹੀਆਂ ਪਰ ਫਿਰ ਜਦੋਂ ਉਹ ਨੋਇਡਾ ਚਲੇ ਗਏ ਤਾਂ ਇਹ ਸਿਲਸਿਲਾ ਕੁਝ ਘਟ ਤਾਂ ਗਿਆ ਪਰ ਉਹ ਹਮੇਸ਼ਾ ਰਹੇ ਮੇਰੇ ਦਿਲ ਦੇ ਕੋਲ ਕੋਲ ਹੀ ਪਰ ਹੁਣ ਮੁਲਾਕਾਤਾਂ ਆਵਾਜਾਈ ਦੀ ਥਾਂ ਟੈਲੀਫੋਨ ਰਾਹੀਂ ਹੋਣ ਲੱਗੀਆਂ ਸਨ। ਉਹਨਾਂ ਦੇ ਕੰਮਾਂ ਦੀ ਲਿਸਟ ਬਣਾਉਣ ਲੱਗੀਏ ਤਾਂ ਬਹੁਤ ਲੰਮੀ ਹੈ ਪਰ ਇਕ ਗੱਲ ਪੱਕੀ ਹੈ ਕਿ ਜਸਟਿਸ ਤਾਰਕੁੰਡੇ ਮੈਨੂੰ ਹਮੇਸ਼ਾ ਇਮਾਨਦਾਰੀ ਦੇ ਹਿੰਮਤ ਦੇ ਪ੍ਰਤੀਕ ਲੱਗੇ ਹਨ ਤੇ ਮੈਂ ਉਹਨਾਂ ਦੇ ਅੰਤਿਮ ਸਫਰ ਤਕ ਉਹਨਾਂ ਦੇ ਸਾਥ ਦਾ ਨਿੱਘ ਮਾਣਿਆ। ਸ਼ਾਇਦ ਉਹ ਮਾਵਾਂ ਵੱਖਰੀਆਂ ਹੀ ਹੁੰਦੀਆਂ ਹੋਣਗੀਆਂ ਜਿਹਨਾਂ ਦੀਆਂ ਕੁੱਖਾਂ ਰਾਹੀਂ ਤਾਰਕੁੰਡੇ ਵਰਗੇ ਯੋਧਿਆਂ ਦਾ ਜਨਮ ਹੁੰਦਾ ਹੈ। **ਮੈਨੂੰ ਉਹਨਾਂ ਦੇ ਸਾਥ ਦੇ ਨਿੱਘ ਦਾ ਮਾਣ ਹੈ ਤੇ ਸਦਾ ਰਹੇਗਾ।**

# ਔਕਾਤੋਂ ਬਾਹਰ ਦੇ ਸੁਪਨੇ



ਮਿੰਟੂ ਬਰਾੜ ਐਡੀਲੇਡ
+61 434 289 905

ਹਰ ਇਨਸਾਨ ਵਾਂਗ ਮੈਨੂੰ ਵੀ ਮੇਰੇ ਬਾਪ ਦੀ ਇਕ ਗੱਲ ਜੋ ਅਕਸਰ ਉਹ ਕਿਹਾ ਕਰਦੇ ਸਨ, ਹੁਣ ਉਨ੍ਹਾਂ ਦੇ ਤੁਰ ਜਾਣ ਬਾਅਦ ਥੋੜ੍ਹੀ-ਥੋੜ੍ਹੀ ਪੱਲੇ ਪੈਣ ਲੱਗੀ ਹੈ। ਉਸ ਵਕਤ ਉਨ੍ਹਾਂ ਵੱਲੋਂ ਮਿਲਦੀਆਂ ਅਣਗਿਣਤ ਨਸੀਹਤਾਂ ਨੂੰ ਉਨ੍ਹਾਂ ਦੀ ਟੋਕਾ-ਟਾਕੀ ਸਮਝ ਕੇ ਅਣਗੌਲਿਆਂ ਕਰਦੇ ਰਹੇ। ਪਰ ਹੁਣ ਜਦੋਂ ਆਪ ਉਮਰ ਦੇ ਓਸ ਪੜਾ ਤੇ ਪਹੁੰਚੇ ਹਾਂ ਤਾਂ ਉਨ੍ਹਾਂ ਟੋਕਾ-ਟਾਕੀਆਂ ਨੂੰ ਯਾਦ ਕਰ ਕੇ ਉਨ੍ਹਾਂ ਵਿਚੋਂ ਨਸੀਹਤਾਂ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਪਰ 'ਵਕਤੋਂ ਖੁੰਝੀ ਡੂਮਣੀ' ਔਖੀ ਹੀ ਰਾਹ ਪੈਂਦੀ ਹੈ। ਅਕਸਰ ਪਾਪਾ ਜੀ ਕਿਹਾ ਕਰਦੇ ਸਨ ਕਿ ਸੁਪਨੇ ਵੀ ਔਕਾਤ 'ਚ ਰਹਿ ਕੇ ਲਏ ਜਾਣ ਤਾਂ ਜੀਵਨ ਸੁਖਾਲਾ ਰਹਿੰਦਾ ਹੈ। ਪਰ ਮੇਰੇ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਵਕਤ ਕਪਿਲ ਦੇਵ ਟੀ.ਵੀ. ਤੇ ਇਕ ਮਸ਼ਹੂਰੀ ਕਰਦੇ ਹੁੰਦੇ ਸਨ ਜਿਸ ਵਿਚ ਉਹ ਕਹਿੰਦੇ ਹੁੰਦੇ ਸਨ "ਸੋਚੋ ਤੋ ਬੜਾ ਸੋਚੋ।'' ਬੱਸ ਇਹ ਚਾਰ ਅੱਖਰ ਉਨ੍ਹਾਂ ਨੂੰ ਸੁਣਾ ਕੇ ਉਨ੍ਹਾਂ ਵੱਲੋਂ ਮਿਲੀ ਨਸੀਹਤ ਨੂੰ ਟੋਕਾ-ਟਾਕੀ ਦਾ ਰੁਤਬਾ ਦੇਣ ਦੀ ਕੋਸ਼ਿਸ਼ ਕਰ ਲਈਦੀ ਸੀ। ਇਕ ਹੱਡਬੀਤੀ ਸੁਣੋ ਤੇ ਫੇਰ ਫ਼ੈਸਲਾ ਤੁਸੀ ਆਪ ਕਰ ਲਿਉ ਬਾਪੂ ਜੀ ਠੀਕ ਕਹਿੰਦੇ ਸੀ ਜਾਂ ਫੇਰ ਅਸੀਂ ਉਮਰੋਂ ਪਹਿਲਾਂ ਸਿਆਣੇ ਸੀ।

ਭਾਵੇਂ ਉਸ ਵਕਤ ਬਾਪ ਦੀਆਂ ਗੱਲਾਂ ਮੰਨਣ 'ਚ ਇਕ ਹਾਰ ਜਿਹੀ ਮਹਿਸੂਸ ਹੁੰਦੀ ਸੀ ਪਰ ਅੰਦਰ ਖਾਤੇ ਕਿਤੇ ਨਾ ਕਿਤੇ ਉਹ ਨਸੀਹਤਾਂ ਆਪਣੇ ਦਾਇਰੇ ਬਣਾ ਰਹੀਆਂ ਸਨ। ਮਸਲਨ ਵਿਦੇਸ਼ ਆਏ ਪਰ ਕਦੇ ਵੱਡੀ ਕਾਰ ਦਾ ਸੁਪਨਾ ਵੀ ਨਹੀਂ ਲਿਆ, ਬੱਸ ਦੇਖ ਕੇ ਖ਼ੁਸ਼ ਹੋ ਲਈਦਾ। ਜਿਹੜੀ ਚੀਜ਼ ਦਾ ਸੁਪਨਾ ਵੀ ਨਹੀਂ ਲੈਣਾ ਉਸ ਬਾਰੇ ਜਾਣਕਾਰੀ ਹੋਣਾ ਲਾਜ਼ਮੀ ਨਹੀਂ ਹੁੰਦਾ। ਸੋ ਇਕ ਦਿਨ ਮੇਰਾ ਪੁੱਤਰ ਕਿਸੇ ਗੱਲ ਤੇ ਕਹਿੰਦਾ ਕਿ ਮੈਂ ਤਾਂ ਲੈਂਬੋਰਗਿਨੀ ਲਵਾਂਗਾ। ਆਪਾਂ ਨੂੰ ਏਨਾ ਕੁ ਪਤਾ ਸੀ ਕਿ ਇਹ ਇਕ ਇਟਲੀ ਦੀ ਕੰਪਨੀ ਹੈ, ਜੋ ਮਸ਼ੀਨਰੀ ਬਣਾਉਂਦੀ ਹੈ। ਰੱਬ ਸਬਬੇ ਇਕ ਦਿਨ ਰਿਵਰਲੈਂਡ 'ਚ ਕਿਸੇ ਦੇ ਖੇਤ 'ਚ ਇਸ ਨਾਂ ਦਾ ਟਰੈਕਟਰ ਖੜਾ ਦੇਖਿਆ ਸੀ। ਮੈਂ ਸੋਚਿਆ ਵੀ ਲੈ ਮੁੰਡਾ ਤਾਂ ਤੇਰਾ ਦਾਦੇ ਦੀ ਸੋਚ ਵਾਲਾ ਹੀ ਹੈ, ਕਿ ਮਰਸੀਡੀਆਂ-ਬੀਮਰਾਂ ਨੂੰ ਛੱਡ ਆਹ ਨਵੀਂ ਜਿਹੀ ਕੰਪਨੀ ਦੀ ਕਾਰ ਹੀ ਲੈਣ ਦੇ ਸੁਪਨੇ ਲੈ ਰਿਹਾ ਹੈ। ਮੈਂ ਸੋਚਿਆ ਸ਼ਾਇਦ ਦਾਦੇ ਨੇ ਬਚਪਨ 'ਚ ਇਸ ਨੂੰ ਵੀ ਨਸੀਹਤਾਂ ਦੇ ਦਿੱਤੀਆਂ ਹੋਣੀਆਂ! ਕਿਉਂਕਿ ਮੇਰੀ ਸੋਚ ਮੁਤਾਬਿਕ, ਜਿਵੇਂ ਬਰਨਾਲੇ ਕੋਲ ਹੰਢਾਏ ਕੈਂਚੀਆਂ ਤੇ ਕੰਬਾਈਨਾਂ ਬਣਾਉਣ ਵਾਲੇ ਹੁਣ ਟਰੈਕਟਰ ਤੇ ਕਾਰਾਂ ਵੀ ਬਣਾ ਰਹੇ ਹਨ, ਸੋ ਉਹੋ ਜਿਹੀ ਕੋਈ ਗੱਲ ਹੋਣੀ ਹੈ।

ਆਪਾਂ ਵੀ ਬੜੇ ਹੌਸਲੇ ਨਾਲ ਕਹਿ ਦਿੱਤਾ, "ਕੋਈ ਨਾ ਪੁੱਤਰ ਲੈ ਲਵੀਂ ਇਹ ਕਾਰ। ਨਾਲੇ ਏਸ ਮੁਲਕ 'ਚ ਕਾਰ ਲੈਣੀ ਕੀ ਔਖੀ ਆ? ਦੋ ਮਹੀਨੇ ਦੱਬ ਕੇ ਕੰਮ ਕਰ ਲਵੀਂ।'' ਉਹ ਮੂਹਰੋਂ ਕਹਿੰਦਾ, "ਪਾਪਾ ਤੁਹਾਨੂੰ ਪਤਾ ਵੀ ਹੈ ਇਸ ਕਾਰ ਦਾ ? ਇਹਦੀ ਕੀਮਤ ਹਾਫ਼ ਮਿਲੀਅਨ ਤੋਂ ਸ਼ੁਰੂ ਹੁੰਦੀ।''

ਚਲੋ ਜੀ! ਉਸ ਦਿਨ ਤੋਂ ਮਨ ਦੇ ਕਿਸੇ ਕੋਨੇ 'ਚ ਇਸ ਕਾਰ ਨੂੰ ਦੇਖਣ ਦੀ ਜਿਗਿਆਸਾ ਜਿਹੀ ਜਾਗ ਪਈ। ਇਹ ਮਨਸਾ ਐਤਕੀਂ ਸਾਡੇ ਕੈਨੇਡਾ ਦੌਰੇ ਦੌਰਾਨ ਓਦੋਂ ਪੂਰੀ ਹੋਈ ਜਦੋਂ ਸਾਡੇ ਸਤਿਕਾਰਯੋਗ ਅੰਕਲ ਅਜਾਇਬ ਸਿੰਘ ਮਾਨ ਸਾਨੂੰ ਐਡਮਿੰਟਨ 'ਚ ਬਣੇ ਦੁਨੀਆ ਦੇ ਸਭ ਤੋਂ ਵੱਡੇ ਸ਼ਾਪਿੰਗ ਮਾਲ ਦਿਖਾਉਣ ਲਈ ਲੈ ਗਏ। ਓਥੇ ਅਗਾਂਹ ਸ਼ਾਪਿੰਗ ਸੈਂਟਰ 'ਚ ਇਕ ਲੈਂਬੋਰਗਿਨੀ ਖੜੀ ਦੇਖੀ ਤਾਂ ਪੈਰ ਮਲੋ-ਮਲ਼ੀ ਉਧਰ ਨੂੰ ਚਲ ਪਏ। ਜਦੋਂ ਉਸ ਦਾ ਮੁੱਲ ਪੁੱਛਿਆ ਤਾਂ ਕਾਰ ਨਾਲ ਫ਼ੋਟੋ ਖਿੱਚ ਕੇ ਹੀ ਆਪਣੀ ਰੀਝ ਪੂਰੀ ਕਰ ਲਈ। ਜਦੋਂ ਮੈਂ ਅੰਕਲ ਨੂੰ ਦਸਿਆ ਕਿ ਮੇਰਾ ਜੁਆਕ ਇਹਦੇ ਸੁਪਨੇ ਲੈਂਦਾ। ਤਾਂ ਅੰਕਲ ਕਹਿੰਦੇ, "ਚਲੋ ਫੇਰ ਜੁਆਕ ਵਾਸਤੇ ਕਾਰ ਨਹੀਂ ਤਾਂ ਇਸ ਦੀ ਲਾਟਰੀ ਖ਼ਰੀਦ ਕੇ ਲੈ ਜਾਵੋ।'' ਆਪਣੇ ਵੀ ਸਲਾਹ ਜਚ ਗਈ ਤੇ ਆਪਾਂ ਵੀ ਪਾ ਦਿੱਤੀ ਲਾਟਰੀ ਬਿਨਾਂ ਅੱਗਾ ਪਿਛਾ ਸੋਚਿਆਂ। ਬੱਸ ਫੇਰ ਕੀ ਸੀ ਜਿਵੇਂ-ਜਿਵੇਂ ਅੰਕਲ ਸਾਨੂੰ ਉਹ ਸ਼ਾਪਿੰਗ ਮਾਲ ਦਿਖਾਈ ਜਾਣ, ਓਵੇਂ-ਓਵੇਂ ਜੇਬ 'ਚੋਂ ਨਿੱਘ ਜਿਹੀ ਆਉਣ ਲੱਗ ਪਈ। ਹੌਲੀ-ਹੌਲੀ ਜਾਗਦੇ ਨੂੰ ਹੀ ਕਾਰ ਦੇ ਸੁਪਨੇ ਜਿਹੇ ਆਉਣ ਲੱਗੇ। ਯਾਨੀ ਕਿ ਔਕਾਤ ਦੇ ਵੱਸ 'ਚੋਂ ਬਾਹਰ ਜਿਹਾ ਹੋਣ ਲੱਗ ਗਿਆ ਸਾਂ। ਚਲੋ ਜੀ ਕੁੱਝ ਕੁ ਘੰਟੇ ਉਹ ਮਾਲ ਦੇਖ ਕੇ ਜਦੋਂ ਅਸੀਂ ਘਰ ਆਏ ਤਾਂ ਆਉਣ ਸਾਰ ਅਮਨਦੀਪ ਸਿੰਘ ਸਿੱਧੂ, ਜੋ ਕਿ ਆਪਣਾ ਰੇਡੀਉ ਸ਼ੋਅ ਹੋਣ ਕਾਰਨ ਸਾਡੇ ਨਾਲ ਨਹੀਂ ਗਏ ਸੀ, ਨੂੰ ਆ ਕੇ ਜਦੋਂ ਸਾਰੀ ਵਾਰਤਾ ਸੁਣਾਈ ਤਾਂ ਉਹ ਮੂਹਰੋਂ ਕਹਿੰਦੇ, "ਭਾਜੀ ਆਹ ਕੀ ਪੰਗਾ ਲੈ ਲਿਆ? ਰੱਬ ਨਾ ਕਰੇ ਜੇ ਇਹ ਲਾਟਰੀ ਨਿੱਕਲ ਆਈ ਤਾਂ ਤੁਹਾਨੂੰ ਪਤਾ ਇਸ ਕਾਰ ਨੂੰ ਆਸਟ੍ਰੇਲੀਆ ਲਿਜਾਣ 'ਚ ਸਾਰਾ ਜੁੱਲੀ ਬਿਸਤਰਾ ਬਿੱਕ ਜਾਣਾ।''

ਉਨ੍ਹਾਂ ਦੀ ਚੇਤਾਵਨੀ ਸੁਣ ਮੇਰੇ ਤਾਂ ਹੌਲ ਜਿਹੇ ਪੈਣ ਲੱਗ ਪਏ। ਮੈਨੂੰ ਘਬਰਾਇਆ ਜਿਹਾ ਦੇਖ ਸਾਰਾ ਟੱਬਰ ਮੈਨੂੰ ਦਿਲਾਸੇ ਜਿਹੇ ਦੇਣ ਲੱਗ ਪਿਆ। ਕੋਈ ਕਹੇ, "ਕਿਉਂ ਹੁਣੇ ਔਖਾ ਹੋਈ ਜਾਨਾਂ, ਕੀ ਪਤਾ ਕੀਹਨੂੰ ਨਿਕਲੂ?'' ਕੋਈ ਕਹੇ, "ਯਾਰ ਜਦੋਂ ਰੱਬ ਗਾਜਰਾਂ ਦੇਉ ਉਦੋਂ ਰੰਬਾ ਵੀ ਦੇ ਦੇਉ।'' ਅੰਕਲ ਨੇ ਤਾਂ ਇਕ ਹੋਰ ਆਫ਼ਰ ਵੀ ਦੇ ਦਿੱਤੀ ਕਹਿੰਦੇ, "ਕੋਈ ਨਾ ਪੁੱਤ ਆਪਣਾ ਘਰ ਸੁੱਖ ਨਾਲ ਬਹੁਤ ਖੁੱਲ੍ਹਾ, ਤੂੰ ਇੰਜ ਕਰੀਂ ਕਾਰ ਇੱਥੇ ਖੜਾ ਜਾਈਂ ਤੇ ਆਏ ਸਾਲ ਦੋ ਮਹੀਨੇ ਨਾਲੇ ਛੁੱਟੀਆਂ ਕੱਟ ਜਾਇਆ ਕਰੀਂ, ਨਾਲੇ ਕਾਰ ਤੇ ਝੂਟੇ ਲੈ ਜਾਇਆ ਕਰੀਂ।''



ਅਚਾਨਕ ਆਪੇ ਖ਼ਰੀਦੀ ਇਸ ਮੁਸ਼ਕਲ ਨੇ ਮੇਰਾ ਤਾਂ ਕੈਨੇਡਾ ਦਾ ਦੌਰਾ ਖ਼ਰਾਬ ਕਰਕੇ ਰੱਖ ਦਿੱਤਾ। ਅੱਧੀ ਰਾਤ ਤੱਕ ਸਾਰਿਆ ਨੇ ਬਹੁਤ ਦਿਲਾਸੇ ਦਿੱਤੇ ਪਰ ਮੇਰਾ ਮਨ ਨਾ ਟਿਕੇ। ਚਲੋ ਜੀ! ਏਨੇ ਨੂੰ ਸਿੱਧੂ ਸਾਹਿਬ ਕਹਿੰਦੇ, "ਤੁਹਾਡਾ ਇਸ ਬੇਚੈਨੀ ਦਾ ਅਸਲੀ ਕਾਰਣ ਕੀ ਹੈ?''

ਮੈਂ ਕਿਹਾ, "ਅੱਜ ਪਹਿਲੀ ਵਾਰੀ ਜ਼ਿੰਦਗੀ 'ਚ ਔਕਾਤ ਵਾਲੀ ਲਛਮਣ ਰੇਖਾ ਉਲੰਘੀਂ ਹੈ ਤੇ ਹੁਣ ਮੇਰੇ ਬਾਪੂ ਜੀ ਦੀਆਂ ਦਿੱਤੀਆਂ ਨਸੀਹਤਾਂ ਕੁਝ-ਕੁਝ ਖਾਨੇ ਪੈ ਰਹੀਆਂ ਹਨ। ਇਸ ਲਈ ਬੇਚੈਨ ਹਾਂ। ਮੈਨੂੰ ਅੱਜ ਪੰਦਰਾਂ ਵੀਹ ਵਰ੍ਹੇ ਪਹਿਲਾਂ ਦੀ ਇਕ ਅੱਖੀਂ ਦੇਖੀ ਘਟਨਾ ਬੇਚੈਨ ਕਰ ਰਹੀ ਹੈ, ਲਓ ਸੁਣੋ ਤੁਸੀਂ ਵੀ;''

ਵੀਹ ਕੁ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਸਾਡੀ ਮੰਡੀ 'ਚ ਦੋ ਭਰਾ ਕ੍ਰਿਸ਼ਨ ਤੇ ਇੰਦਰ ਸਬਜ਼ੀ ਦੀ ਆੜ੍ਹਤ ਦਾ ਕੰਮ ਕਰਦੇ ਸੀ। ਜਿੱਥੇ ਕ੍ਰਿਸ਼ਨ ਵਹੀ ਖਾਤੇ ਦਾ ਖਰਾ, ਉੱਥੇ ਇੰਦਰ ਮਨ ਦਾ ਸਾਫ਼ ਤੇ ਰੁੱਖੀ ਜਿਹੀ ਭਾਸ਼ਾ ਦਾ ਮਾਲਕ। ਇੰਦਰ ਸੱਚੀਆਂ ਮੂੰਹ ਤੇ ਸੁਣਾ ਕੇ ਜਿੱਥੇ ਲੋਕਾਂ ਨਾਲ ਨਾਰਾਜ਼ਗੀਆਂ ਸਹੇੜਦਾ, ਉੱਥੇ ਕ੍ਰਿਸ਼ਨ ਠੰਢਾ ਛਿੜਕਦਾ। ਤੜਕੇ-ਤੜਕੇ ਸਬਜ਼ੀ ਦੀ ਬੋਲੀ ਲਾਉਂਦੇ ਤੇ ਦੁਪਹਿਰ ਨੂੰ ਚਾਲੀ ਕੁ ਕਿੱਲੋਮੀਟਰ ਦੂਰ ਸਿਰਸੇ ਤੋਂ ਆਪਣਾ ਇਕ ਜੁਗਾੜ ਜਿਹਾ ਫ਼ਿਟ ਕੀਤੀ 'ਜਿਪਸੀ' 'ਤੇ ਪੰਜ ਦਸ ਆਲੂ ਗੰਢਿਆਂ ਦੀਆਂ ਬੋਰੀਆਂ ਲਿਆ ਕੇ ਕੁੱਝ ਹੋਰ ਪੈਸਿਆਂ ਦਾ ਜੁਗਾੜ ਕਰ ਲੈਂਦੇ ਸੀ। ਅੱਠ ਕੁ ਫੁੱਟ ਚੌੜੀ ਤੇ ਚਾਲੀ ਕੁ ਫੁੱਟ ਲੰਬੀ ਦੁਕਾਨ ਦੇ ਉੱਤੇ ਹੀ ਇਕ ਛੋਟਾ ਜਿਹਾ ਰੈਣ ਬਸੇਰਾ ਸੀ। ਕਹਿਣ ਦਾ ਭਾਵ ਛੋਟੇ ਜਿਹੇ ਸੰਸਾਰ 'ਚ ਭਰਾਵਾਂ ਦਾ ਚੰਗਾ ਇਤਫ਼ਾਕ ਸੀ ਤੇ ਸਬਰ ਸੰਤੋਖ 'ਚ ਜ਼ਿੰਦਗੀ ਚਾਈਂ-ਚਾਈਂ ਲੰਘ ਰਹੀ ਸੀ। ਇਕ ਦਿਨ ਸਰਸੇ ਤੋਂ ਗੰਢੇ ਲੱਦ ਕੇ ਜਦੋਂ ਉਹ ਬਾਜ਼ਾਰ ਵਿਚ ਦੀ ਲੰਘੇ ਤਾਂ ਮੂਹਰੇ ਇਕ ਮੋੜ ਤੇ 'ਗੱਦਿਆਂ ਦੀ ਭਾਰੀ ਸੇਲ' ਦੇ ਬੋਰਡ ਨੇ ਉਨ੍ਹਾਂ ਨੂੰ ਗੱਡੀ ਰੋਕਣ ਤੇ ਮਜਬੂਰ ਕਰ ਲਿਆ। ਗੱਡੀ ਰੋਕ ਕੇ ਜਦੋਂ ਉੱਥੇ ਜੁੜੀ ਭੀੜ 'ਚੋਂ ਇਕ ਤੋਂ ਪੁੱਛਿਆ ਤਾਂ ਉਹ ਕਹਿੰਦਾ ਕਿ ਇਹ ਦੁਕਾਨਦਾਰ ਨੂੰ ਘਾਟਾ ਪੈ ਗਿਆ ਹੈ ਤੇ ਉਹ ਸਸਤੇ ਭਾਅ 'ਚ ਸਮਾਨ ਵੇਚ ਰਿਹਾ ਹੈ। ਚਲੋ ਜੀ ਫ਼ਾਇਦੇ ਦਾ ਸੌਦਾ ਕੀਹਨੂੰ ਨਹੀਂ ਚੰਗਾ ਲਗਦਾ। ਦੋਨਾਂ ਭਰਾਵਾ ਨੇ ਦੋ ਹਜਾਰ ਵਾਲੇ ਗੱਦੇ ਜਦੋਂ ਪੰਜ ਸੌ 'ਚ ਲੈ ਲਏ ਤਾਂ ਉਨ੍ਹਾਂ ਦੇ ਕੰਨਾਂ ਥਾਣੀਂ ਹਾਸਾ ਨਿਕਲੇ। ਕ੍ਰਿਸ਼ਨ ਕਹਿੰਦਾ, "ਇੰਦਰਾ ਐਂ ਕਰ ਬਾਂਸ ਬਾਹੀਆਂ ਵਾਲੀ ਦੁਕਾਨ ਤੋਂ ਦਸਾਂ ਕੁ ਦੀ ਰੱਸੀ ਫੜ ਲਿਆ ਤੇ ਆਪਾਂ ਜਿਪਸੀ ਦੀ ਛੱਤ ਤੇ ਬੰਨ੍ਹ ਕੇ ਗੱਦੇ ਕਾਲਾਂਵਾਲੀ ਮੰਡੀ ਲੈ ਚੱਲਾਂਗੇ।'' ਰੁਪਈਏ ਦਾ ਮਾਲ ਚਾਰ ਆਨਿਆ 'ਚ ਲੈ ਕੇ ਦੋਨਾਂ ਭਰਾਵਾਂ ਨੂੰ ਇੰਜ ਲੱਗੇ ਜਿਵੇਂ ਕੋਈ ਲਾਟਰੀ ਨਿਕਲ ਆਈ ਹੋਵੇ। ਦਸ ਕੁ ਕਿੱਲੋਮੀਟਰ ਆ ਕੇ ਜਦੋਂ ਪੰਜੂਆਨੇ ਨਹਿਰ ਦੇ ਕੰਡੇ ਲੱਗੇ ਨਲਕੇ ਦਾ ਠੰਢਾ ਪਾਣੀ ਪੀਤਾ ਤਾਂ ਥੋੜਾ ਜਿਹਾ ਦਿਮਾਗ਼ ਆਸੇ ਪਾਸੇ ਸੋਚਣ ਲੱਗਿਆ।

ਕ੍ਰਿਸ਼ਨ ਕਹਿੰਦਾ, "ਯਾਰ ਇੰਦਰ ਆਪਾ ਗੱਦਾ ਲੈ ਤਾਂ ਲਿਆ ਪਰ ਆਪਣੇ ਕੋਲ ਕੋਈ ਬੈੱਡ ਤਾਂ ਹੈ ਹੀ ਨਹੀਂ। ਇਹ ਗੱਦਾ ਵਿਛਾਵਾਂਗੇ ਕਿਥੇ?''

ਇੰਦਰ ਸੋਚ ਕੇ ਜੇ ਕਹਿੰਦਾ, "ਕੋਈ ਨਾ ਉਹ ਆਪਣੇ ਅਮਰ ਟਰੰਕਾਂ ਵਾਲੇ ਦਾ ਪਵਨ ਕਦੋਂ ਕੰਮ ਆਉ? ਉਸ ਤੋਂ ਕੋਈ ਬੈੱਡ ਚੁੱਕ ਲਵਾਂਗੇ। ਨਾਲੇ ਉਹ ਰੋਜ਼ਾਨਾ ਵੀਹ ਰੁਪਏ ਕਿਸ਼ਤ 'ਤੇ ਦੇ ਦਿੰਦਾ ਹੈ। ਹੋਰ ਦੱਸਾਂ, ਉਹ ਤਾਂ ਕਿਸ਼ਤ ਵੀ ਹਰ ਰੋਜ ਆਪ ਹੀ ਦੁਕਾਨ ਤੋਂ ਫੜ ਕੇ ਲੈ ਜਾਂਦਾ।''

ਕ੍ਰਿਸ਼ਨ ਕਹਿੰਦਾ "ਫੇਰ ਤਾਂ ਯਾਰ ਸੌਖਾ ਹੀ ਹੈ, ਚੱਲ ਇੰਜ ਕਰਦੇ ਹਾਂ ਕਿ ਘਰੇ ਫੇਰ ਹੀ ਚੱਲਾਂਗੇ ਜਾਂਦੇ-ਜਾਂਦੇ ਬੈੱਡ ਵੀ ਲੈ ਹੀ ਚਲਦੇ ਹਾਂ।''

ਚਲੋ ਜੀ! ਪਵਨ ਨੇ ਵੀ ਲਿਹਾਜ਼ ਪੁਗਾ ਦਿੱਤੀ ਤੇ ਪਚਵੰਜਾ ਸੌ ਵਾਲਾ ਬੈੱਡ ਅਠਤਾ਼ਲੀ ਸੌ ਦਾ ਲਾ ਦਿੱਤਾ। ਦੋਨੇਂ ਭਰਾਵਾਂ ਦੇ ਮੂੰਹ ਤੇ ਫੇਰ ਰੌਣਕ ਆ ਉਤਰੀ। ਪਵਨ ਨੇ ਜਦੋਂ ਗਲੀ ਦੇ ਖੂੰਜੇ 'ਚ ਖੜ੍ਹੀ ਗਧੀ ਰੇਹੜੀ ਵਾਲੇ ਨੂੰ ਆਵਾਜ਼ ਮਾਰੀ ਤਾਂ ਕ੍ਰਿਸ਼ਨ ਜਿਵੇਂ ਨੀਂਦ 'ਚੋਂ ਜਾਗਿਆ ਹੋਵੇ ਤੇ ਉੱਭੜਵਾਹੇ ਜਿਹੇ ਕਹਿੰਦਾ "ਯਾਰ ਇੰਦਰ ਇਹ ਬੈੱਡ ਰੱਖਾਂਗੇ ਕਿਥੇ? ਜਿਹੜਾ ਚਾਰ ਗਿੱਠਾਂ ਥਾਂ ਛੱਤਿਆ ਉਹ ਤਾਂ ਪਹਿਲਾਂ ਸਮਾਨ ਨਾਲ ਭਰਿਆ ਪਿਆ!''

ਸੇਠ ਅਮਰ ਚੰਦ ਦੀ ਦੁਕਾਨ ਤੇ ਬੈਠੇ ਦੋ ਚਾਰ ਹੋਰ ਗਾਹਕਾਂ ਨੇ ਫੇਰ ਸਲਾਹਾਂ ਦਾ ਦੌਰ ਸ਼ੁਰੂ ਕਰ ਦਿੱਤਾ। ਕੋਈ ਕਹੇ ਛੱਤ ਉੱਤੇ ਦੋਨੇਂ ਪਾਸੇ ਗੁਆਂਢੀਆਂ ਦਿਆਂ ਕੰਧਾਂ ਤਾਂ ਹੈਗੀਆਂ, ਦੋ ਗਡਰੀਆਂ ਧਰ ਕੇ ਛੱਤ ਪਾ ਦਿਓ, ਇਕ ਮੂਹਰੇ ਜੰਗਲਾ ਲੱਗੂ ਤੇ ਇਕ ਚੁਗਾਠ ਨਾਲ ਸਰ ਜਾਣਾ। ਜਿੰਨੇ ਮੂੰਹ ਓਨੀਆਂ ਸਲਾਹਾਂ। ਪਰ ਦੋਨਾਂ ਭਰਾਵਾਂ ਦੀ ਚਿੰਤਾ ਹੁਣ ਸਿਖਰ 'ਤੇ ਸੀ। ਦੁਕਾਨ ਦੇ ਬਾਹਰ ਬੈਠਾ ਸੇਠ ਅਮਰ ਚੰਦ ਆਪਣੇ ਤਜਰਬੇ ਦੇ ਆਧਾਰ ਤੇ ਦੋਨਾਂ ਭਰਾਵਾਂ ਨੂੰ ਰਾਏ ਦੇ ਰਿਹਾ ਸੀ ਕਿ "ਇੰਜ ਬਹਾਨੇ ਨਾਲ ਹੀ ਚੀਜ਼ਾਂ ਬਣਦੀਆਂ ਹੁੰਦੀਆਂ। ਖਿੱਲੂ ਜਾਂ ਨਹਿਰੂ ਦੇ ਭੱਠੇ ਤੋਂ ਇੱਟਾਂ ਚੱਕ ਲਿਉ ਤੇ ਦੀਨੇ ਪ੍ਰੇਮ ਕੋਲੋਂ ਦੂਜਾ ਲੱਕਾ-ਤੁੱਕਾ ਲੈ ਲਿਉ, ਆਪੇ ਛੀ ਮਹੀਨਿਆਂ ਨੂੰ ਉੱਤਰ ਜਾਣਗੇ। ਕਿਸੇ ਕੋਲ ਵਾਧੂ ਪੈਸਾ ਨਹੀਂ ਪਿਆ ਹੁੰਦਾ। ਨਾਲੇ ਜਦੋਂ ਕੋਈ ਕੰਮ ਵਿੱਢ ਲਵੋ ਤਾਂ ਆਪੇ 'ਬੰਸੀ ਵਾਲਾ' ਸਿਰੇ ਲਾ ਦਿੰਦਾ।''

ਇਸੇ ਦੌਰਾਨ ਮੇਰੇ ਵੀ ਘਰ ਦੇ ਫ਼ੋਨ ਦੀ ਘੰਟੀ ਵੱਜੀ ਮੂਹਰੋਂ ਇੰਦਰ ਕਹਿੰਦਾ, "ਕਿਥੇ ਹਨ ਸਰਦਾਰ ਰਘੁਬੀਰ ਸਿਓਂ।'' ਮੈਂ ਕਿਹਾ, "ਪਾਪਾ ਜੀ ਤਾਂ ਬਾਗ਼ 'ਚ ਗਏ ਨੇ।'' ਕਦੋਂ ਆਉਣਗੇ? ਮੈਂ ਕਿਹਾ ਸ਼ਾਮ ਨੂੰ। ਕਹਿੰਦਾ, "ਆਪਣਾ ਕੋਈ ਟਰੈਕਟਰ ਚਾਹੀਦਾ।'' ਮੈਂ ਕਿਹਾ, "ਕੋਈ ਨਈ ਜੀ ਲੈ ਜਾਓ, ਪਰ ਟਰਾਲੀ ਬਾਗ਼ 'ਚੋਂ ਪਾਉਣੀ ਪੈਣੀ ਹੈ।'' ਉਹ ਕਹਿੰਦਾ, "ਕੋਈ ਨਾਂ ਅਸੀਂ ਅਗਾਂਹ ਦੇਸੂ ਆਲੇ ਭੱਠੇ ਤੋਂ ਇੱਟਾਂ ਲੈ ਕੇ ਆਉਣੀਆਂ ਹਨ।'' ਚਲੋ ਜੀ ਪੰਜ ਦਸ ਘਰਾਂ ਦੀ ਮਦਦ ਨਾਲ, ਚਾਲੀ ਪੰਤਾਲੀ ਹਜ਼ਾਰ ਲਾ ਕੇ, ਸੇਲ ਤੇ ਲਏ ਗੱਦਿਆਂ ਨੂੰ ਟਿਕਾਣੇ ਤੇ ਪਹੁੰਚਦੇ ਪਹੁੰ-ਚਦੇ ਮਹੀਨਾ ਲੱਗ ਗਿਆ ਸੀ। ਸੋ ਹੁਣ ਜਦੋਂ ਦੀ ਮੈਂ ਇਹ ਲਾਟਰੀ ਪਾਈ ਹੈ ਮੇਰੇ ਅੰਦਰ ਇਹੋ ਜਿਹੇ ਹਜ਼ਾਰਾ ਸਵਾਲ ਇਕ ਦੂਜੇ 'ਚ ਉਲਝੇ ਫਿਰਦੇ ਹਨ। ਕਦੇ ਫ਼ੋਨ ਦੀ ਘੰਟੀ ਸੁਣਦੀ ਹੈ ਕਿ "ਮਿਸਟਰ ਸਿੰਘ' ਕੋਂਗਰੈਚੁਲੇਸ਼ਨ ਫੋਰ ਯੂਅਰ ਨਿਊ ਲੈਂਬੋਰਗਿਨੀ!'' ਫੇਰ ਮਨ 'ਚ ਆਉਂਦਾ ਯਾਰ ਪਤਾ ਨਹੀਂ ਕਸਟਮ ਦਾ ਕੀ ਹਿਸਾਬ ਕਿਤਾਬ ਹੋਣਾਂ? ਐਨੀ ਮਹਿੰਗੀ ਕਾਰ! ਇਸ ਵਿਚ ਕੀ ਉਹੀ ਪਟਰੋਲ ਪਿਆ ਕਰੇਗਾ ਜਾਂ ਕੋਈ ਜਹਾਜ਼-ਜਹੂਜ ਵਾਲਾ ਮਹਿੰਗੇ ਭਾਅ ਦਾ? ਪਤਾ ਨਹੀਂ ਕਿੰਨੇ ਕਿੱਲੋਮੀਟਰ ਦੀ ਐਵਰੇਜ ਕੱਢਦੀ ਹੋਣੀ ਆ ਇਕ ਲੀਟਰ 'ਚ,? ਮੈਨੂੰ ਲਗਦਾ ਐਡੀਲੇਡ 'ਚ ਤਾਂ ਇਹਨਾਂ ਦਾ ਕੋਈ ਸਰਵਿਸ ਸੈਂਟਰ ਵੀ ਨਹੀਂ ਹੋਣਾ, ਕਿਤੇ ਮੈਲਬਾਰਨ ਜਾਂ ਸਿਡਨੀ ਤੋਂ ਤੇਲ ਨਾ ਬਦਲਾ ਕੇ ਲਿਆਉਣਾ ਪਿਆ ਕਰੇ? ਰੱਬ ਨਾ ਕਰੇ ਜੇ ਕਦੇ ਇਸ ਦੇ ਝਰੀਟ ਵੱਜ ਗਈ! ਫੇਰ ਰੈਕਰਾਂ ਕੋਲੋਂ ਵੀ ਨਹੀਂ ਕੁੱਝ ਮਿਲਣਾ। ਬੀਮਾ ਤਾਂ ਦੱਸ ਕਾਰਾਂ ਜਿੰਨਾ ਹੋਣਾ ਇਸ ਦਾ? ਇਹ ਭੱਜਦੀ ਵੀ ਖ਼ਾਸੀ ਹੋਣੀ ਆ? ਕਦੇ ਜੁਆਕ ਵੇਲੇ ਕੁਵੇਲੇ ਜ਼ਿਆਦਾ ਹੀ ਨਾ ਭਜਾ ਲਵੇ? ਕਦੇ ਦਿਲ ਨੂੰ ਦਿਲਾਸਾ ਜਿਹਾ ਆ ਜਾਂਦਾ ਵੀ ਦੇਖਣ 'ਚ ਜਿੰਨੀ ਕੁ ਚੌੜੀ ਤੇ ਲੰਮੀ ਦਿਸਦੀ ਆ, ਉਸ ਲਈ ਮੈਨੂੰ ਨਹੀਂ ਲਗਦਾ ਹੋਰ ਗਰਾਜ ਬਣਾਉਣਾ ਪੈਣਾ!

ਯਾਰ ਜਿੰਨੇ ਸਵਾਲ ਮੇਰੇ ਮਨ 'ਚ ਇਸ ਵਕਤ ਤੜਥੱਲੀ ਪਾਈ ਜਾਂਦੇ ਹਨ ਜੀਅ ਕਰਦਾ ਉੱਚੀ-ਉੱਚੀ ਚੀਕਾਂ ਮਾਰਾਂ ਤੇ ਆਪਣੇ ਸਿਰ ਦੇ ਬਾਲ ਪੁੱਟ ਲਵਾਂ। ਮੇਰੀ ਏਨੀ ਗੱਲ ਸੁਣਦਿਆਂ ਮਨਪ੍ਰੀਤ ਹਬੜਵਾਏ ਬੋਲਿਆ, "ਨਾ ਬਾਈ ਇੰਜ ਨਾ ਕਰੀਂ, ਹਾਲੇ ਪਿਛਲੇ ਸਾਲ ਤਾਂ ਮਹਿੰਗੇ ਭਾਅ ਦੇ ਇਹ ਬਾਲ ਲਗਵਾਏ ਆ, ਐਵੇਂ ਨਾ ਹੋਰ ਨੁਕਸਾਨ ਕਰਾ ਲਈਂ। ਕੋਈ ਨਾ ਆਪਾਂ ਕੱਢਦੇ ਹਾਂ ਇਸ ਦਾ ਕੋਈ ਹੋਰ ਹੱਲ।''

ਸਾਰੇ ਜਾਨੇ ਸੋਚਾਂ 'ਚ ਪੈ ਗਏ ਕਿ ਹੁਣ ਕੀ ਹੱਲ ਕਢਿਆ ਜਾਵੇ। ਕੋਈ ਕਹੇ ਟਿਕਟਾਂ ਮੋੜ ਦਿਓ, ਕੋਈ ਕਹੇ ਉਨ੍ਹਾਂ ਨੂੰ ਪੁੱਛ ਲਵੋ ਕਿ ਨਕਦ ਦੇ ਦੇਣ, ਭਾਵੇਂ ਚਾਰ ਪੈਸੇ ਘੱਟ ਦੇ ਦੇਣ। ਕੋਈ ਕਹੇ ਕਿਸੇ ਲੋੜਵੰਦ ਨੂੰ ਦਾਨ ਕਰ ਦਿਓ। ਟਿਕਟਾਂ ਮੋੜਨ ਦਾ ਤਾਂ ਸਵਾਲ ਹੀ ਖ਼ਤਮ ਸੀ ਕਿਉਂ ਜੋ ਟਿਕਟ ਦੇ ਪਿੱਛੇ ਮੋਟੇ ਅੱਖਰਾਂ 'ਚ ਨਾਨ ਰਿਫੰਡੇਬਲ ਤੇ ਨਾਲੇ ਕਾਰ ਲੈਣੀ ਵੀ ਲਾਜ਼ਮੀ ਲਿਖਿਆ ਹੋਇਆ ਸੀ। ਲੋੜਵੰਦ ਉਹ ਵੀ ਲੈਂਬੋਰਗਿਨੀ ਦਾ! ਹੁਣ ਕਿਥੋਂ ਲੱਭਿਆ ਜਾਵੇ? ਮੇਰੇ ਜਿਹੇ ਲੋੜਵੰਦਾਂ ਦਾ ਤਾਂ ਮੇਰੇ ਜਿਹਾ ਹਾਲ ਹੋਣਾ ਸੀ। ਸਾਡੇ 'ਚ ਇਕ ਸਿਆਸੀ ਮਹਾਸ਼ਾ ਵੀ ਬੈਠੇ ਸਨ ਤੇ ਉਨ੍ਹਾਂ ਦਾ ਸੁਝਾਅ ਸੀ ਕਿ ਸੁਖਬੀਰ ਬਾਦਲ ਨੂੰ ਭੇਟ ਕਰ ਦਿਓ ਜੀ। ਇਕ ਦੀ ਰਾਏ ਸੀ ਕਿ ਸਚਿਨ ਤੈਂਦੂਲਕਰ ਕਾਰਾਂ ਦਾ ਬੜਾ ਸ਼ੌਕੀਨ ਹੈ ਸੋ ਉਸ ਨੂੰ ਦੇ ਦਿਓ। ਮੁਕਦੀ ਗੱਲ ਜਿਸ ਬੰਦੇ ਦੀ ਔਕਾਤ ਇਸ ਕਾਰ ਦੇ ਹਾਣ ਦੀ ਦਿਸੇ, ਉਸ ਦੇ ਮੂਹਰੇ ਸਾਡੀ ਔਕਾਤ ਛੋਟੀ ਰਹਿ ਜਾਵੇ। ਸਾਰੇ ਚੁੱਪ ਪਸਰ ਗਈ ਸੀ। ਚੁਪ ਤੋੜਦੀਆਂ ਅੰਕਲ ਕਹਿੰਦੇ ਸ਼ੇਰੋ ਮੁਸੀਬਤ ਨੂੰ ਜਿੰਨਾ ਛੇਤੀ ਖ਼ਤਮ ਕਰ ਦਿਤਾ ਜਾਵੇ ਓਨਾ ਹੀ ਚੰਗਾ ਹੁੰਦਾ। ਸੋ ਦੇਰ ਨਾ ਲਾਓ ਆਹ ਟਿਕਟਾਂ ਜਿਹੀਆਂ ਪਾੜ ਕੇ ਕੂੜੇਦਾਨ 'ਚ ਮਾਰੋ, ਬਾਂਸ ਬਿਨਾਂ ਬੰਸਰੀ ਦੀ ਕੀ ਹੋਂਦ। ਚਲੋ ਜੀ! ਆਪਾ ਵੀ ਨਿਵਾਜੁਦੀਨ ਦਾ ਡਾਇਲਾਗ ਬੋਲਦਿਆਂ ਕਿ "ਗਰੀਬ ਕਭੀ ਹਾਰਤਾ ਨਹੀਂ, ਜਾਂ ਜੀਤਤਾ ਹੈ ਜਾਂ ਸੀਖਤਾ ਹੈ।'' ਟਿਕਟਾਂ ਪਾੜ ਆਪਣੀ ਔਕਾਤ ਦੀ ਲੋਈ ਤਾਣ ਆਰਾਮ ਦੀ ਨੀਂਦ ਸੌ ਗਏ।

# "ਆਨਲਾਈਨ ਵੋਟਿੰਗ ਸਿਸਟਮ"

ਅਮਨਪ੍ਰੀਤ ਸਿੰਘ
ਵਟਸ ਅਪ
09465554088



ਪੁਰਾਣੇ ਸਮੇਂ ਵਿੱਚ ਅਸੀਂ ਵੇਖਦੇ ਸੀ ਕਿ ਚੋਣ ਵਿਵਸਥਾ ਵਿੱਚ ਬਹੁਤ ਊਣਤਾਈਆਂ ਹਨ। ਇੱਕ ਕਾਗਜ ਦੇ ਉੱਤੇ ਆਪਣੇ ਮਨ ਪਸੰਦ ਪਾਰਟੀ ਦੇ ਚੋਣ ਨਿਸ਼ਾਨ ਦੇ ਅੱਗੇ ਆਪਾਂ ਨੂੰ ਮੋਹਰ ਲਗਾਉਣੀ ਪੈਂਦੀ ਸੀ। ਫਿਰ ਹੌਲੀ ਹੌਲੀ ਜਿਵੇਂ ਭਾਰਤ ਨੇ ਤਰੱਕੀ ਕੀਤੀ, ਚੋਣ ਵਿਵਸਥਾ ਵਿੱਚ ਵੋਟਿੰਗ ਮਸ਼ੀਨ ਸ਼ਾਮਿਲ ਹੋਈ। ਵੋਟਿੰਗ ਮਸ਼ੀਨ ਦੇ ਸ਼ਾਮਲ ਹੋਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਗਿਆ ਹੈ, ਪਰ ਸਾਰੀਆਂ ਸਮੱਸਿਆਵਾਂ ਦਾ ਨਹੀਂ। ਅੱਜ ਵੀ ਆਜ਼ਾਦੀ ਦੇ 69 ਸਾਲ ਬਾਅਦ ਵੀ ਬੂਥ ਕੈਪਚਰਿੰਗ ਵਰਗੇ ਜ਼ੁਰਮ ਦੇਖਣ ਨੂੰ ਮਿਲਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਅੱਜ ਵੀ ਬਹੁਤ ਸਾਰੇ ਲੋਕ ਹਨ ਜੋ ਵੋਟ ਪਾਉਣ ਨਹੀਂ ਜਾਂਦੇ, ਦੁੱਖ ਦੀ ਗਲ ਇਹ ਹੈ ਕਿ ਉਹਨਾਂ ਵਿੱਚੋਂ ਇਹੋ ਜਿਹੇ ਵੀ ਬਹੁਤ ਲੋਕ ਹੁੰਦੇ ਹਨ ਜੋ ਪੱੜੇ ਲਿੱਖੇ ਵੀ ਹੁੰਦੇ ਹਨ ਪਰ ਫਿਰ ਵੀ ਆਪਣੇ ਵੋਟ ਪਾਉਣ ਦਾ ਅਧੀਕਾਰ ਵਰਤੋ ਵਿੱਚ ਨਹੀਂ ਲਿਆਉਂਦੇ। ਲੋਕਤੰਤਰੀ ਦੇਸ਼ ਨੂੰ ਕਾਮਯਾਬ ਬਨਾਉਣ ਲਈ ਪੱੜ੍ਹਿਆਂ ਲਿਖਿਆਂ ਦਾ ਵੋਟ ਪਾਉਣਾ ਬਹੁਤ ਹੀ ਜ਼ਰੂਰੀ ਹੈ। ਜੇ ਆਪਾਂ ਥੋੜ੍ਹੀ ਮਿਹਨਤ ਕਰੀਏ ਅਤੇ ਜੇ ਆਪਾਂ ਉਹਨਾਂ ਪੱੜ੍ਹੇ ਲਿਖੇ ਲੋਕਾਂ ਨਾਲ ਗਲ ਕਰੀਏ ਕਿ ਤੁਸੀਂ ਵੋਟ ਕਿਉਂ ਨਹੀਂ ਪਾਉਣ ਜਾਂਦੇ ਤਾਂ, ਉਹਨਾਂ ਦਾ ਜਵਾਬ ਹੁੰਦਾ ਹੈ ਉਯਾਰ ਸਾਡਾ ਟਾਈਮ ਹੀ ਨਹੀਂ ਲੱਗਿਆ। ਐਂਵੇ ਕੌਣ ਧੱਕੇ ਖਾਵੇ, ਲਾਈਨਾਂ ਵਿੱਚ ਲੱਗੇ। ਸਰਕਾਰਾਂ ਕਿਹੜਾ ਕੋਈ ਚੰਗਾ ਕੰਮ ਕਰਦੀਆਂ। ਜਿਹੜੀ ਮਰਜੀ ਸਰਕਾਰ ਆ ਜਾਵੇ, ਹਰ ਸਰਕਾਰ ਨੇ ਆਪਣਾ ਹੀ ਢਿੱਡ ਭਰਨਾ ਹੁੰਦਾ, ਆਪਾਂ ਨੂੰ ਕੌਣ ਪੁੱਛਦਾ"। ਫਿਰ ਜਦ ਉਹਨਾਂ ਤੋਂ ਪੁੱਛਿਆ ਜਾਵੇ ਉਮਨ ਲਵੋ ਜੇ ਵੋਟ ਪਾਉਣਾ ਸਿਰਫ ਦੋ ਮਿੰਟ ਦਾ ਕੰਮ ਹੋਵੇ, ਅਤੇ ਵੋਟ ਘਰ ਬੈਠੇ ਹੀ ਪੈ ਸਕੇ ਤਾਂ ਫਿਰ ਕੀ ਤੁਸੀਂ ਵੋਟ ਪਾਵੋਂਗੇ?" ਫਿਰ ਉਹ ਝੱਟ ਹੀ ਕਹਿੰਦੇ ਹਨ ਉਹਾਂ ਬਿਲਕੁਲ, ਫਿਰ ਕੀ ਦਿੱਕਤ ਹੈ।" ਸੋ ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਅੱਜ ਦਾ ਜ਼ਮਾਨਾ ਹੀ ਕੁੱਝ ਇਹੋ ਜਿਹਾ ਆ ਗਿਆ ਹੈ ਕਿ ਹਰ ਕੋਈ ਚਾਹੁੰਦਾ ਹੈ ਕਿ ਸਾਰਾ ਕੰਮ ਘਰ ਬੈਠਕੇ ਹੀ ਹੋ ਜਾਵੇ। ਜਿਹੜੇ ਜਿਹੜੇ ਕੰਮ ਘਰ ਬੈਠਕੇ ਹੋ ਜਾਂਦੇ ਹਨ, ਲੋਕ ਉਹਨਾਂ ਕੰਮਾਂ ਨੂੰ ਤਰਜੀਹ ਦੇਣ ਲੱਗ ਗਏ ਹਨ। ਅੱਜ ਜੇ ਕਿਸੇ ਨੇ ਸੂਟ ਬੂਟ ਖਰੀਦਣੇ ਹੋਣ, ਤਾਂ ਆਨਲਾਈਨ ਹੀ ਖਰੀਦੇ ਜਾ ਸਕਦੇ ਹਨ। ਜੇ ਬਿਜਲੇ ਦੇ ਬਿੱਲ, ਟੈਲੀਫੋਨ ਦੇ ਬਿਲ, ਮੋਬਾਈਲ ਰਿਚਾਰਜ, ਡਿਸ਼ ਰਿਚਾਰਜ ਕਰਵਾਉਣੇ ਹੋਣ, ਤਾਂ ਇਹ ਸੱਭ ਕੁੱਝ ਵੀ ਆਨਲਾਈਨ ਕੀਤਾ ਜਾ ਸਕਦਾ ਹੈ, ਜੇ ਇਹ ਸੱਭ ਕੁੱਝ ਆਨਲਾਈਨ ਕੀਤਾ ਜਾ ਸਕਦਾ ਹੈ, ਤਾਂ ਫਿਰ ਵੋਟ ਪਾਉਣੀ ਵੀ ਆਨਲਾਈਨ ਕੀਤਾ ਜਾ ਸਕਦਾ ਹੈ। ਜੇ ਆਨਲਾਈਨ ਵੋਟਿੰਗ ਵਿਵਸਥਾ ਹੋ ਜਾਵੇ, ਤਾਂ ਦੇਸ਼ ਨੂੰ ਬਹੁਤ ਹੀ ਵੱਡੇ ਫਾਇਦੇ ਹੋਣਗੇ। ਹਰ ਪੜ੍ਹਿਆ ਲਿਖਿਆ ਇਨਸਾਨ ਆਪਣੇ ਘਰ ਬੈਠਕੇ ਹੀ ਕੰਪਿਊਟਰ ਅਤੇ ਇੰਟਰਨੈੱਟ ਦੀ ਮਦੱਦ ਨਾਲ ਵੋਟ ਪਾ ਸਕਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਜੋ ਦੇਸ਼ ਲਈ ਲਾਹੇਵੰਦ ਇਨਸਾਨ ਹਨ, ਜੋ ਸਹੀ ਫੈਸਲੇ ਕਰ ਸਕਦੇ ਹਨ, ਹੁਣ ਉਹ ਸਾਰੇ ਬਹੁਤ ਹੀ ਆਸਾਨੀ ਨਾਲ ਆਪਣੀ ਵੋਟ ਘਰ ਬੈਠਕੇ ਹੀ ਪਾ ਸਕਦੇ ਹਨ, ਜੋ ਪਹਿਲਾਂ ਆਪਣੀ ਵੋਟ ਪਹਿਲਾਂ ਕਦੇ ਪਾਉਂਦੇ ਹੀ ਨਹੀਂ ਸਨ। ਬੂਥ ਕੈਪਚਰਿੰਗ ਦੀ ਸਮੱਸਿਆ ਬਿਲਕੁਲ ਹੀ ਖਤਮ ਹੋ ਜਾਏਗੀ। ਦੇਖਿਆ ਗਿਆ ਹੈ ਕਿ ਕਈ ਵਾਰ ਕੁੱਝ ਗੁੰਡੇ ਬੂਥ ਉੱਤੇ ਕਬਜਾ ਕਰ ਲੈਂਦੇ ਹਨ, ਅਤੇ ਵੋਟਰਾਂ ਤੋਂ ਧੱਕੇ ਨਾਲ ਕਿਸੇ ਪਾਰਟੀ ਨੂੰ ਹੀ ਸਾਰੀਆਂ ਵੋਟਾਂ ਪਵਾਈਆਂ ਜਾਂਦੀਆਂ ਹਨ। ਪਰ ਜਦੋਂ ਹਰ ਵੋਟਰ ਆਪਣੇ ਘਰ ਬੈਠੇ ਹੀ ਵੋਟ ਪਾਵੇਗਾ ਤਾਂ ਫਿਰ ਗੁੰਡਿਆਂ ਨੂੰ ਕੀ ਪਤਾ ਲਗੇਗਾ। ਉਹ ਗੁੰਡੇ ਕਿਧਰ ਜਾਣਗੇ ਅਤੇ ਕਿਸ ਉੱਤੇ ਕਬਜਾ ਕਰਨਗੇ? ਮੈਂ ਇਹ ਨਹੀਂ ਕਹਿ ਰਿਹਾ ਕਿ ਆਮ ਬੂਥ ਨਾ ਬਣਾਏ ਜਾਣ। ਮੈਂ ਇਹ ਕਹਿ ਰਿਹਾ ਹਾਂ ਕਿ ਦੋਨੋਂ ਹੀ ਕੰਮ ਹੋਣੇ ਚਾਹੀਦੇ ਹਨ, ਆਮ ਬੂਥ ਵੀ ਬਣਾਏ ਜਾਣ, ਜਿੱਥੇ ਆਮ ਲੋਕ ਬੂਥ ਵਿੱਚ ਜਾ ਕੇ ਵੀ ਆਪਣੇ ਵੋਟ ਦੇ ਅਧੀਕਾਰ ਦੀ ਵਰਤੋ ਕਰ ਸੱਕਣ, ਖਾਸ ਕਰਕੇ ਜਿਨ੍ਹਾਂ ਨੂੰ ਕੰਪਿਊਟਰ ਅਤੇ ਇੰਟਰਨੈੱਟ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਅਤੇ ਆਨਲਾਈਨ ਵੋਟਿੰਗ ਸਿਸਟਮ ਦੀ ਵੀ ਵਿਵਸਥਾ ਕੀਤੀ ਜਾਵੇ ਤਾਂ ਜੋ ਦੇਸ਼ ਦਾ ਪੱੜ੍ਹਿਆ ਲਿੱਖਿਆ ਵਰਗ ਵੀ ਸ਼ਾਮਲ ਹੋ ਸਕੇ। ਆਨਲਾਈਨ ਵੋਟਿੰਗ ਸਿਸਟਮ ਲਈ ਹਰ ਇੱਕ ਵੋਟਰ ਦੀ ਆਧਾਰ ਕਾਰਡ 'ਤੇ ਆਧਾਰਿਤ ਕਿਸੇ ਖਾਸ ਵੋਟਿੰਗ ਵੈੱਬਸਾਈਟ 'ਤੇ ਆਈ ਡੀ ਬਣਾਈ ਜਾਵੇ। ਅਤੇ ਉਹ ਆਈ ਡੀ ਅਤੇ ਪਾਸਵਰਡ ਹਰ ਵੋਟਰ ਨੂੰ ਮੇਲ ਰਾਂਹੀ ਅਤੇ ਮੋਬਾਇਲ ਮੈਸੇਜ ਰਾਂਹੀਂ ਭੇਜੀ ਜਾਵੇ। ਇਸ ਨਾਲ ਜੋ ਸਮੱਸਿਆਵਾਂ ਜੋ ਵੋਟਿੰਗ ਨਾਲ ਸੰਬੰਧਤ ਰਹਿੰਦੀਆਂ ਹਨ, ਉਹ ਸਾਰੀਆਂ ਹੱਲ ਹੋ ਜਾਣਗੀਆਂ। ਕਿਸੇ ਵੀ ਦੇਸ਼ ਦੇ ਵਿੱਚ ਤਰੱਕੀ ਲਈ ਪੱੜ੍ਹੇ ਲਿੱਖੇ ਵਰਗ ਦਾ ਬਹੁਤ ਵੱਡਾ ਹੱਥ ਹੁੰਦਾ ਹੈ, ਖਾਸ ਕਰਕੇ ਲੋਕਤੰਤਰੀ ਦੇਸ਼ ਵਿੱਚ। ਹੁਣ ਤੁਹਾਨੂੰ ਮੈਂ ਇੱਕ ਸਰਲ ਜਿਹਾ ਤਰਕ ਦੱਸਦਾ ਹਾਂ। ਲੋਕਤੰਤਰੀ ਦੇਸ਼ ਵਿੱਚ ਸਰਕਾਰ ਚੁਣਦੀ ਹੈ ਦੇਸ਼ ਦੀ ਸਾਰੀ ਜਨਤਾ। ਇਸ ਦਾ ਮਤਲਬ ਇਹ ਹੋਇਆ ਕਿ ਜੋ ਪਾਰਟੀ ਜਨਤਾ ਨੂੰ ਵਧੀਆ ਲਗੇਗੀ, ਉਹੋ ਹੀ ਪਾਰਟੀ ਆਪਣੇ ਉਪਰ ਰਾਜ ਕਰੇਗੀ। ਇਸ ਦਾ ਮਤਲਬ ਇਹ ਹੋਇਆ ਕਿ ਆਪਣੇ ਦੇਸ਼ ਦੇ ਹਰ ਇੱਕ ਨਾਗਰਿਕ 'ਤੇ ਬਹੁਤ ਵੱਡੀ ਜ਼ਿਮੇਵਾਰੀ ਹੈ। ਕਿਉਂਕਿ ਜੇ ਕਿਸੇ ਨੇ ਆਪਣੇ ਵੋਟ ਦੇ ਅਧੀਕਾਰ ਦੀ ਧਿਆਨ ਨਾਲ ਵਰਤੋ ਨਹੀਂ ਕੀਤੀ, ਜੇ ਉਹਨਾਂ ਨੇ ਐਵੇਂ ਹੀ ਥੋੜ੍ਹੇ ਪੈਸੇ ਲੈ ਕੇ ਕਿਸੇ ਨੂੰ ਵੋਟ ਪਾ ਦਿੱਤੀ ਤਾਂ ਦੇਸ਼ ਨੂੰ, ਆਪਾਂ ਨੂੰ ਬਹੁਤ ਵੱਡਾ ਨੁਕਸਾਨ ਝਲਣਾ ਪੈ ਸਕਦਾ ਹੈ। ਸੋ ਵੋਟ ਪਾਉਣਾ ਇੱਕ ਬਹੁਤ ਹੀ ਜ਼ਿੰਮੇਵਾਰੀ ਵਾਲਾ ਕੰਮ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ

(ਬਾਕੀ ਅਗਲੇ ਸਫੇ ਤੇ)

# ਡਾ. ਅੰਬੇਦਕਰ ਪੱਤਰਕਾਰ ਵਜੋਂ



ਮਨਮੋਹਨ
08283948811

ਭਾਰਤ 'ਚ ਪ੍ਰੈਸ ਦਾ ਇਤਿਹਾਸ ਦਰਅਸਲ ਦੇਸ਼ ਦੀ ਆਜ਼ਾਦੀ ਦੀ ਲਹਿਰ ਦਾ ਇਤਿਹਾਸ ਹੀ ਹੈ। ਪ੍ਰਿੰਟ ਮੀਡੀਆ ਨੇ ਵਿਸ਼ੇਸ਼ ਰਾਜਨੀਤਿਕ ਪਾਰਟੀਆਂ ਤੇ ਇਸ ਨਾਲ ਜੁੜੇ ਰਾਸ਼ਟਰੀ ਨੇਤਾਵਾਂ ਦਾ ਪ੍ਰਭਾਵੀ ਬਿੰਬ ਘੜਨ 'ਚ ਵੱਡੀ ਭੂਮਿਕਾ ਨਿਭਾਈ ਪਰ ਵਿਡੰਬਨਾ ਇਹ ਹੈ ਕਿ ਵੱਡੀਆਂ ਅਖ਼ਬਾਰਾਂ ਦੀਆਂ ਸੰਚਾਲਕ ਤੇ ਮਾਲਕ ਵੀ ਇਹਨਾਂ ਪਾਰਟੀਆਂ ਦੇ ਨੇਤਾ ਹੀ ਸਨ। ਇਸ 'ਚ ਸਰਮਾਏਦਾਰੀ ਤੇ ਕੁਲੀਨਤਾ ਦਾ ਵੱਡਾ ਰੋਲ ਸੀ। ਇਹਨਾਂ 'ਚੋਂ ਦਮਿਤ ਦਲਿਤ ਲੋਕਾਂ ਦੇ ਇਤਿਹਾਸ ਦੇ ਦਰਸ਼ਨ ਕਦੇ ਨਹੀਂ ਹੁੰਦੇ। ਇਹ ਅਖ਼ਬਾਰਾਂ ਦਾਬੂ ਤੇ ਗਾਲਿਬ ਵਰਗ ਦੇ ਹਿੱਤਾਂ ਦੀ ਹੀ ਦੇਖਭਾਲ ਕਰਦੀਆਂ। ਭਾਰਤੀ ਪ੍ਰੈਸ ਦੇ ਇਤਿਹਾਸ 'ਚ ਕਈ ਰਾਜਨੀਤਿਕ ਤੇ ਰਾਸ਼ਟਰੀ ਨੇਤਾ ਜਿਹਨਾਂ ਅਖ਼ਬਾਰ ਵੀ ਕੱਢੇ, ਉਹਨਾਂ ਦਾ ਚਰਚਾ ਤਾਂ ਮਿਲ਼ਦਾ ਹੈ ਪਰ ਡਾ. ਬੀ. ਆਰ. ਅੰਬੇਦਕਰ ਦੇ ਇਕ ਪੱਤਰਕਾਰ ਵਜੋਂ ਤੇ ਉਹਨਾਂ ਵੱਲੋਂ ਕੱਢੇ ਗਏ ਅਖ਼ਬਾਰਾਂ ਦਾ ਦੇਸ਼ ਦੇ ਦੱਬੇ ਕੁਚਲੇ ਲੋਕਾਂ 'ਚ ਜਾਗ੍ਰਿਤੀ ਲਿਆਉਣ 'ਚ ਨਿਭਾਈ ਭੂਮਿਕਾ ਬਾਰੇ ਇਤਿਹਾਸ 'ਚ ਕਿਤੇ ਜ਼ਿਕਰ ਨਹੀਂ ਮਿਲਦਾ। ਸਾਬਰਮਤੀ 'ਚ ਅਖ਼ਬਾਰ 'ਹਰਿਜਨ' ਦਾ ਪ੍ਰਕਾਸ਼ਨ 1933 'ਚ ਸ਼ੁਰੂ ਹੋਇਆ ਤੇ ਉਹ ਵੀ 1932 ਦੇ ਪੂਨਾ ਪੈਕਟ ਤੋਂ ਬਾਅਦ। ਪਰ ਡਾ. ਅੰਬੇਦਕਰ ਨੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਉਠਾਉਣ ਲਈ ਬਹੁਤ ਪਹਿਲਾਂ 31 ਜਨਵਰੀ 1920 'ਚ 'ਮੂਕਨਾਇਕ' ਅਖ਼ਬਾਰ ਦਾ ਪ੍ਰਕਾਸ਼ਨ ਆਰੰਭ ਕੀਤਾ। ਡਾ. ਅੰਬੇਦਕਰ ਨੂੰ ਇਸ ਕਦਮ ਦਾ ਇੰਨੇ ਕੁ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿ ਉਸਦੀ ਸਿਰਫ ਕਲਪਨਾ ਹੀ ਕੀਤੀ ਜਾ ਸਕਦੀ ਹੈ। ਉਹਨਾਂ ਨੇ ਉਸ ਸਮੇਂ ਦੇ ਮਰਾਠੀ ਦੇ ਸਭ ਤੋਂ ਮਸ਼ਹੂਰ ਅਖ਼ਬਾਰ 'ਕੇਸਰੀ' 'ਚ ਆਪਣੇ ਅਖ਼ਬਾਰ ਦਾ ਇਸ਼ਤਿਹਾਰ ਕੀਮਤ ਸਹਿਤ ਛਾਪਣ ਲਈ ਭੇਜਿਆ ਪਰ ਇਸ ਲਈ ਮਨ੍ਹਾ ਕਰ ਦਿੱਤਾ ਗਿਆ ਕਿ ਹਿਸ ਨਾਲ 'ਕੇਸਰੀ' ਭਿੱਟ ਜਾਵੇਗਾ।

ਡਾ. ਅੰਬੇਦਕਰ ਆਪਣੇ ਨਾਬਰ ਤੇ ਇਨਕਲਾਬੀ ਵਿਚਾਰਾਂ, ਅਨੁਭਵਾਂ ਤੇ ਸਰੋਕਾਰਾਂ 'ਤੇ ਆਪਣੀ ਰਾਇ ਆਪਣੇ ਵੱਲੋਂ ਸ਼ੁਰੂ ਕੀਤੀਆਂ ਅਖ਼ਬਾਰਾਂ ਰਾਹੀਂ ਸਾਹਮਣੇ ਰੱਖਦੇ ਸਨ। ਇਹਨਾਂ ਅਖ਼ਬਾਰਾਂ 'ਚ ਸ਼ਾਮਲ ਸਨ: 'ਮੂਕਨਾਇਕ, ਬ੍ਰਹਿਸ਼ਕ੍ਰਿਤ ਭਾਰਤ, ਸਮਤਾ, ਜਨਤਾ ਅਤੇ ਪ੍ਰਬੁੱਧ ਭਾਰਤ।' ਮੂਕਨਾਇਕ ਦੇ ਪ੍ਰਕਾਸ਼ਨ ਦੇ ਵਿਰੋਧ ਤੋਂ ਪਰ ਡਾ. ਅੰਬੇਦਕਰ ਨਿਰਾਸ਼ ਨਹੀਂ ਹੋਏ। ਪੱਤਰਕਾਰੀ ਬਾਰੇ ਉਹਨਾਂ ਦਾ ਵਿਚਾਰ ਸੀ, ਬਿਨਾਂ ਕਿਸੇ ਹਿੱਤ ਤੇ ਪ੍ਰਯੋਜਨ ਦੇ ਸਮਾਚਾਰ ਦੇਣਾ, ਨਿਰਭੈ ਹੋ ਕੇ ਉਹਨਾਂ ਲੋਕਾਂ ਦੀ ਨਿੰਦਾ ਕਰਨਾ ਅਤੇ ਜੋ ਗਲਤ ਰਾਹ 'ਤੇ ਜਾ ਰਹੇ ਹੋਣ, ਚਾਹੇ ਉਹ ਕਿੰਨੇ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ। ਸੰਪੂਰਨ ਸਮਾਜ ਤੇ ਕੌਮ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਨੀਤੀ ਦਾ ਪਾਲਣ ਕਰਨਾ। ਡਾ. ਅੰਬੇਦਕਰ ਪ੍ਰੈਸ ਦੀ ਸੁਤੰਤਰਤਾ ਦੇ ਵੱਡੇ ਹਾਮੀ ਸਨ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਦੇ ਸਮੇਂ ਉਹਨਾਂ ਨੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਉਸ 'ਚ ਮਹੱਤਵ ਪੂਰਨ ਸਥਾਨ ਦਿੱਤਾ। ਸੰਵਿਧਾਨ ਦੀ ਧਾਰਾ 19 (1) 'ਚ ਪ੍ਰਗਟਾਵੇ ਤੇ ਅਭਿਵਿਅਕਤੀ ਦੀ ਸੁਤੰਤਰਤਾ ਨੂੰ ਮੂਲ ਅਧਿਕਾਰ ਦਾ ਦਰਜਾ ਦਿੱਤਾ ਗਿਆ ਅਤੇ ਇਸ ਅਧਿਕਾਰ 'ਤੇ ਰਾਜ ਵੱਲੋਂ ਕੇਵਲ ਸੀਮਤ ਰੋਕਾਂ ਹੀ ਲਾਈਆਂ ਜਾ ਸਕਦੀਆਂ ਹਨ।

ਡਾ. ਅੰਬੇਦਕਰ ਨੇ 'ਮੂਕਨਾਇਕ' ਦੇ ਪਹਿਲੇ ਅੰਕ 'ਚ ਇਸ ਦੇ ਪ੍ਰਕਾਸ਼ਨ ਦਾ ਉਦੇਸ਼ ਬੜੀ ਸਰਲ ਤੇ ਸਪੱਸ਼ਟ ਭਾਸ਼ਾ 'ਚ ਬੜੇ ਪ੍ਰਭਾਵੀ ਤੇ ਤਾਰਕਿਕ ਢੰਗ ਨਾਲ ਕੀਤਾ। ਉਹਨਾਂ ਨੇ ਲਿਖਿਆ ਕਿ ਭਾਰਤ ਅਸਮਾਨਤਾਵਾਂ ਦਾ ਦੇਸ਼ ਹੈ। ਭਾਰਤੀ ਸਮਾਜ ਦੇ ਤਿੰਨ ਹਿੱਸੇ ਹਨ: ਬ੍ਰਾਹਮਣ, ਗੈਰ-ਬ੍ਰਾਹਮਣ ਤੇ ਅਛੂਤ। ਉਹਨਾਂ ਕਿਹਾ ਕਿ ਉਹਨਾਂ ਨੂੰ ਅਜਿਹੇ ਲੋਕਾਂ 'ਤੇ ਦਯਾ ਆਉਂਦੀ ਹੈ ਜੋ ਇਹ ਮੰਨਦੇ ਹਨ ਕਿ ਪਸ਼ੂਆਂ ਤੇ ਨਿਰਜੀਵ ਪਦਾਰਥਾਂ 'ਚ ਵੀ ਈਸ਼ਵਰ ਹੈ ਪਰ ਆਪਣੇ ਹੀ ਧਰਮ ਦੇ ਲੋਕਾਂ ਨੂੰ ਛੂਹਣਾ ਵੀ ਉਹਨਾਂ ਨੂੰ ਮਨਜ਼ੂਰ ਨਹੀਂ। ਇਸ ਗੱਲ 'ਤੇ ਅਫਸੋਸ ਜ਼ਾਹਿਰ ਕਰਦਿਆਂ ਉਹਨਾਂ ਕਿਹਾ ਕਿ ਬ੍ਰਾਹਮਣਾਂ ਦਾ ਟੀਚਾ ਗਿਆਨ ਦਾ ਪਸਾਰ ਨਹੀਂ ਬਲਕਿ ਉਸ ਉਪਰ ਆਪਣਾ ਅਧਿਕਾਰ ਤੇ ਪ੍ਰਭੂਸੱਤਾ ਸਥਾਪਤ ਕੀਤੇ ਰੱਖਣਾ ਹੈ। ਗੈਰ ਬ੍ਰਾਹਮਣ ਪਿਛੜੇ ਹੋਏ ਇਸ ਲਈ ਨੇ ਕਿਉਂਕਿ ਨਾ ਤਾਂ ਉਹ ਸਿੱਖਿਅਤ ਨੇ ਤੇ ਨਾ ਹੀ ਉਨ੍ਹਾਂ ਕੋਲ ਸੱਤਾ। ਦਮਿਤਾਂ/ਦਲਿਤਾਂ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਤੇ ਅਗਿਆਨਤਾ 'ਚੋਂ ਬਾਹਰ ਕੱਢਣ ਲਈ ਬਹੁਤ ਵੱਡੇ ਯਤਨ ਦਰਕਾਰ ਨੇ। 'ਮੂਕਨਾਇਕ' 'ਚ ਉਹਨਾਂ ਇਹ ਵੀ ਲਿਖਿਆ ਹੈ ਕਿ ਭਾਰਤ ਦਾ ਸਿਰਫ ਆਜ਼ਾਦ ਹੋ ਜਾਣਾ ਹੀ ਕਾਫ਼ੀ ਨਹੀਂ। ਭਾਰਤ 'ਚ ਸਾਰੇ ਨਾਗਰਿਕਾਂ ਨੂੰ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਬਰਾਬਰੀ ਅਤਿ ਜ਼ਰੂਰੀ ਹੈ। ਇਹ ਵੀ ਨਿਸ਼ਚਿਤ ਕਰਨਾ ਜ਼ਰੂਰੀ ਹੈ ਕਿ ਹਰ ਨਾਗਰਿਕ ਨੂੰ ਅੱਗੇ ਵਧਣ ਦਾ ਮੌਕਾ ਮਿਲੇ ਅਤੇ ਇਹ ਮੌਕੇ ਉਪਲਬਧ ਕਰਾਉਣ ਲਈ ਸਾਰੇ ਜ਼ਰੂਰੀ ਕਦਮ ਉਠਾਉਣੇ ਹੋਣਗੇ।

ਉਹਨਾਂ ਨੇ ਇਕ ਲੇਖ ਵਿਚ ਲਿਖਿਆ ਕਿ ਸ਼ਾਇਦ ਹੀ ਕੋਈ ਬੰਦਾ ਏਨਾ ਹੀਣ ਹੋਵੇਗਾ ਜੋ ਇਸ ਤਰਕ ਨੂੰ ਗਲਤ ਦੱਸੇ ਕਿ ਜੇਕਰ ਬ੍ਰਾਹਮਣਾਂ ਵੱਲੋਂ ਬਰਤਾਨਵੀ ਸਰਕਾਰ ਦੀ ਅਨਿਆਪੂਰਨ ਸੱਤਾ ਦਾ ਵਿਰੋਧ ਜਾਇਜ਼ ਹੈ ਤਾਂ ਦਮਿਤ ਦਲਿਤ ਵਰਗਾਂ ਦਾ ਸੱਤਾ 'ਚ ਆਏ ਬ੍ਰਾਹਮਣ ਸ਼ਾਸਨ ਦਾ ਵਿਰੋਧ ਕਰਨਾ ਇਸ ਤੋਂ ਵੀ ਸੌ ਗੁਣਾਂ ਜਾਇਜ਼ ਹੈ। ਉਹਨਾਂ ਦਾ ਇਸ ਗੱਲ 'ਤੇ ਜ਼ੋਰ ਸੀ ਕਿ ਜੇਕਰ ਬ੍ਰਿਟਿਸ਼ ਸਰਕਾਰ ਵੱਲੋਂ ਦਿੱਤੀ ਗਈ ਸੁਰੱਖਿਆ ਖਤਮ ਹੋ ਗਈ ਤਾਂ ਜੋ ਲੋਕ ਅਛੂਤਾਂ ਨੂੰ ਹਿਕਾਰਤ ਨਾਲ ਦੇਖਦੇ ਹਨ, ਉਹ ਦਮਿਤ ਦਲਿਤਾਂ ਨੂੰ ਆਪਣੇ ਪੈਰਾਂ ਹੇਠ ਰੋਂਦ ਦੇਣਗੇ। ਦਮਿਤ ਦਲਿਤ ਵਰਗਾਂ ਦੇ ਵਿਕਾਸ ਲਈ ਸਵਰਾਜ, ਜਿਸ 'ਚ ਉਹਨਾਂ ਦੇ ਮੂਲ ਅਧਿਕਾਰਾਂ ਦੀ ਗਰੰਟੀ ਨਾ ਹੋਵੇ, ਉਹ ਸਵਰਾਜ ਨਹੀਂ ਬਲਕਿ ਗੁਲਾਮੀ ਦਾ ਨਵਾਂ ਰੂਪ ਹੋਵੇਗਾ। ਡਾ. ਅੰਬੇਦਕਰ ਨੇ ਮੂਕਨਾਇਕ ਰਾਹੀਂ ਸਮਾਜਿਕ ਨਿਆਂ ਦੇ ਲੋਕ ਸੰਚਾਰ ਦੇ ਇਕ ਨਵੇਂ ਯੁੱਗ ਦਾ ਆਰੰਭ ਕੀਤਾ। ਉਹ 'ਮੂਕਨਾਇਕ' ਦਾ ਪ੍ਰਕਾਸ਼ ਲੰਮੇ ਸਮੇਂ ਤੱਕ ਨਹੀਂ ਕਰ ਸਕੇ ਕਿਉਂਕਿ ਉਹਨਾਂ ਦੇ ਸਾਹਮਣੇ ਹੋਰ ਮਹੱਤਵਪੂਰਨ ਕੰਮ ਸੀ ਦਮਿਤ/ਦਲਿਤ ਵਰਗਾਂ 'ਚ ਸਿਖਿਆ ਦਾ ਪ੍ਰਚਾਰ ਪਸਾਰ ਤਾਂ ਕਿ ਉਹ ਦਮਨ ਤੇ ਸ਼ੋਸ਼ਣ ਤੋਂ ਮੁਕਤ ਹੋ ਸਕਣ। ਡਾ. ਅੰਬੇਦਕਰ ਨੇ ਆਪਣੀਆਂ ਅਖ਼ਬਾਰਾਂ ਰਾਹੀਂ ਹਿੰਦੂ ਧਰਮ ਦੀਆਂ ਮਿੱਥਾਂ ਖੋਖਲੀਆਂ ਰੀਤਾਂ ਤੇ ਪ੍ਰਥਾਵਾਂ ਦਾ ਖੁਲਾਸਾ ਕੀਤਾ। ਇਹਨਾਂ ਮਿੱਥਾਂ, ਪ੍ਰੰਪਰਾਵਾਂ ਤੇ ਪਰਪੰਚਾਂ ਦਾ ਪ੍ਰਯੋਗ ਭਾਰਤੀ ਸਮਾਜ ਦੀਆਂ ਅਨਿਆਪੂਰਨ ਵਿਵਸਥਾਵਾਂ ਨੂੰ ਜਾਇਜ਼ ਠਹਿਰਾਉਣ ਲਈ ਕੀਤਾ ਜਾਂਦਾ ਰਿਹਾ ਹੈ। ਅੰਬੇਦਕਰ ਨੇ ਪ੍ਰੰਪਰਾਵਾਦ, ਧਾਰਮਿਕ ਮੁਨਾਫਕਤ, ਦਕੀਆਨੂਸੀਪਣ ਅਤੇ ਅੰਧ ਵਿਸ਼ਵਾਸਾਂ ਦੀਆਂ ਜੰਜੀਰਾਂ ਨੂੰ ਤੋੜਿਆ। ਉਹਨਾਂ ਨੇ ਬ੍ਰਾਹਮਣਵਾਦ ਦੀ ਸੰਪੂਰਨ ਵਿਵਸਥਾ ਨੂੰ ਮੁੱਢੋਂ ਹੀ ਖਾਰਜ ਕਰ ਦਿੱਤਾ। ਇਹਨਾਂ 'ਚ ਧਾਰਮਿਕ ਕਰਮ ਕਾਂਡ, ਪੁਨਰਜਨਮ, ਮੁਕਤੀ, ਮੋਕਸ਼ ਈਸ਼ਵਰ ਦੀ ਮਨੌਤ ਆਦਿ ਸ਼ਾਮਲ ਸਨ। ਉਹਨਾਂ ਨੇ ਉਪਨਿਸ਼ਦਾਂ ਦੇ ਦਰਸ਼ਨ ਨੂੰ ਕਾਲਪਨਿਕ ਦੱਸਿਆ। ਚਾਰ ਵਰਣ ਵਿਵਸਥਾ ਜਿਸਨੂੰ ਪਵਿੱਤਰ ਸੰਸਥਾ ਅਤੇ ਈਸ਼ਵਰੀ ਵਿਧਾਨ ਮੰਨਿਆ ਗਿਆ, ਦਾ ਸਖਤ ਵਿਰੋਧ ਕੀਤਾ। ਉਹ ਇਸ ਸਿੱਟੇ 'ਤੇ ਪਹੁੰਚੇ ਕਿ ਚਾਰ ਵਰਣ ਤੋਂ ਵੱਧ ਘ੍ਰਿਣਤ ਤੇ ਘਟੀਆ ਸਮਾਜਿਕ ਸਰੰਚਨਾ 'ਚ ਕੋਈ ਵਿਵਸਥਾ ਹੋ ਹੀ ਨਹਂ ਸਕਦੀ। ਵਰਣ ਵਿਵਸਥਾ ਲੋਕਾਈਅਤ ਨੂੰ ਅਪਮਾਨਿਤ ਕਰ ਉਸ ਨੂੰ ਅਪਾਹਜ ਬਣਾ ਦਿੰਦੀ ਹੈ ਅਤੇ ਸਮਾਜ ਦੀ ਬਿਹਤਰੀ 'ਚ ਕਾਰਜ ਕਰਨ ਤੋਂ ਰੋਕਦੀ ਹੈ।

ਡਾ. ਅੰਬੇਦਕਰ ਨੇ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਤੇ ਉਥਾਨ ਲਈ ਬਹਿਸ਼ਕ੍ਰਿਤ ਹਿਤਕਾਰਣੀ ਸਭਾ ਦੀ ਸਥਾਪਨਾ ਕੀਤੀ। ਇਸ ਸੰਸਥਾ ਨੇ ਅਛੂਤਾਂ ਸਮੇਤ ਸਾਰੀਆਂ ਨਿਮਨ ਜਾਤੀਆਂ ਲਈ ਸਮਾਜਿਕ, ਸਿੱਖਿਅਕ, ਆਰਥਿਕ ਅਤੇ ਰਾਜਨੀਤਿਕ ਸਮਤਾ ਲਈ ਕੰਮ ਕਰਨਾ ਸ਼ੁਰੂ ਕੀਤਾ। ਡਾ. ਅੰਬੇਦਕਰ ਨੂੰ ਇਸ ਕਾਰਨ ਇੰਨੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿ ਉਹਨਾਂ ਨੂੰ ਆਪਣੇ ਵਿਚਾਰ ਜਨਤਾ ਤੱਕ ਪਹੁੰਚਾਉਣ ਲਈ ਕਿਸੇ ਮਾਧਿਅਮ ਦੀ ਜ਼ਰੂਰਤ ਮਹਿਸੂਸ ਹੋਈ। ਇਸ ਲਈ ਉਹਨਾਂ ਨੇ 3 ਅਪ੍ਰੈਲ 1927 'ਚ ਬੰਬਈ ਤੋਂ ਮਰਾਠੀ ਅਖ਼ਬਾਰ 'ਬਹਿਸ਼ਕ੍ਰਿਤ ਭਾਰਤ' ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਉਹਨਾਂ ਦਾ ਵਿਚਾਰ ਸੀ ਜੋ ਲੋਕ ਜਨਤਕ ਕੰਮ ਕਰਦੇ ਹਨ, ਉਹਨਾਂ ਲਈ ਆਰਥਿਕ ਦ੍ਰਿਸ਼ਟੀ ਤੋਂ ਆਤਮ ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਉਹਨਾਂ ਅਖ਼ਬਾਰ ਨੂੰ ਚਲਾਉਣ ਖਾਤਰ ਕਦੇ ਵੀ ਵਕਾਲਤ ਬੰਦ ਨਹੀਂ ਕੀਤੀ। ਡਾ. ਅੰਬੇਦਕਰ ਨੇ ਆਪਣੀ ਨਵੀਂ ਅਖ਼ਬਾਰ ਦਾ ਪ੍ਰਯੋਗ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕਰਨ ਆਪਣੇ ਉਦੇਸ਼ਾਂ ਨੂੰ ਪਰਿਭਾਸ਼ਿਤ ਕਰਨ ਲਈ ਅਤੇ ਆਪਣੇ ਆਲੋਚਕਾਂ ਨੂੰ ਉੱਤਰ ਦੇਣ ਲਈ ਕੀਤਾ। ਡਾ. ਅੰਬੇਦਕਰ ਦੀਆਂ ਸੰਪਾਦਕੀਆਂ ਛੋ-ਟੀਆਂ ਹੁੰਦੀਆਂ ਸਨ ਪਰ ਉਹ ਨਿਰਭੈ ਅਤੇ ਨਿਰਭੀਕ ਹੋ ਕੇ ਆਪਣੇ ਵਿਚਾਰਾਂ ਨੂੰ ਰੱਖਦੇ ਸਨ।

ਉਹਨਾਂ ਦੇ ਨਜ਼ਦੀਕੀ ਧਨੰਜਯ ਕੀਰ ਜਿਹਨਾਂ ਨੇ ਡਾ. ਅੰਬੇਦਕਰ ਲਾਈਫ ਐਂਡ ਮਿਸ਼ਨ (1991) ਕਿਤਾਬ ਵੀ ਲਿਖੀ, ਕਹਿੰਦੇ ਹਨ ਕਿ ਡਾ. ਅੰਬੇਦਕਰ ਨੇ ਇਹਨਾਂ ਸੰਪਾਦਕੀਆਂ ਰਾਹੀਂ ਇਹ ਮੰਗ ਰੱਖੀ ਕਿ ਸਰਕਾਰ 'ਬੋਲ ਪ੍ਰਸਤਾਵ' ਲਾਗੂ ਕਰੇ, ਸਥਾਨਕ ਸੰਸਥਾਵਾਂ ਦੇ ਭਰੋਸੇ ਨਾ ਰਹੇ ਕਿਉਂਕਿ ਉਹਨਾਂ 'ਤੇ ਪ੍ਰਤੀਕਿਰਿਆਵਾਦੀਆਂ ਦਾ ਗਲਬਾ ਹੈ, ਜੋ ਕੱਟੜਪੰਥੀ, ਸੰਕੀਰਣ ਤੇ ਪਰੰਪਰਕ ਸੋਚ ਵਾਲੇ ਹਨ ਅਤੇ ਦਮਿਤ ਦਲਿਤ ਵਰਗਾਂ ਦੇ ਹਿੱਤਾਂ ਦੇ ਵਿਰੋਧੀ ਹਨ। ਉਹਨਾਂ ਨੇ 'ਬਹਿਸ਼ਕ੍ਰਿਤ ਭਾਰਤ' ਦੇ ਰਾਹੀਂ ਸਰਕਾਰ ਨੂੰ ਇਹ ਅਪੀਲ ਕੀਤੀ ਕਿ ਉਹ ਉਹਨਾਂ ਤੱਤਾਂ ਦੇ ਵਿਰੁੱਧ ਕਾਰਵਾਈ ਕਰੇ ਜੇ ਇਸ ਪ੍ਰਸਤਾਵ ਦਾ ਵਿਰੋਧ ਕਰਦੇ ਹਨ। ਡਾ. ਅੰਬੇਦਕਰ 'ਬਹਿਸ਼ਕ੍ਰਿਤ ਭਾਰਤ' ਨੂੰ ਸੀਮਤ ਆਰਥਿਕ ਸਾਧਨਾਂ ਕਾਰਨ ਬਹੁਤ ਲੰਮੇ ਸਮੇਂ ਤੱਕ ਨਹੀਂ ਚਲਾ ਸਕੇ। ਪਰ ਉਹਨਾਂ ਨੇ ਪੱਤਰਕਾਰੀ ਦੇ ਉਚ ਆਦਰਸ਼ਾਂ ਤੇ ਪ੍ਰਤੀਮਾਨਾਂ ਨਾਲ ਸਮਝੌਤਾ ਨਹੀਂ ਕੀਤਾ। ਆਪਣੇ ਸਮੇਂ ਦੇ ਹੋਰ ਵੱਡੇ ਰਾਜਨੀਤਿਕ ਨੇਤਾਵਾਂ/ਪੱਤਰਕਾਰਾਂ ਦੀ ਤਰ੍ਹਾਂ ਉਹ ਕਦੇ ਵੀ ਪੂੰਜੀਪਤੀਆਂ ਤੇ ਸਰਮਾਏਦਾਰਾਂ ਦੇ ਰਹਿਮੋ ਕਰਮ 'ਤੇ ਨਹੀਂ ਰਹੇ ਤੇ ਨਾ ਹੀ ਉਹਨਾਂ ਦੇ ਕਦੇ ਏਜੰਟ ਬਣੇ। ਉਹਨਾਂ ਨੇ ਕਦੇ ਵੀ ਆਪਣੇ ਅਖ਼ਬਾਰਾਂ ਨੂੰ ਪੈਸਾ ਕਮਾਉਣ ਦਾ ਜ਼ਰੀਆ ਨਹੀਂ ਬਣਾਇਆ। ਡਾ. ਅੰਬੇਦਕਰ ਦੀ ਆਪਣੀਆਂ ਅਖ਼ਬਾਰਾਂ ਰਾਹੀਂ ਭਾਰਤ ਦੇ ਸਮਾਜਿਕ, ਰਾਜਨੀਤਿਕ, ਬੁੱਧੀਜੀਵੀ ਤੇ ਮਿਆਰੀ ਪੱਤਰਕਾਰੀ ਦੇ ਖੇਤਰ 'ਚ ਵੱਡੀ ਭੂਮਿਕਾ ਰਹੀ ਹੈ। ਪੱਤਰਕਾਰੀ ਤੇ ਰਾਜਨੀਤਿਕ ਮੁਹਿੰਮਾਂ ਦੇ ਖੇਤਰ 'ਚ ਉਹਨਾਂ ਦੇ ਸੰਘਰਸ਼ ਦੇ ਵਿਕਾਸ ਦੇ ਚਾਰ ਪੜਾਅ ਮਿੱਥੇ ਜਾ ਸਕਦੇ ਹਨ। ਪਹਿਲੇ ਪੱਧਰ 'ਤੇ ਉਹਨਾਂ ਨੇ ਅਛੂਤਾਂ ਦਲਿਤਾਂ/ਦਮਿਤਾਂ ਦੇ ਦੁੱਖਾਂ ਤੇ ਦੁਸ਼ਵਾਰੀਆਂ ਦੀ ਆਪਣੀਆਂ ਲਿਖਤਾਂ ਰਾਹੀਂ ਵਿਆਖਿਆ ਕੀਤੀ ਤੇ ਸੰਘਰਸ਼ ਦਾ ਕਾਰਨ ਪੈਦਾ ਕੀਤਾ। ਦੂਜੇ ਪੜਾਅ ਤੇ ਉਹਨਾਂ ਦੱਬੀਆਂ ਜਾਤਾਂ/ਜਮਾਤਾਂ 'ਤੇ ਹੋ ਰਹੇ ਜ਼ੁਲਮਾਂ ਦੀ ਪੁਰਜ਼ੋਰ ਨਿਖੇਧੀ ਕੀਤੀ। ਤੀਜੇ ਪੜਾਅ 'ਤੇ ਉਹਨਾਂ ਆਪਣੀਆਂ ਸੰਪਾਦਕੀਆਂ ਤੇ ਲਿਖਤਾਂ ਰਾਹੀਂ ਦੱਬੇ ਕੁਚਲੇ ਲੋਕਾਂ 'ਚ ਸਮਾਨਤਾ ਪ੍ਰਾਪਤੀ ਦੇ ਹੱਕ ਦੀ ਪ੍ਰੇਰਨਾ ਪੈਦਾ ਕੀਤੀ।

ਚੌਥੇ ਪੜਾਅ 'ਤੇ ਉਹਨਾ ਇਨ੍ਹਾਂ ਲੋਕਾਂ 'ਚ ਸਮਾਨਤਾ, ਆਜ਼ਾਦੀ ਮੁਕਤੀ ਅਤੇ ਭਾਈਚਾਰੇ ਦੇ ਆਧਾਰ 'ਤੇ ਸਮਾਜ 'ਚ ਯੋਗ ਸਥਾਨ ਦੀ ਇੱਛਾ ਦਾ ਸੰਘਰਸ਼ ਦੇ ਮਾਧਿਅਮ ਰਾਹੀਂ ਪ੍ਰਗਟਾਵਾ ਪੈਦਾ ਕੀਤਾ। ਡਾ. ਅੰਬੇਦਕਰ ਦੇ ਸੰਘਰਸ਼ ਦੀ ਇਹ ਨੀਤੀ ਰਹੀ ਕਿ ਪਹਿਲਾਂ ਉਹ ਆਪਣੀਆਂ ਸੰਪਾਦਕੀਆਂ ਤੇ ਲਿਖਤਾਂ ਰਾਹੀਂ ਜਨਤਾ 'ਚ ਇਕ ਰਾਏ ਪੈਦਾ ਕਰਦੇ ਸਨ ਤੇ ਫਿਰ ਜ਼ਮੀਨੀ ਸੰਘਰਸ਼ ਲਈ ਕੁੱਦ ਪੈਂਦੇ ਸਨ। ਜਦੋਂ ਉਹਨਾਂ ਨੇ 1920 'ਚ 'ਮੂਕਨਾਇਕ' ਅਖ਼ਬਾਰ ਦਾ ਪ੍ਰਕਾਸ਼ਨ ਆਰੰਭ ਕੀਤਾ ਤਾਂ ਲੰਮੇ ਅਰਸੇ ਤੱਕ ਉਹ ਲੋਕਾਂ 'ਚ ਲੜ ਮਿਟਣ ਦੀ ਭਾਵਨਾ ਤੇ ਰੋਹ ਪੈਦਾ ਕਰਦੇ ਰਹੇ। ਜਦੋਂ ਲੋਕ ਤਿਆਰ ਹੋ ਗਏ ਤਾਂ ਡਾ. ਅੰਬੇਦਕਰ ਨੇ 1927 'ਚ ਬੰਬਈ 'ਚ ਕੋਲਾਬਾ ਲਾਗੇ ਚੌਧਰ ਤਲਾਬ 'ਚ ਅਛੂਤਾ ਦੇ ਪਾਣੀ ਪੀਣ ਲਈ ਮਹਾਡ ਅੰਦੋਲਨ/ਮਾਰਚ ਆਰੰਭਿਆ ਅਤੇ ਜਨਤਕ ਰੂਪ 'ਚ 'ਮਨੂਸਿਮਰਤੀ' ਦੀਆਂ ਕਾਪੀਆਂ ਸਾੜੀਆਂ। ਇਸ ਤੋਂ ਬਾਅਦ 3 ਅਪ੍ਰੈਲ 1927 'ਚ ਉਹਨਾਂ ਆਪਣਾ ਨਵਾਂ ਅਖ਼ਬਾਰ 'ਬਹਿਸ਼ਕ੍ਰਿਤ ਭਾਰਤ' ਪ੍ਰਕਾਸ਼ਿਤ ਕਰਕੇ ਆਪਣੀਆਂ ਸੰਪਾਦਕੀਆਂ ਰਾਹੀਂ ਫਿਰ ਦੱਬੀ ਕੁਚਲੀ ਜਨਤਾ 'ਚ ਸਮਾਜਿਕ ਨਿਆਂ ਅਤੇ ਮਾਨਵੀ ਅਧਿਕਾਰਾਂ ਪ੍ਰਤੀ ਇਕ ਰਾਏ ਪੈਦਾ ਕੀਤੀ ਅਤੇ ਇਸ ਤੋਂ ਬਾਅਦ ਨਾਸਿਕ ਵਿਖੇ 1920 'ਚ ਕਾਲਾਰਾਮ ਮੰਦਿਰ 'ਚ ਅਛੂਤਾਂ ਦੇ ਪ੍ਰਵੇਸ਼ ਕਰਨ ਦਾ ਸੰਘਰਸ਼ ਪੈਦਾ ਕਰਕੇ ਉਹਨਾਂ ਨੂੰ ਮੰਦਰ 'ਚ ਜਾਣ ਦਾ ਅਧਿਕਾਰ ਲੈ ਕੇ ਦਿੱਤਾ। ਇਹ ਕਿਹਾ ਜਾ ਸਕਦਾ ਹੈ ਕਿ ਡਾ. ਅੰਬੇਦਕਰ ਦੀ ਪੱਤਰਕਾਰੀ ਤੇ ਰਾਜਨੀਤਿਕ ਸੰਘਰਸ਼ ਨਾਲ ਨਾਲ ਚੱਲ ਕੇ ਇਕ ਦੂਜੇ ਲਈ ਧਰਾਤਲ ਤਿਆਰ ਕਰਦੇ ਰਹੇ।

ਭਾਰਤੀ ਪ੍ਰੈਸ ਦੇ ਇਤਿਹਾਸ 'ਚ ਡਾ. ਅੰਬੇਦਕਰ ਦੇ ਵਿਚਾਰ ਤੇ ਬਤੌਰ ਪੱਤਰਕਾਰੀ ਉਹਨਾਂ ਦਾ ਆਚਰਣ ਅੱਜ ਵੀ ਉਹਨਾਂ ਪੱਤਰਕਾਰਾਂ ਲਈ ਆਦਰਸ਼ ਹੈ ਜੋ ਪੱਤਰਕਾਰੀ ਨੂੰ ਮਾਨਵੀ ਵਿਕਾਸ ਤੇ ਸ਼ਕਤੀ ਦੇ ਰੂਪ 'ਚ ਇਕ ਮਾਧਿਅਮ ਵਜੋਂ ਪ੍ਰਯੋਗ ਕਰਨਾ ਚਾਹੁੰਦੇ ਹਨ। ਡਾ. ਅੰਬੇਦਕਰ ਨੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਦੀ ਪੱਤਰਕਾਰੀ ਬਾਰੇ ਲਿਖਿਆ ਕਿ ਭਾਰਤ 'ਚ ਪੱਤਰਕਾਰੀ ਪਹਿਲਾਂ ਇਕ ਪੇਸ਼ਾ ਸੀ, ਹੁਣ ਵਿਉਪਾਰ ਬਣ ਕੇ ਰਹਿ ਗਈ ਹੈ।

ਅਖ਼ਬਾਰ ਚਲਾਉਣ ਵਾਲਿਆਂ ਨੂੰ ਨੈਤਿਕਤਾ ਵਾਸਤੇ ਉਨਾ ਹੀ ਮਤਲਬ ਰਹਿੰਦਾ ਹੈ, ਜਿੰਨਾ ਕਿ ਕਿਸੇ ਸਾਬਣ ਬਣਾਉਣ ਵਾਲੇ ਲਈ। ਪੱਤਰਕਾਰੀ ਆਪਣੇ ਆਪ ਨੂੰ ਜਨਤਾ ਦੇ ਜ਼ਿੰਮੇਵਾਰ ਸਲਾਕਹਾਰ ਦੇ ਰੂਪ 'ਚ ਨਹੀਂ ਮੰਨਦੇ ਕਿ ਬਿਨਾਂ ਕਿਸੇ ਮਕਸਦ ਦੇ ਖਬਰ ਦੇਣਾ, ਨਿਰਭੈ ਰੂਪ 'ਚ ਉਹਨਾਂ ਲੋਕਾਂ ਦੀ ਨਿੰਦਾ/ਨਿਖੇਧੀ ਕਰਨਾ ਹੈ ਜੋ ਗਲਤ ਰਸਤੇ ਜਾ ਰਹੇ ਹੋਣ। ਚਾਹੇ ਉਹ ਕਿੰਨੇ ਵੀ ਤਾਕਤਵਰ ਕਿਉਂ ਨਾ ਹੋਣ, ਪੂਰੀ ਕੌਮ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਨੀਤੀ 'ਤੇ ਚੱਲਣਾ ਪੱਤਰਕਾਰ ਦਾ ਪਹਿਲਾ ਕਰਤਵ ਬਣ ਜਾਂਦਾ ਹੈ। ਅੱਜ ਵਿਅਕਤੀ ਪੂਜਾ ਉਹਨਾਂ ਦਾ ਮੁੱਖ ਕੰਮ ਬਣ ਗਿਆ ਹੈ। ਭਾਰਤੀ ਪ੍ਰੈਸ 'ਚ ਸਮਾਚਾਰ ਨੂੰ ਸਨਸਨੀਖੇਜ਼ ਬਣਾਉਣਾ, ਤਾਰਕਿਕ ਵਿਚਾਰਾਂ ਦੀ ਥਾਂ ਅਤਾਰਕਿਕ ਜਨੂੰਨੀ ਗੱਲਾਂ ਲਿਖਣਾ ਤੇ ਜ਼ਿੰਮੇਵਾਰ ਲੋਕਾਂ ਦੀ ਬੁੱਧੀ ਨੂੰ ਜਾਗਰਿਤ ਕਰਨ ਦੀ ਬਜਾਏ ਗੈਰ-ਜ਼ਿੰਮੇਵਾਰ ਲੋਕਾਂ ਦੀਆਂ ਭਾਵਨਾਵਾਂ ਭੜਕਾਉਣਾ ਆਮ ਗੱਲ ਹੈ। ਵਿਅਕਤੀ ਪੂਜਾ ਦੀ ਖਾਤਰ ਦੇਸ਼ ਦੇ ਹਿੱਤਾਂ ਦੀ ਇੰਨੀ ਵਿਵੇਕਹੀਣ ਬਲੀ ਇਸ ਤੋਂ ਪਹਿਲਾਂ ਕਦੀ ਨਹੀਂ ਦਿੱਤੀ ਗਈ। ਵਿਅਕਤੀ ਪੂਜਾ ਕਦੇ ਇੰਨੀ ਅੰਨ੍ਹੀ ਨਹੀਂ ਸੀ ਜਿੰਨੀ ਕਿ ਅੱਜ ਦੇ ਭਾਰਤ 'ਚ ਹੈ। ਮੈਨੂੰ ਇਹ ਕਹਿੰਦਿਆਂ ਖੁਸ਼ੀ ਹੁੰਦੀ ਹੈ ਕਿ ਕੁਝ ਸਨਮਾਨਿਤ ਅਪਵਾਦ ਹੈਨ ਪਰ ਉਹਨਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਹਨਾਂ ਦੀ ਆਵਾਜ਼ ਕਦੇ ਨਹੀਂ ਸੁਣੀ ਜਾਂਦੀ। ਕੀ ਡਾ. ਅੰਬੇਦਕਰ ਦੇ ਇਕ ਪੱਤਰਕਾਰ ਵਜੋਂ ਉਪਰੋਕਤ ਕਥਨ ਅੱਜ ਵੀ ਸੱਚ ਨਹੀਂ? ਸੋਚਣ ਦਾ ਵਿਸ਼ਾ ਹੈ।

## "ਆਨਲਾਈਨ ਵੋਟਿੰਗ ਸਿਸਟਮ"

ਲੋਕਤੰਤਰੀ ਦੇਸ਼ ਵਿੱਚ ਕੀ ਹਰ ਇੱਕ ਨਾਗਰਿਕ ਆਪਣੀ ਇੰਨ੍ਹੀ ਜ਼ਿੰਮੇਵਾਰੀ ਸਮਝਦਾ ਹੈ? ਕੀ ਹਰ ਇੱਕ ਨਾਗਰਿਕ ਹਰ ਪੋਲਿਟੀਕਲ ਦੀ ਚੱਜ ਨਾਲ ਛਾਣਬੀਣ ਕਰਦਾ ਹੈ ਵੋਟ ਪਾਉਣ ਤੋਂ ਪਹਿਲਾਂ? ਇਸ ਦਾ ਜਵਾਬ ਹੈ ਉਨਹੀਂ।" ਇਹ ਸੁਣਨ ਵਿੱਚ ਤਾਂ ਬਹੁਤ ਕੌੜਾ ਲਗਦਾ ਹੈ, ਪਰ ਇਹ ਕੜਵੀ ਸੱਚਾਈ ਹੈ। ਹੁਣ ਤੁਸੀਂ ਆਪ ਹੀ ਦੇਖੋ, ਜੋ ਪੱੜ੍ਹੇ ਲਿਖੇ ਲੋਕ ਹਨ, ਜੋ ਸਹੀ ਪਾਰਟੀ ਦਾ ਚੁਣਾਵ ਕਰ ਸਕਦੇ ਹਨ, ਉਹ ਤਾ ਆਪਣੇ ਘਰ ਬੈਠੇ ਹਨ, ਉਹ ਤਾਂ ਵੋਟ ਪਾਉਣ ਹੀ ਨਹੀਂ ਜਾਂਦੇ ਅਤੇ ਜਿਹੜੇ ਦੋ ਸੋ ਰੁਪਏ ਲੈ ਦੇ ਵੋਟ ਪਾਉਂਦੇ ਹਨ, ਉਹ ਸਾਰੇ ਹੀ ਆਪਣੀ ਵੋਟ ਪਾਉਣ ਪੁੱਜ ਜਾਂਦੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਸਹੀ ਸਰਕਾਰ ਕਿਵੇਂ ਚੁਣੀ ਜਾ ਸਕਦੀ ਹੈ। ਇਹ ਤਾਂ ਕੁੱਝ ਨਾ ਕੁੱਝ ਕਰਕੇ, ਕੋਈ ਹੀਲਾ ਵਸੀਲਾ ਕਰਕੇ, ਪੱੜ੍ਹੇ ਲਿਖੇ ਵਰਗ ਨੂੰ ਵੋਟਿੰਗ ਵਿੱਚ ਸ਼ਾਮਲ ਕਰਨਾ ਹੀ ਪਵੇਗਾ ਅਤੇ ਇਹ ਵਰਗ ਸ਼ਾਮਲ ਕਰਨ ਲਈ ਆਨਲਾਈਨ ਵੋਟਿੰਗ ਸਿਸਟਮ ਸ਼ੁਰੂ ਕਰਨਾ ਹੀ ਪਵੇਗਾ। ਇਹ ਕਰਨ ਨਾਲ ਇਲੈਕਸ਼ਨਾਂ ਸੰਬੰਧੀ ਹੁੰਦੇ ਲੜਾਈ ਝਗੜੇ ਵੀ ਨਾਲੋ ਨਾਲ ਖਤਮ ਹੋ ਜਾਣਗੇ। ਸੋ ਅੰਤ ਮੈਂ ਸਰਕਾਰ ਨੂੰ ਇਹੋ ਹੀ ਗੁਜ਼ਾਰਿਸ਼ ਕਰਾਂਗਾ ਕਿ ਆਨਲਾਈਨ ਵੋਟਿੰਗ ਸਿਸਟਮ ਬਣਾਇਆ ਜਾਵੇ।

## ਅਰਜ ਪ੍ਰਧਾਨ ਦੀ!

ਧਰਮੀਂ ਦਿਸਣ ਲਈ ਲੋਕਾਂ ਦੀ ਨਜ਼ਰ ਅੰਦਰ
ਗੱਲੀਂ-ਬਾਤੀਂ ਭਗਵਾਨ ਤੋਂ ਡਰੀ ਜਾਵੋ।

ਆਲੀਸ਼ਾਨ ਇਮਾਰਤਾਂ ਸੋਂਹਦੀਆਂ ਨੇ
ਮਾਇਆ 'ਭੇਂਟ' ਕਰ ਭਵਜਲ ਨੂੰ ਤਰੀ ਜਾਵੋ।

ਭਾਂਤ ਭਾਂਤ ਦਾ ਲੰਗਰ ਹੈ ਤਿਆਰ ਹੁੰਦਾ
ਸਿਫਤਾਂ 'ਛਕਦਿਆਂ' ਸਾਡੀਆਂ ਕਰੀ ਜਾਵੋ।

'ਮੱਤਾਂ ਦੇਣ' ਦਾ ਕਰਿਉ ਨਾ ਕਸ਼ਟ ਕੋਈ
ਬਣੀ ਹੋਈ 'ਕਮੇਟੀ' ਨੂੰ ਜਰੀ ਜਾਵੋ।

ਭਾਵੇਂ ਦਿਲ ਨੂੰ ਕਰੋ ਬੇਖੌਫ ਹੋ ਕੇ
ਐਵੇਂ ਫਲਸਫੇ ਖਾਤਰ ਨਾ ਮਰੀ ਜਾਵੋ।

ਕਰੀ 'ਬਿਨੈ' ਪ੍ਰਧਾਨ ਨੇ ਸੰਗਤਾਂ ਨੂੰ
ਮੱਥਾ ਟੇਕੋ ਤੇ ਗੋਲਕਾਂ ਭਰੀ ਜਾਵੋ!

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



## ਗ਼ਜ਼ਲ



ਸੂਰਜ ਨੂੰ ਕੀ ਪਤਾ ਆਪਣੇ ਸੇਕ ਦਾ,
ਉਸ ਦਾ ਸੇਕ ਤਾਂ ਲੋਕ ਦੱਸਦੇ ਨੇ।

ਕੁਝ ਘਰਾਂ 'ਚ ਕੁਝ ਰੁੱਖਾਂ ਹੇਠ ਬੈਠਕੇ,
ਲੋਕ ਸੂਰਜ ਦੇ ਸੇਕ ਤੋਂ ਬਚਦੇ ਨੇ।
ਮਜ਼ਦੂਰਾਂ ਦਾ ਜੀਵਨ ਜਰਾ ਵੱਖਰਾ ਹੈ,
ਸਿਰ ਤੇ ਟੋਪੀ, ਕੰਮ ਤੇ ਸੀਨੇ ਮਚਦੇ ਨੇ।

ਸ਼ੁਕਰ ਅਜੇ ਰੱਬ ਦਾ, ਕਿ ਸੂਰਜ ਦੂਰ ਹੈ,
ਨੀਂ ਤਾਂ ਲੋਕ ਰੜ੍ਹ ਜਾਂਦੇ, ਜੋ ਹਾਲੇ ਵੱਸਦੇ ਨੇ।
ਕੁਦਰਤ ਦੇ ਅਸੂਲ ਚਾਹੇ ਚੰਗੇ ਨੇ ਪਰ,
ਕਿਤੇ ਦੁਸ਼ਮਣੀ ਕਿਤੇ ਦੁਸ਼ਮਣ ਪਲਦੇ ਨੇ।

ਬਾਕੀ ਪਸ਼ੂ-ਪੰਛੀਆਂ ਵੀ ਜੀਵਨ ਜੀਣਾ ਜੱਗ ਤੇ,
ਬੇਸ਼ੱਕ ਸੂਰਜ ਮਘਦਾ ਜਾਂ ਮਾਰੂਥਲ ਤਪਦੇ ਨੇ।
ਚੰਦ ਨੂੰ ਵੀ ਆਪਣੀ ਚਾਨਣੀ ਦਾ ਕੀ ਪਤਾ 'ਕਮਲ'
ਜਿਹੜੇ ਚਾਨਣ ਮਾਣਦੇ, ਉਹੀ ਦੱਸਦੇ ਨੇ।

-ਕਮਲ ਬੰਗਾ ਸੈਕਰਾਮੈਂਟੋ 916-897-8570

## ਸ਼ਾਂਤੀ ਦਿਵਸ

ਹੈ ਜੱਗ ਤੇ ਜੇ ਜਿਓਣਾ ਤਾਂ ਸ਼ਾਂਤੀ ਦਾ ਰਾਹ ਅਪਣਾਓ
ਕੋਈ ਵੀ ਹੋਵੇ ਜੇ ਮਸਲਾ ਨਾਲ ਪਿਆਰ ਦੇ ਸੁਲਝਾਓ

ਇਹੋ ਜਿਹੀ ਕਿਹੜੀ ਗੱਲ ਜਿਸ ਦਾ ਨਹੀਂ ਹੱਲ ਹੁੰਦਾ ਬੈਠ
ਨਿਪਟਾਉਣੀ ਜੇ ਖੁੰਦਕ ਤਾਂ ਗੱਲ ਮਨ ਦੀ ਆਪਣੇ ਸੁਣਾਓ

ਮਸਲਾ ਵਿਗੜ ਜਾਂਦਾ ਜਿਦ ਨਾਲ ਸ਼ਾਂਤੀ ਨਾਲ ਨਿਬੜੇ
ਐਵੇਂ ਜਿੱਦ ਨਾਲ ਮਸਲੇ ਨਾ ਰਾਈ ਤੋਂ ਪਹਾੜ ਬਣਾਓ

ਚਾਹੇ ਮਸਲਾ ਦੇਸ਼ ਦਾ ਜਾਂ ਹੋਵੇ ਮਸਲਾ ਘਰਦਾ ਜੀ
ਸ਼ਾਂਤੀ ਦੇ ਰਾਹ ਚਲ ਜ਼ਿੰਦਗੀ ਸੁਖਾਲੀ ਸਭ ਬਣਾਓ

ਜੰਗ ਨਾਲ ਹੁੰਦਾ ਬਸ ਖੂਨ ਖਰਾਬਾ ਤੇ ਵਿਨਾਸ਼ ਹੈ
ਇਹ ਨਾ ਜੱਗ ਤੇ ਉੱਤੇ ਬਾਹਲਾ ਵਿਨਾਸ਼ ਪਹਾੜ ਬਣਾਓ।

– ਹਰਦੀਪ ਬਿਰਦੀ
9041600900

### ਸਮਾਜ 'ਚ ਵਿਚਰਦਿਆਂ ਤੇ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਘੋਖਦਿਆਂ-ਪਰਖਦਿਆਂ

# ਪੰਜਾਬ, ਪੰਜਾਬੀ ਸੂਬਾ ਤੇ ਪੰਜਾਹਵੀਂ ਵਰ੍ਹੇਗੰਢ



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬੀ ਸੂਬਾ ਬਣੇ ਨੂੰ 50 ਵਰ੍ਹੇ ਹੋ ਗਏ ਹਨ। ਸਾਲ 1966 'ਚ ਪੰਜਾਬ ਤੇ ਹਰਿਆਣਾ ਅੱਡੋ-ਅੱਡ ਹੋ ਗਏ ਸਨ। ਭਾਸ਼ਾ 'ਤੇ ਆਧਾਰਤ ਪੰਜਾਬੀ ਸੂਬੇ ਦੀ ਸਥਾਪਨਾ ਹੋ ਗਈ। ਪੰਜਾਬ ਬਣ ਗਿਆ ਪੰਜਾਬੀ ਸੂਬਾ। ਤ੍ਰੈ-ਭਾਸ਼ੀ ਸੂਬੇ ਪੰਜਾਬ ਵਿੱਚ 'ਪੰਜਾਬੀ ਬੋਲੀ' ਰਾਜ ਭਾਸ਼ਾ ਵਜੋਂ ਬਿਰਾਜਮਾਨ ਹੋ ਗਈ। 50 ਵਰ੍ਹਿਆਂ ਬਾਅਦ ਕੀ ਇੰਜ ਜਾਪਦਾ ਹੈ ਕਿ ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ?

ਭਾਸ਼ਾ ਆਧਾਰਤ ਪੰਜਾਬੀ ਸੂਬਾ ਬਣਾਉਣ ਲਈ ਵੱਡੀ ਜੱਦੋ-ਜਹਿਦ ਹੋਈ। ਸੂਬੇ ਦੀਆਂ ਕੁਝ ਰਾਜਨੀਤਕ ਪਾਰਟੀਆਂ, ਧਿਰਾਂ ਦੇ ਆਗੂਆਂ ਨੇ ਪੰਜਾਬੀ ਸੂਬਾ ਬਣਾਉਣ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਮੋਰਚੇ ਦੀ ਸਫ਼ਲਤਾ ਉਪਰੰਤ ਬਣੇ ਸੂਬੇ ਨੂੰ ਲੰਗੜਿਆਂ ਕਰ ਕੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਕੁਝ ਇਲਾਕੇ ਪੰਜਾਬੋਂ ਬਾਹਰ ਰਹਿਣ ਦਿੱਤੇ ਗਏ। ਭਾਖੜਾ ਤੇ ਪੌਂਗ ਡੈਮ ਆਦਿ ਦੀ ਮੈਨੇਜਮੈਂਟ ਬਣਾ ਕੇ ਕਬਜ਼ਾ ਉਸੇ ਤਰ੍ਹਾਂ ਕੇਂਦਰੀ ਸਰਕਾਰ ਦਾ ਰਹਿਣ ਦਿੱਤਾ ਗਿਆ, ਜਿਵੇਂ 50 ਵਰ੍ਹੇ ਬੀਤਣ ਬਾਅਦ ਵੀ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਹੈ।

ਇਸ ਸਮੇਂ ਸੂਬੇ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਉੱਤੇ ਮੌਜੂਦਾ ਸਰਕਾਰ ਵੱਲੋਂ ਜਸ਼ਨ ਮਨਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਕੀ ਇਹ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਸਿਆਸੀ ਲਾਭ ਲੈਣ ਲਈ ਤਾਂ ਨਹੀਂ? ਕੁਝ ਲੋਕਾਂ ਵੱਲੋਂ 50ਵੀਂ ਵਰ੍ਹੇਗੰਢ ਮਨਾਉਣ ਦੇ ਜਸ਼ਨਾਂ ਦਾ ਵਿਰੋਧ ਹੋਣ ਲੱਗਾ ਹੈ। ਕੀ ਇਹ ਵਿਰੋਧ ਖ਼ਾਤਰ ਹੀ ਵਿਰੋਧ ਤਾਂ ਨਹੀਂ? ਇੰਜ, ਸਵਾਲ ਉੱਠਦਾ ਹੈ ਕਿ 50 ਵਰ੍ਹਿਆਂ 'ਚ ਇਸ ਸੂਬੇ 'ਚ ਬਣੀਆਂ ਸਰਕਾਰਾਂ ਨੇ ਐਡੀਆਂ ਕਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਉੱਤੇ ਮਾਣ ਕੀਤਾ ਜਾ ਸਕੇ ਅਤੇ ਜਸ਼ਨ ਮਨਾਏ ਜਾ ਸਕਣ?

**ਪੰਜਾਬੀ ਸੂਬੇ 'ਚ ਪੰਜਾਬੀ ਦੀ ਸਥਿਤੀ**

ਪੰਜਾਬੀ ਬੋਲੀ ਦਾ ਜਿੰਨਾ ਮੰਦਾ ਹਾਲ ਪੰਜਾਬ ਸੂਬੇ 'ਚ ਹੈ, ਸ਼ਾਇਦ ਹਿੰਦੋਸਤਾਨ ਦੇ ਕਿਸੇ ਵੀ ਰਾਜ ਵਿੱਚ ਉਥੋਂ ਦੀ ਮਾਤ ਭਾਸ਼ਾ ਜਾਂ ਰਾਜ ਭਾਸ਼ਾ ਦਾ ਨਹੀਂ ਹੋਣਾ। ਪੰਜਾਬ ਦੇ ਦਫ਼ਤਰਾਂ ਵਿੱਚ ਪੰਜਾਬੀ ਦੀ ਦੁਰਗਤ ਹੈ। ਸੂਬੇ ਦੀਆਂ ਅਦਾਲਤਾਂ 'ਚ ਪੰਜਾਬੀ ਲਾਗੂ ਨਹੀਂ ਹੋ ਸਕੀ, ਜਦੋਂ ਕਿ ਉੱਚ ਅਦਾਲਤਾਂ ਵੱਲੋਂ ਅਦਾਲਤੀ ਕੰਮ ਮਾਤ ਭਾਸ਼ਾ, ਰਾਜ ਭਾਸ਼ਾ ਵਿੱਚ ਕੀਤੇ ਜਾਣਾ ਤੈਅ ਹੋ ਚੁੱਕਾ ਹੈ। 50 ਵਰ੍ਹਿਆਂ 'ਚ ਸੂਬਾ ਸਰਕਾਰਾਂ ਪੰਜਾਬ ਵਿੱਚ ਰਾਜ ਭਾਸ਼ਾ ਨੂੰ ਕਾਰੋਬਾਰੀ ਭਾਸ਼ਾ ਨਹੀਂ ਬਣਾ ਸਕੀਆਂ। ਪੰਜਾਬ ਦੇ ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਪੰਜਾਬੀ ਨਾਲ ਮਤਰੇਈ ਮਾਂ ਵਰਗਾ ਸਲੂਕ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨੇ ਹੋ ਰਹੇ ਹਨ ਅਤੇ ਪੰਜਾਬੀ ਪੜ੍ਹਨ-ਲਿਖਣ ਤੋਂ ਉਨ੍ਹਾਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਇੰਜ, ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ 'ਚ ਐੱਮ ਏ ਪੰਜਾਬੀ 'ਚ ਕੁੱਲ ਮਨਜ਼ੂਰ ਸੀਟਾਂ ਵਿੱਚੋਂ 75 ਫ਼ੀਸਦੀ ਹਰ ਵਰ੍ਹੇ ਖ਼ਾਲੀ ਰਹਿ ਜਾਂਦੀਆਂ ਹਨ, ਕਿਉਂਕਿ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਦੀ ਰੁਚੀ ਘਟ ਗਈ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣਿਆ ਭਾਸ਼ਾ ਵਿਭਾਗ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹੋ ਚੁੱਕਾ ਹੈ। ਵਿਭਾਗ ਨੂੰ ਬੱਜਟ ਦੀ ਘਾਟ ਕਾਰਨ ਸੇਵਾ-ਮੁਕਤ ਹੋ ਰਹੇ ਮੁਲਾਜ਼ਮਾਂ ਦੀ ਥਾਂ ਉੱਤੇ ਨਵੇਂ ਮੁਲਾਜ਼ਮ ਨਹੀਂ ਰੱਖੇ ਜਾ ਰਹੇ। ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ 'ਚ ਕੰਮ ਕਰਨ ਵਾਲਿਆਂ ਦੀ ਗਿਣਤੀ ਅੱਧੀ ਰਹਿ ਗਈ ਹੈ। ਜ਼ਿਲ੍ਹਾ ਭਾਸ਼ਾ ਦਫ਼ਤਰਾਂ ਦੀ ਹਾਲਤ ਤਾਂ ਅਸਲੋਂ ਹੀ ਦਰਦਨਾਕ ਸਥਿਤੀ ਤੱਕ ਪੁੱਜ ਚੁੱਕੀ ਹੈ। ਪੰਜਾਬ 'ਚ ਜ਼ਿਲ੍ਹਾ ਪਬਲਿਕ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ 96 ਪੋਸਟਾਂ ਲਾਇਬਰੇਰੀਅਨਾਂ ਦੀਆਂ ਹਨ। ਇਨ੍ਹਾਂ ਵਿੱਚੋਂ 73 ਖਾ਼ਲੀ ਹਨ। ਲਾਇਬ੍ਰੇਰੀਆਂ ਦੇ ਰਿਸਟੋਰਰਾਂ ਦੀਆਂ 72 ਆਸਾਮੀਆਂ ਵਿੱਚੋਂ 47 ਖ਼ਾਲੀ ਹਨ। ਸਰਕਾਰੀ ਕਾਲਜਾਂ ਦੀਆਂ ਲਾਇਬ੍ਰੇਰੀਆਂ 'ਚ ਸਿਰਫ਼ 14 ਲਾਇਬ੍ਰੇਰੀਅਨ ਹਨ, ਜਦੋਂ ਕਿ 34 ਲਾਇਬ੍ਰੇਰੀਆਂ ਲਾਇਬ੍ਰੇਰੀਅਨਾਂ ਤੋਂ ਬਿਨਾਂ ਹਨ। ਨਵੇਂ ਖੋਲ੍ਹੇ ਜਾ ਰਹੇ ਕਾਲਜਾਂ ਵਿੱਚ ਲਾਇਬ੍ਰੇਰੀਅਨਾਂ ਦੀਆਂ ਪੋਸਟਾਂ ਹੀ ਨਹੀਂ ਰੱਖੀਆਂ ਗਈਆਂ।




ਸਰਕਾਰੀ ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਵਧੇਰੇ ਆਸਾਮੀਆਂ ਖ਼ਾਲੀ ਹਨ ਅਤੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਬਹੁ-ਗਿਣਤੀ ਪੰਜਾਬੀ ਅਧਿਆਪਕ ਸੇਵਾ-ਮੁਕਤ ਹੋ ਚੁੱਕੇ ਹਨ। ਉਨ੍ਹਾਂ ਦੀ ਥਾਂ ਨਵੇਂ ਭਰਤੀ ਹੀ ਨਹੀਂ ਕੀਤੇ ਗਏ। ਸਰਕਾਰੀ ਕਾਲਜਾਂ 'ਚ ਠੇਕੇ 'ਤੇ ਕੁਝ ਮਹੀਨਿਆਂ ਲਈ ਨਿਗੂਣੀ ਜਿਹੀ ਤਨਖ਼ਾਹ ਉੱਪਰ ਬਾਕੀ ਲੈਕਚਰਾਰਾਂ ਵਾਂਗ ਪੰਜਾਬੀ ਦੇ ਲੈਕਚਰਾਰ ਭਰਤੀ ਕੀਤੇ ਜਾਂਦੇ ਹਨ। ਨਿੱਜੀ ਪ੍ਰਾਈਵੇਟ ਸਕੂਲਾਂ 'ਚ ਤਾਂ ਪੰਜਾਬੀ ਭਾਸ਼ਾ ਲਈ ਜਾਂ ਤਾਂ ਚੰਗੇ ਟੀਚਰ ਭਰਤੀ ਹੀ ਨਹੀਂ ਕੀਤੇ ਜਾਂਦੇ ਜਾਂ ਫਿਰ ਉਨ੍ਹਾਂ ਨੂੰ ਬਾਕੀ ਟੀਚਰਾਂ ਦੇ ਮੁਕਾਬਲੇ ਘੱਟ ਤਨਖ਼ਾਹ ਮਿਲਦੀ ਹੈ। ਇੰਜ, ਪੰਜਾਬ ਦੇ ਸਕੂਲਾਂ, ਕਾਲਜਾਂ, ਦਫ਼ਤਰਾਂ, ਕਚਹਿਰੀਆਂ, ਕਾਰੋਬਾਰੀ ਅਦਾਰਿਆਂ, ਕਾਰਪੋਰੇਸ਼ਨਾਂ, ਬੋਰਡਾਂ 'ਚ ਪੰਜਾਬੀ ਨੂੰ ਦੁਰਕਾਰਿਆ ਜਾ ਰਿਹਾ ਹੈ।

ਪੰਜਾਬ 'ਚ ਨਿੱਤ ਖੁੱਲ੍ਹ ਰਹੀਆਂ ਕਾਰੋਬਾਰੀ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਵਿੱਚ ਤਾਂ ਪੰਜਾਬੀ ਬੋਲੀ ਨੂੰ ਖੰਘਣ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਜਾਂ ਪੰਜਾਬ ਦੇ ਕਾਲਜਾਂ ਵਿੱਚ ਜਾਂ ਪ੍ਰੋਫੈਸ਼ਨਲ ਕਾਲਜਾਂ ਵਿੱਚ ਇੰਜੀਨੀਅਰਿੰਗ, ਡਾਕਟਰੀ, ਸਾਇੰਸ ਦੀ ਪੰਜਾਬੀ ਮਾਧਿਅਮ 'ਚ ਪੜ੍ਹਾਈ ਕਰਾਉਣ ਲਈ ਪੰਜਾਹ ਵਰ੍ਹਿਆਂ 'ਚ ਗੋਹੜੇ ਵਿੱਚੋਂ ਪੂਣੀ ਤੱਕ ਨਹੀਂ ਕੱਤੀ ਗਈ। ਪੰਜਾਬ ਟੈੱਕਸਟ ਬੁੱਕ ਬੋਰਡ ਦਾ ਕੰਮ ਲੱਗਭੱਗ ਬੰਦ ਹੈ। ਪੰਜਾਬ ਆਰਟਸ ਕੌਂਸਲ ਆਦਿ ਵਰਗੇ ਅਦਾਰਿਆਂ, ਜੋ ਪੰਜਾਬੀ ਬੋਲੀ, ਕਲਾ, ਸਾਹਿਤ ਦੀ ਪ੍ਰਫੱਲਤਾ ਨਾਲ ਸੰਬੰਧਤ ਹਨ, ਉੱਤੇ ਸਿਆਸੀ ਲੋਕਾਂ ਜਾਂ ਗ਼ੈਰ-ਸਾਹਿਤਕ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਪੰਜਾਬੀ ਦੀ ਇਹੋ ਜਿਹੀ ਤਰਸ ਯੋਗ ਹਾਲਤ ਦੇ ਚੱਲਦਿਆਂ ਜੇਕਰ ਪੰਜਾਬੀ ਦੇ ਲੇਖਕਾਂ, ਲੇਖਕ ਜਥੇਬੰਦੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਸਖ਼ਤੀ ਨਾਲ ਦਫ਼ਤਰਾਂ, ਸਕੂਲਾਂ 'ਚ ਲਾਗੂ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਆਵਾਜ਼ ਸੁਣਨ ਦੀ ਸਰਕਾਰ ਕੋਲ ਵਿਹਲ ਹੀ ਨਹੀਂ।

**ਪੰਜਾਬੀ ਸੂਬੇ ਦੀਆਂ ਪ੍ਰਾਪਤੀਆਂ**

ਪੰਜਾਬ ਦੀ ਆਬਾਦੀ ਹੁਣ ਲੱਗਭੱਗ ਪੌਣੇ ਤਿੰਨ ਕਰੋੜ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਸਮੇਂ-ਸਮੇਂ ਸਰਕਾਰਾਂ ਵੱਲੋਂ ਖੇਤੀ ਉਤਪਾਦਨ ਵਧਾਉਣ ਦੇ ਨਾਮ ਉੱਤੇ ਰਿਵਾਇਤੀ ਫ਼ਸਲੀ ਚੱਕਰ ਛੱਡ ਕੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਝੋਨੇ ਤੇ ਕਣਕ ਦੀ ਪੈਦਾਵਾਰ ਇਸ ਕਦਰ ਵਧਾਉਣ ਉੱਤੇ ਜ਼ੋਰ ਲਗਵਾ ਦਿੱਤਾ ਗਿਆ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਚਿੰਤਾ ਜਨਕ ਹਾਲਤ ਵਿੱਚ ਪੁੱਜ ਚੁੱਕਾ ਹੈ। ਫ਼ਸਲਾਂ ਦੇ ਝਾੜ 'ਚ ਵਾਧੇ ਦੀ ਦੌੜ 'ਚ ਕੀਟ ਨਾਸ਼ਕ ਦਵਾਈਆਂ ਤੇ ਖ਼ਾਦਾਂ ਦੀ ਵਰਤੋਂ ਨੇ ਪੰਜਾਬ ਦੀ ਧਰਤੀ ਜ਼ਹਿਰੀਲੀ ਬਣਾ ਦਿੱਤੀ ਹੈ। ਖੇਤੀ ਉਦਯੋਗ, ਜਿਸ ਦੀ ਸੂਬੇ 'ਚ ਜ਼ਰੂਰਤ ਸੀ, ਨਾਂਹ ਦੇ ਬਰਾਬਰ ਹੈ। ਪੰਜਾਬ ਵਰਗਾ ਖੁਸ਼ਹਾਲ ਸੂਬਾ ਪਿਛਲੇ ਪੰਜਾਹ ਸਾਲਾਂ ਦੇ ਮੁਕਾਬਲੇ ਆਰਥਿਕ ਪੱਖੋਂ ਖੋਖਲਾ ਹੋਇਆ ਹੈ। ਨਿੱਜੀ ਔਸਤ ਆਮਦਨ ਦੇ ਮਾਮਲੇ ਵਿੱਚ ਦੇਸ਼ 'ਚ ਵਧੇਰੇ ਆਮਦਨ ਦਾ ਸਰਕਾਰਾਂ ਭਾਵੇਂ ਢੰਡੋਰਾ ਪਿੱਟਣ, ਪਰ ਸੂਬੇ ਦੇ ਆਮ ਨਾਗਰਿਕ ਦੀ ਪਹੁੰਚ ਸਿਹਤ, ਸਿੱਖਿਆ ਸਹੂਲਤਾਂ ਦੀ ਪ੍ਰਾਪਤੀ 'ਚ ਪਹਿਲਾਂ ਨਾਲੋਂ ਔਖੀ ਹੋਈ ਹੈ।

ਪੰਜਾਬ ਦੇ ਬਾਸ਼ਿੰਦਿਆਂ ਦੇ ਜੀਵਨ ਪੱਧਰ 'ਚ ਕੋਈ ਵਰਨਣ ਯੋਗ ਵਾਧਾ ਨਹੀਂ ਹੋਇਆ, ਜਿਸ ਦੀ ਤਵੱਕੋ ਘੱਟ ਆਬਾਦੀ ਵਾਲੇ ਛੋਟੇ ਸੂਬੇ ਦੇ ਵਿਕਾਸ 'ਚ ਪੁਲਾਂਘਾਂ ਪੁੱਟਣ ਬਾਰੇ ਕੀਤੀ ਜਾਂਦੀ ਸੀ। ਗ਼ਰੀਬ ਹੋਰ ਗ਼ਰੀਬ ਹੋਇਆ ਹੈ ਅਤੇ ਉਸ ਦੀਆਂ ਨਿੱਤ- ਪ੍ਰਤੀ ਦੀਆਂ ਲੋੜਾਂ ਦੀ ਅਪੂਰਤੀ ਉਸ ਨੂੰ ਆਪਣੀ ਜੀਵਨ ਲੀਲਾ ਦੇ ਖ਼ਾਤਮੇ ਵੱਲ ਤੋਰ ਰਹੀ ਹੈ।

ਕੀ ਇਹੋ ਜਿਹੀ ਸਥਿਤੀ 'ਚ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਧੂਮ-ਧੜੱਕਿਆਂ ਨਾਲ ਮਨਾਈ ਜਾਣੀ ਬਣਦੀ ਹੈ? ਬੇਸ਼ੱਕ ਨਿੱਤ ਇਸ਼ਤਿਹਾਰਾਂ ਰਾਹੀਂ ਪਿੰਡਾਂ-ਸ਼ਹਿਰਾਂ ਦੀ ਤਰੱਕੀ ਦੇ ਸਰਕਾਰਾਂ ਕਸੀਦੇ ਕੱਢਣ, ਬੁਨਿਆਦੀ ਢਾਂਚੇ ਦੇ ਵਿਕਾਸ ਦੇ ਦਮਗਜੇ ਮਾਰਨ, ਪਰ ਪਿੰਡਾਂ ਦੇ ਸਕੂਲਾਂ, ਹਸਪਤਾਲਾਂ, ਸੜਕਾਂ ਦੀ ਮੰਦੀ ਹਾਲਤ ਨੂੰ ਲੁਕਾਇਆ ਨਹੀਂ ਜਾ ਸਕਦਾ। ਡਿਜੀਟਲ ਪੰਜਾਬ, ਨਵੀਂਆਂ ਕੰਪਿਊਟੀਕਰਨ ਸੁਵਿਧਾਵਾਂ ਬਾਰੇ ਲੋਕਾਂ ਨੂੰ ਸਰਕਾਰਾਂ ਵੱਲੋਂ ਲੱਖ ਭੁਲੇਖੇ ਪਾਏ ਜਾਣ, ਪਰ ਸਰਕਾਰੀ ਪੱਧਰ 'ਤੇ ਦਫ਼ਤਰਾਂ 'ਚ ਫੈਲੇ ਭ੍ਰਿਸ਼ਟਾਚਾਰ, ਪਿੰਡਾਂ-ਸ਼ਹਿਰਾਂ 'ਚ ਨਸ਼ਿਆਂ ਦੇ ਪਾਸਾਰ, ਮਿਲਾਵਟਖੋਰੀ, ਭਾਈ-ਭਤੀਜਾਵਾਦ, ਧੱਕੜਸ਼ਾਹੀ ਜਿਹੀਆਂ ਅਲਾਮਤਾਂ ਨੇ ਪੰਜਾਬੀਆਂ ਨੂੰ ਜਿਵੇਂ ਪਿੰਜ ਸੁੱਟਿਆ ਹੈ। ਕੀ ਇਸ ਦਾ ਸਰਕਾਰਾਂ ਕੋਲ ਕੋਈ ਜਵਾਬ ਹੈ?

ਪੰਜਾਬ ਦੇ ਲੋਕ ਇਨ੍ਹਾਂ ਵਰ੍ਹਿਆਂ ਵਿੱਚ ਨਿਤਾਣੇ-ਨਿਮਾਣੇ ਹੋਏ ਮਹਿਸੂਸ ਕਰਦੇ ਹਨ ਅਤੇ ਨੇਤਾ ਲੋਕ ਵਧੇਰੇ ਤਾਕਤਵਰ ਅਤੇ ਬਾਹੂਬਲੀ ਹੋਏ ਹਨ, ਜਿਹੜੇ ਲੋਕ ਦਰਦ ਨਹੀਂ, ਆਪਣੀ ਕੁਰਸੀ ਪ੍ਰਾਪਤੀ ਨੂੰ ਤਰਜੀਹ ਦੇਂਦੇ ਹਨ। ਇਹੋ ਜਿਹੇ ਹਾਲਾਤ 'ਚ ਕਿਸ ਪ੍ਰਾਪਤੀ ਉੱਤੇ ਮਾਣ ਕਰੇ ਪੰਜਾਬੀ ਸੂਬਾ? ਕਿਸ ਪ੍ਰਾਪਤੀ ਦੀ ਗੱਲ ਕਰਨ ਪੰਜਾਬੀ ਤੇ ਉਹ ਪੰਜਾਬੀ ਵੀ, ਜਿਨ੍ਹਾਂ ਨੂੰ ਰੋਟੀ ਦੀ ਖ਼ਾਤਰ ਪੰਜਾਬ ਤੋਂ ਵਿਦੇਸ਼ਾਂ ਅਤੇ ਦੂਜੇ ਸੂਬਿਆਂ ਨੂੰ ਭੱਜਣਾ ਪਿਆ, ਖ਼ਾਸ ਤੌਰ 'ਤੇ ਪਿਛਲੇ ਪੰਜਾਹਾਂ ਵਰ੍ਹਿਆਂ 'ਚ? ਉਹ ਪੰਜਾਬ ਨਾਲ ਹਿਰਖ ਨਾ ਕਰਨ ਤਾਂ ਕੀ ਕਰਨ?

ਬਿਨਾਂ ਸ਼ੱਕ ਵਰ੍ਹੇਗੰਢਾਂ ਮਨਾਈਆਂ ਜਾਣੀਆਂ ਚਾਹੀਦੀਆਂ ਹਨ, ਪ੍ਰਾਪਤੀਆਂ ਦੇ ਗੁਣ ਗਾਉਣ ਵਿੱਚ ਵੀ ਕੋਈ ਹਰਜ ਨਹੀਂ, ਪਰ ਜਾਣ ਬੁੱਝ ਕੇ ਗੁਆਈਆਂ ਜਾਣ ਵਾਲੀਆਂ ਚੀਜ਼ਾਂ ਦੇ ਜ਼ਿੰਮੇਵਾਰ ਵੀ ਤਾਂ ਉਨ੍ਹਾਂ ਲੋਕਾਂ ਨੂੰ ਠਹਿਰਾਉਣ ਦੀ ਲੋੜ ਹੈ, ਜਿਨ੍ਹਾਂ ਨੇ ਆਪਣੇ ਸਵਾਰਥਾਂ ਦੀ ਖ਼ਾਤਰ ਇਸ ਖਿੱਤੇ ਦਾ ਸਮੇਂ-ਸਮੇਂ ਅਮਨ ਭੰਗ ਕੀਤਾ, ਨੁਕਸਾਨ ਕੀਤਾ; ਜਾਨੀ ਵੀ ਤੇ ਮਾਲੀ ਵੀ; ਪੰਜਾਬੀਆਂ ਨੂੰ ਬਲਦੀ ਦੇ ਬੁਥੇ 'ਚ ਝੋਕਿਆ; ਜਿਨ੍ਹਾਂ ਨੇ ਲੋਕ ਤਰਜੀਹਾਂ ਛੱਡ ਕੇ ਸਿਰਫ਼ ਆਪਣੇ ਹਿੱਤ ਹੀ ਪਾਲੇ!

# ਪਿੰਡ ਮਾਣਕੋ ਵਿਖੇ ਰੂਡਸੈਟ ਸੰਸਥਾ ਵੱਲੋਂ ਬਿਊਟੀ ਪਾਰਲਰ ਕੋਰਸ ਦਾ ਸਮਾਪਤੀ ਸਮਾਰੋਹ

**ਜਲੰਧਰ (ਬਿਊਰੋ-** ਰੂਡਸੈਟ ਸੰਸਥਾ ਜਲੰਧਰ ਵੱਲੋਂ ਜ਼ਿਲ੍ਹਾ ਬਿਊਰੋ ਆਫ਼ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਦਫ਼ਤਰ ਜਲੰਧਰ ਦੇ ਸਹਿਯੋਗ ਨਾਲ ਪਿੰਡ ਮਾਣਕੋ ਜ਼ਿਲ੍ਹਾ ਜਲੰਧਰ ਵਿਖੇ 25 ਜੁਲਾਈ ਤੋਂ ਆਰੰਭ ਕੀਤਾ 35 ਲੜਕੀਆਂ ਦਾ ਬਿਊਟੀ ਪਾਰਲਰ ਦੇ ਕੋਰਸ ਦਾ ਸਮਾਪਤੀ ਸਮਾਰੋਹ 13 ਸਤੰਬਰ ਨੂੰ ਕੀਤਾ ਗਿਆ। ਇਹ ਕੋਰਸ ਸ੍ਰੀ ਗੁਰੂ ਰਵਿਦਾਸ ਮਿਸ਼ਨ ਅਤੇ ਵੈਲਫੇਅਰ ਸੁਸਾਇਟੀ ਮਾਣਕੋ ਵੱਲੋਂ ਰੂਡਸੈਟ ਸੰਸਥਾ ਤੋਂ ਕਰਵਾਇਆ ਗਿਆ। ਇਸ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀ ਪਵਨ ਕੁਮਾਰ ਟੀਨੂੰ ਵਿਧਾਇਕ ਹਲਕਾ ਆਦਮਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੁੱਖ ਮਹਿਮਾਨ ਦੇ ਇਸ ਸਮਾਰੋਹ ਵਿਚ ਪਹੁੰਚਣ ਤੇ ਸ੍ਰੀ ਸਤਨਾਮ ਸਿੰਘ ਸੰਧੂ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਅਤੇ ਵੈਲਫੇਅਰ ਸੁਸਾਇਟੀ ਮਾਣਕੋ, ਸ੍ਰੀ ਗੁਰਮੇਲ ਸਿੰਘ ਰੁਜ਼ਗਾਰ ਜਨਰੇਸ਼ਨ ਅਤੇ ਟਰੇਨਿੰਗ



ਅਫਸਰ ਜਲੰਧਰ, ਸ੍ਰੀ ਜਗਦੀਸ਼ ਕੁਮਾਰ ਡਾਇਰੈਕਟਰ ਰੂਡਸੈਟ ਸੰਸਥਾ ਜਲੰਧਰ, ਸ੍ਰੀਮਤੀ ਕਮਲੇਸ਼ ਰਾਣੀ ਸਰਪੰਚ ਅਤੇ ਸ੍ਰੀ ਕਮਲਜੀਤ ਸਿੰਘ ਸੰਧੂ ਪੰਚ ਅਤੇ ਸਮੂਹ ਪੰਚਾਇਤ ਮੈਂਬਰਾਂ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਪਿੰਡ ਦੀ ਸਰਪੰਚ ਸ੍ਰੀਮਤੀ ਕਮਲੇਸ਼ ਰਾਣੀ, ਸ੍ਰੀ ਪਰਗਟ ਸਿੰਘ, ਸ੍ਰੀ ਰੂਪ ਬਸੰਤ ਸਪੈਸ਼ਲ ਅਸਿਸਟੈਂਟ ਯੂਕੋ ਬੈਂਕ ਜਲੰਧਰ, ਸ੍ਰੀ ਪ੍ਰੇਮ ਪਾਲ ਸਾਬਕਾ ਡਾਇਰੈਕਟਰ ਰੂਡਸੈਟ, ਪਾਸਟਰ ਰਮੇਸ਼ ਕੁਮਾਰ ਸ਼ੈਫਰਡ ਚਰਚ ਮਾਣਕੋ, ਸ੍ਰੀਮਤੀ ਸ਼ਰਨਜੀਤ ਕੌਰ ਪੰਚ, ਕਮਲਜੀਤ ਸਿੰਘ ਪੰਚ, ਮੈਡਮ ਕਵਿਤਾ ਮਹਾਜਨ ਗੈਸਟ ਫਕੈਲਟੀ ਰੂਡਸੈਟ ਸੰਸਥਾ, ਸ੍ਰੀਮਤੀ ਸੁਰਜੀਤ ਕੌਰ, ਸ੍ਰੀਮਤੀ ਸੰਤੋਸ਼ ਕੁਮਾਰੀ ਮੈਂਬਰ ਗੁਰੂ ਰਵਿਦਾਸ ਮਿਸ਼ਨ ਅਤੇ ਵੈਲਫੇਅਰ ਸੁਸਾਇਟੀ ਮਾਣਕੋ, ਸ੍ਰੀ ਹਰਜਿੰਦਰ ਸਿੰਘ ਆਦਿ ਸ਼ਾਮਲ ਸਨ। ਇਸ ਮੌਕੇ ਲੜਕੀਆਂ ਵੱਲੋਂ ਗਿੱਧਾ, ਭੰਗੜਾ ਤੇ ਹੋਰ ਆਈਟਮਾਂ ਪੇਸ਼ ਕੀਤੀਆਂ ਗਈਆਂ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828








ਉਘੇ ਬਿਜਨਸਮੈਨ ਅਤੇ ਕਮਿਊਨਿਟੀ ਆਗੂ ਸ੍ਰੀ ਪਾਲ ਸਹੋਤਾ ਅਤੇ ਨਿਜਰ ਬੂਦਰਜ਼ ਅਤੇ ਹੋਰ ਸਾਥੀਆਂ ਵੱਲੋਂ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੇ ਪ੍ਰਬੰਧਕਾਂ ਨੂੰ ਸਫਲਤਾ ਪੂਰਵਕ ਵਿਸ਼ਵ ਕਬੱਡੀ ਕੱਪ ਆਯੋਜਿਤ ਕਰਨ ਦੀਆਂ ਲੱਖ-ਲੱਖ ਵਧਾਈਆਂ।

# ਲੁੱਟੇ-ਪੁੱਟੇ ਤੇ ਕੁੱਟੇ ਪਏ ਪੰਜਾਬ ਨੂੰ ਮੁੜ ਮਾਣ ਮੱਤਾ ਪ੍ਰਾਂਤ ਬਣਾਉਣ ਲਈ “ਆਪ” ਦਾ ਸਾਥ ਦਿਓ- ਗੁਰਪ੍ਰੀਤ ਘੁੱਗੀ

## ਫਰਿਜ਼ਨੋ ਸ਼ਹਿਰ ਦੇ ਭਰਵੇਂ ਇਕੱਠ ਨੂੰ ਮੋਹ ਲਿਆ ਆਪ ਆਗੂ ਨੇ, ਤਬਦੀਲੀ ਦੇਖਣ ਲਈ ਪ੍ਰਵਾਸੀ ਹੋਏ ਬਿਹਬਲ
























**ਫਰਿਜ਼ਨੋ (ਕੁਲਵੰਤ ਧਾਲੀਆਂ)-** ਪੰਜਾਬ ਨੂੰ ਰੰਗਲੇ ਤੋਂ ਕੰਗਲਾ ਬਣਾਉਣ ਲਈ ਅਕਾਲੀ ਅਤੇ ਕਾਂਗਰਸੀ ਦੋਵੇਂ ਹੀ ਬਰਾਬਰ ਜਿੰਮੇਵਾਰ ਹਨ। ਕਾਂਗਰਸ ਨੇ ਚਾਂਦੀ ਦੀ ਕਹੀ ਨਾਲ ਪੰਜਾਬ ਦਾ ਪਾਣੀ ਲਟਾਉਣ ਲਈ ਟੱਕ ਲਾਏ ਅਤੇ ਅਕਾਲੀਆਂ ਨੇ ਦੋਹਰਾ ਕਿਰਦਾਰ ਨਿਭਾਉਦਿਆਂ ਇੱਕ ਪਾਸੇ ਕਥਿਤ ਪਾਣੀ ਬਚਾਉਣ ਲਈ ਮੋਰਚੇ ਲਾਏ ਅਤੇ ਨਾਲ ਹੀ ਐਸ. ਵਾਈ. ਐਲ ਬਣਾਉਣ ਦੇ ਇਵਜ ਵਜੋਂ ਕਰੋੜਾਂ ਰੁਪਏ ਵਸੂਲ ਕਰ ਲਏ। ਇਸੇ ਕਾਰਨ ਹੁਣ ਇਹ ਦੋਵੇਂ ਇੱਕ ਸੁਰ ਹੋਕੇ ਕੇਜਰੀਵਾਲ ਸੋਚ ਦਾ ਵਿਰੋਧ ਕਰ ਰਹੇ ਹਨ, ਜੋ ਪੰਜਾਬ ਨੂੰ ਮੁੜ ਨੰਬਰ ਇੱਕ ਪ੍ਰਾਤ ਬਣਾਉਣ ਲਈ ਪੰਜਾਬੀਆਂ ਨੂੰ ਲਾਮ-ਬੰਦ ਕਰ ਰਹੀ ਹੈ। ਇਹਨਾਂ ਵਿਚਾਰਾ ਰਾਹੀ ਆਮ ਆਦਮੀਂ ਪਾਰਟੀ ਪੰਜਾਬ ਦੇ ਨਵ-ਨਿਯੁਕਤ ਕਨਵੀਨਰ ਸ੍ਰੀ ਗੁਰਪ੍ਰੀਤ ਸਿੰਘ ਘੁੱਗੀ ਨੇ ਸਥਾਨਕ ਪ੍ਰਵਾਸੀ ਪੰਜਾਬੀਆਂ ਦੇ ਇੱਕ ਭਰਵੇਂ ਇਕੱਠ ਨੂੰ ਜਜ਼ਬਾਤੀ ਅਪੀਲ ਕਰਦਿਆਂ ਆਖਿਆ ਕਿ ਬੇਸ਼ੱਕ 2017 ਦੀਆਂ ਚੋਣਾ ਨੂੰ ਆਮ ਚੋਣਾ ਹੀ ਕਿਹਾ ਜਾਂਦਾ ਹੈ, ਪਰ ਇਹ ਪੰਜਾਬ ਅਤੇ ਦੇਸ਼-ਵਿਦੇਸ਼ ਵੱਸਦੇ ਪੰਜਾਬੀਆਂ ਲਈ ਬਹੁਤ ਖਾਸ ਚੋਣਾ ਹਨ।

ਇਸ ਸਮੇ ਬੋਲਦਿਆਂ ਕਾਲਮ ਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਹੱਕਾ ਲਈ ਜਾਗਰਤ ਕਰਨ ਦਾ ਸਿਹਰਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜ਼ਰੀਵਾਲ ਸਿਰ ਜਾਂਦਾ ਹੈ, ਅਤੇ ਇਸੇ ਕਰਕੇ ਪੰਜਾਬ ਦਾ ਯੂਥ ਇੱਕ ਤੀਸਰੇ ਬਦਲ ਦੇ ਤੌਰ ਤੇ ਆਪ ਪਾਰਟੀ ਦੇ ਹੱਕ ਵਿੱਚ ਹੋ ਤੁਰਿਆ ਹੈ ਤੇ ਇਸ ਸੈਲਾਬ ਨੂੰ ਰੋਕਣਾ ਹੁਣ ਨਾਮੁਮਕਨ ਹੈ।

ਇਹਨੀਂ ਦਿਨੀਂ ਅਮਰੀਕਾ ਪਹੁੰਚੇ ਹੋਏ ਸ੍ਰੀ ਘੁੱਗੀ ਦੇ ਸਨਮਾਨ ਹਿਤ ਕੈਲੇਫੋਰਨੀਆਂ ਪ੍ਰਾਂਤ ਵਿਚਲਾ ਇਹ ਦੂਸਰਾ ਸਮਾਗਮ ਸੀ। ਜੋ ਫਰਿਜ਼ਨੋ ਸਿਟੀ ਦੇ ਨੇੜਲੇ ਸਹਿਰ ਕਲੋਵਸ ਦੇ ਰੀਜੈਂਸੀ ਪੈਲਿਸ ਵਿੱਚ ਅਯੋਜਿਤ ਕੀਤਾ ਗਿਆ। ਪਲੇਠਾ ਸਮਾਗਮ ਟਰੇਸੀ ਸਹਿਰ ਸਿਟੀ ਵਿੱਚ ਹੋਇਆ ਸੀ। ਦੂਰ ਦਰਾਜ ਦੇ ਸ਼ਹਿਰਾਂ ਤੋਂ ਚੱਲਕੇ ਆਏ ਪ੍ਰਵਾਸੀ ਭਾਰਤੀਆਂ ਨਾਲ ਖਚਾਖਚ ਭਰੇ ਹਾਲ ਵਿੱਚ ਸਭ ਤੋਂ ਪਹਿਲਾਂ ਪੱਤਰਕਾਰ ਨੀਟਾ ਮਾਛੀਕੇ ਨੇ ਭਾਵਪੂਰਤ ਸੰਜੀਦਾ ਸ਼ਬਦਾਂ ਰਾਹੀਂ ਸ੍ਰੀ ਗੁਰਪ੍ਰੀਤ ਸਿੰਘ ਘੁੱਗੀ ਦਾ ਸਵਾਗਤ ਕਰਦਿਆਂ ਆਖਿਆ ਕਿ ਤੁਸੀਂ ਬਤੌਰ ਕਲਾਕਾਰ ਪੰਜਾਬੀਆਂ ਦੇ ਦਿਲਾਂ ਵਿੱਚ ਪਹਿਲੋਂ ਤੋਂ ਵਸਦੇ ਹੋਂ। ਉਮੀਦ ਕਰਦੇ ਹਾਂ ਕਿ ਹੁਣ ਤੁਸੀਂ ਸਿਆਸੀ ਜਿੰਮੇਵਾਰੀਆਂ ਵੀ ਬਾਖੂਬੀ ਨਿਭਾਉਗੇ।

ਕਣਕ ਝੋਨੇ ਦੇ ਫਸਲੀ ਚੱਕਰ ਵਾਂਗ ਅਕਾਲੀ ਤੇ ਕਾਂਗਰਸ ਪਾਰਟੀਆਂ ਤੋਂ ਨਿਯਾਤ ਪਾਉਣ ਲਈ ਬਿਹਬਲ ਦਿਖਾਈ ਦੇ ਰਹੇ ਆਪ ਸਮਰੱਥਕਾਂ ਨੇ ਇਸ ਮੌਕੇ ਸ੍ਰੀ ਘੁੱਗੀ ਸਾਹਮਣੇ ਦਿਲੀ ਵਲਵਲੇ ਸਾਝੇ ਕਰਦਿਆਂ ਆਖਿਆ ਕਿ ਅਸੀਂ ਤਨ ਮਨ ਧਨ ਨਾਲ ਤੁਹਾਡੀ ਨਵੀਂ ਪਾਰਟੀ ਦਾ ਸਮਰਥਨ ਕਰ ਰਹੇ ਹਾਂ, ਤੁਸੀਂ ਆਪਣੇ ਪੰਜਾਬ ਨੂੰ ਮੁੜ ਮਾਣ ਮੱਤਾ ਪ੍ਰਾਂਤ ਬਣਾ ਦਿਉ। ਸਮਾਗਮ ਦੌਰਾਨ ਕੈਲੇਫੋਰਨੀਆਂ ਪ੍ਰਾਂਤ ਵਿੱਚ ਆਪ ਦੇ ਮੁਢਲੇ ਮੈਂਬਰ ਤੇ ਪ੍ਰਚਾਰਕ ਸਵ. ਸ੍ਰੀ ਪ੍ਰਾਣ ਕਰੂਪ ਬਾਰੇ ਡਾਕੂਮੈਂਟਰੀ ਫਿਲਮ ਵੀ ਵਿਖਾਈ ਗਈ ਅਤੇ ਪੱਤਰਕਾਰ ਨੀਟਾ ਮਾਛੀਕੇ ਦੇ ਮਾਤਾ ਜੀ ਬੀਬੀ ਮੁਖਤਿਆਰ ਕੌਰ ਧਾਲੀਵਾਲ, ਜੋ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਕੱਠ ਨੂੰ ਸੰਬੋਧਨ ਕਰਨ ਵਾਲਿਆ ਵਿੱਚ ਗੁਰਦੀਪ ਸ਼ੇਰਗਿੱਲ, ਸੁਖਬੀਰ ਭੰਡਾਲ, ਸੁਖਦੇਵ ਸਿੰਘ ਸਿੱਧੂ, ਹਰਮਨ ਗਿੱਲ, ਸਮਰਵੀਰ ਸਿੰਘ ਵਿਰਕ, ਗੁਰਨੇਕ ਸਿੰਘ ਬਾਗੜੀ, ਮਿੱਕੀ ਸਰਾਂ, ਅਜੀਤ ਸਿੰਘ ਭੱਠਲ, ਪਸ਼ੌਰਾ ਸਿੰਘ ਢਿੱਲੋਂ, ਰਣਜੀਤ ਗਿੱਲ, ਡਾ. ਮਲਕੀਤ ਸਿੰਘ ਕਿੰਗਰਾ, ਸ੍ਰੀਕਾਂਤ ਸੈਕਟਰੀ ਆਦਿ ਸ਼ਾਮਲ ਸਨ।

ਸਪਾਂਸਰ ਕਰਤਾ ਸਖਸ਼ੀਅਤਾਂ ਅਤੇ ਸਥਾਨਿਕ ਆਗੂਆਂ ਨੇ ਸ੍ਰੀ ਘੁੱਗੀ ਨੂੰ ਸਨਮਾਨ ਚਿੰਨ ਭੇਂਟ ਕੀਤਾ ਅਤੇ ਸਵਾਲ ਜਵਾਬ ਸੰਵਾਦ ਦੀ ਸਮਾਪਤੀ ਉਪਰੰਤ ਸਭ ਨੂੰ ਲੰਗਰ ਛਕਾਇਆ ਗਿਆ। ਇਸ ਸਾਰੇ ਪ੍ਰੋਗ੍ਰਾਮ ਦੇ ਯਾਦਗਾਰੀ ਪਲਾਂ ਦੀ ਵੀਡੀਓ ਫੋਟੋਗ੍ਰਾਫੀ ਸ੍ਰੀ ਸ਼ਿਆਰਾ ਸਿੰਘ ਢੀਡਸਾ ਓਮਨੀ ਵੀਡੀਓ ਬੇਕਰਸਫੀਲਡ ਨੇ ਕੀਤੀ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।*
*ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

## ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਰੰਗਾ ਸਿੰਘ


ਬੀਰ ਸਿੰਘ ਉਰਫ ਰੋੜਾ ਸਿੰਘ


ਉੱਤਮ ਸਿੰਘ


ਰੂੜ ਸਿੰਘ


ਈਸ਼ਰ ਸਿੰਘ


ਪ੍ਰੇਮ ਸਿੰਘ ਸੁਰਸਿੰਗ


ਇੰਦਰ ਸਿੰਘ ਪਾਦਰੀ

## ਐਤਵਾਰ, 2 ਅਕਤੂਬਰ, 2016
(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

## ਸਥਾਨ: ਐਸ.ਈ.ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ, ਐਲਕਗਰੋਵ,
ਸੈਕਰਾਮੈਂਟੋ, ਕੈਲੇਫੋਰਨੀਆ-95624

ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੂਏ ਹੈਂ, ਇਕ ਖੇਲ ਜਾਣਤੇ ਹੈ ਫਾਂਸੀ ਪੇ ਝੂਲ ਜਾਣਾ।

ਸਤਿਕਾਰਯੋਗ ਭੈਣੋ ਤੇ ਭਰਾਓ,

2016 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਹਨਾਂ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ। ਹੋਰ ਕੌਮੀ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਕੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।


ਮੁੱਖ ਕਲਾਕਾਰ
ਮਾਣਕ ਈ

ਪਹੁੰਚ ਰਹੇ ਕਲਾਕਾਰ
ਪੂਨਮ ਮਲਹੋਤਰਾ, ਜੀਵਨ ਰੱਤੂ, ਪੰਮੀ ਮਾਨ,
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ

**ਪੁੱਜ ਰਹੀਆਂ ਸਖਸ਼ੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਦੂਤ, ਬੀਬੀ ਕਰਨੈਲ ਕੌਰ ਈਸੜੂ।

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਦੀ
ਪ੍ਰਦਰਸ਼ਨੀ ਲਾਈ ਜਾਵੇਗੀ।
ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ

| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਐਸ ਐਸ ਸਿੱਧੂ | ਖਜ਼ਾਨਚੀ: ਕਰਮਜੀਤ ਸਿੰਘ ਕੰਗ | ਸਮਿੱਤਰ ਸਿੰਘ ਉੱਪਲ | ਬਲਜਿੰਦਰ ਸਿੰਘ ਭੱਟੀ | ਬਲਵੰਤ ਢਾਂਡਾ |
|---|---|---|---|---|---|
| 916-420-2390 | 661-302-5611 | 661-205-5214 | 530-695-1716 | 209-480-2275 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

ਡਾ. ਗੁਰਪ੍ਰੀਤ ਸਿੰਘ ਗਿੱਲ, ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਅੰਜਲਾ, ਵਿਨੋਦ ਕੰਬੋਜ, ਬੰਤ ਕਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਊਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੌਰ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਅੰਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲੂਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਬਾਂਦੀ।